13ਵਾਂ ਸਾਲ

# ਦੇਸ਼ ਦੁਆਬਾ


ਹਫਤਾਵਾਰੀ

VOL -13 ISSUE - 27
October 9, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਯਾਦ ਕਰਦਿਆਂ ਸਾਦਰ ਜੈ ਗੁਰਦੇਵ! ਜੈ ਭੀਮ!!

ਵਿਸ਼ੇਸ਼ ਸੰਪਾਦਕੀ ਦੇਖੋ ਸਫਾ 6 'ਤੇ)



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਰਿਓਲਿੰਡਾ) ਨੇ ਮਨਾਇਆ ਗੁਰੂ ਘਰ ਦਾ 32ਵਾਂ ਸਥਾਪਨਾ ਦਿਵਸ।

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 2-3 'ਤੇ)

# ਯੂਬਾ ਸਿਟੀ 'ਚ ਅਮਿੱਟ ਪੈੜਾਂ ਛੱਡ ਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਦਾ ਮੇਲਾ



"ਧੰਨ ਲਿਖਾਰੀ ਨਾਨਕਾ" ਨਾਟਕ ਦੇ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਡਾ. ਸਾਹਿਬ ਸਿੰਘ



ਗਦਰੀ ਬਾਬਾ ਪੂਰਨ ਸਿੰਘ ਸਿੰਘ ਦੀ ਦੋਹਤੀ ਅਤੇ ਦੋਹਤ-ਜਵਾਈ ਦਾ ਸਨਮਾਨ ਕਰਦੇ ਹੋਏ ਸ੍ਰੀ ਅਮਰੀਕ ਖਡਾਲੀਆ ਅਤੇ ਸ੍ਰੀ ਮੱਖਣ ਬਾਸੀ ਆਦਿ



ਡਾ. ਸਾਹਿਬ ਸਿੰਘ ਦਾ ਪ੍ਰਬੰਧਕ ਕਮੇਟੀ ਦੀਆਂ ਭੈਣਾਂ ਸਨਮਾਨ ਕਰਦੀਆਂ ਹੋਈਆਂ।

ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 27 ਤੋਂ 31 ਤੱਕ

## ਦਲਿਤਾਂ ਪ੍ਰਤੀ ਸੌੜੀ ਮਾਨਸਿਕਤਾ ਬਦਲਣ ਦੀ ਲੋੜ: ਮਾਇਆਵਤੀ



**ਨਵੀਂ ਦਿੱਲੀ (ਬਿਊਰੋ)-** ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਨੇ ਅੱਜ ਇਸ ਗੱਲ 'ਤੇ ਅਫਸੋਸ ਜ਼ਾਹਿਰ ਕੀਤਾ ਕਿ ਹਰਿਆਣਾ ਵਿੱਚ ਜਾਟ ਭਾਈਚਾਰੇ ਨੇ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਨੂੰ ਵੋਟ ਨਹੀਂ ਦਿੱਤੀ। ਉਨ੍ਹਾਂ ਨੂੰ ਲੱਗਦਾ ਹੈ ਕਿ ਦਲਿਤਾਂ ਬਾਰੇ ਜਾਟਾਂ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਦਲਿਤਾਂ ਪ੍ਰਤੀ ਜਾਟ ਭਾਈਚਾਰੇ ਦੀ ਮਾਨਸਿਕਤਾ ਬਦਲੀ ਹੈ ਪਰ ਹਰਿਆਣਾ ਵਿੱਚ ਅਜਿਹਾ ਹੋਣਾ ਅਜੇ ਬਾਕੀ ਹੈ। ਪਾਰਟੀ ਦੇ ਸੰਸਥਾਪਕ ਕਾਂਸ਼ੀਰਾਮ ਦੀ ਬਰਸੀ ਮਨਾਉਣ ਲਈ ਕੌਮੀ ਰਾਜਧਾਨੀ ਵਿੱਚ ਆਈ ਮਾਇਆਵਤੀ ਨੇ ਇਸ ਗੱਲ 'ਤੇ ਅਫਸੋਸ ਜ਼ਾਹਿਰ ਕੀਤਾ ਕਿ ਬਸਪਾ ਦਾ ਇਨੈਲੋ ਨਾਲ ਗੱਠਜੋੜ ਉਨ੍ਹਾਂ ਦੀ ਪਾਰਟੀ ਲਈ ਫਾਇਦੇਮੰਦ ਨਹੀਂ ਰਿਹਾ। ਮਾਇਆਵਤੀ ਨੇ ਕਿਹਾ ਕਿ ਭਾਜਪਾ ਨੂੰ ਹਰਾਉਣ ਅਤੇ ਉਸ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਹਰਿਆਣਾ ਵਿੱਚ ਜਾਟ ਭਾਈਚਾਰੇ ਨੇ ਕਾਂਗਰਸ ਨੂੰ ਵੋਟ ਦਿੱਤੀ ਪਰ ਇਸ ਪ੍ਰਕਿਰਿਆ ਵਿੱਚ ਉਨ੍ਹਾਂ ਨੇ ਬਪਸਾ ਨੂੰ ਛੱਡ ਦਿੱਤਾ।

## ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਅਤੇ ਹਰਿਆਣਾ 'ਚ ਭਾਜਪਾ ਦੀ ਹੈਟ੍ਰਿਕ

**ਜੰਮੂ/ਸ੍ਰੀਨਗਰ (ਬਿਊਰੋ)-** ਨੈਸ਼ਨਲ ਕਾਨਫਰੰਸ-ਕਾਂਗਰਸ ਗੱਠਜੋੜ ਨੇ ਜੰਮੂ ਕਸ਼ਮੀਰ ਅਸੈਂਬਲੀ ਦੀਆਂ 90 ਸੀਟਾਂ ਲਈ ਐਲਾਨੇ ਨਤੀਜਿਆਂ ਵਿਚ 48 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਫ਼ਾਰੂਕ ਅਬਦੁੱਲਾ ਦੀ ਅਗਵਾਈ ਵਾਲੀ ਪਾਰਟੀ 42 ਸੀਟਾਂ ਜਿੱਤ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਸਭ ਤੋਂ ਵੱਡੀ ਇਕਹਿਰੀ ਪਾਰਟੀ ਵਜੋਂ ਉਭਰੀ ਹੈ। ਦੂਜੇ ਪਾਸੇ ਹਰਿਆਣਾ ਵਿਚ ਭਾਜਪਾ ਨੇ ਲਗਾਤਾਰ ਤੀਜੀ ਵਾਰ ਜਿੱਤ ਦਰਜ ਕਰਨ ਦਾ ਰਿਕਾਰਡ ਬਣਾਇਆ ਹੈ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ "ਹੈਰਾਨੀਜਨਕ" ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੀਆਂ ਸ਼ਿਕਾਇਤਾਂ ਚੋਣ ਕਮਿਸ਼ਨ ਦੇ ਧਿਆਨ ਵਿੱਚ ਕਰਵਾਈਆਂ ਜਾਣਗੀਆਂ। ਕਾਂਗਰਸੀ ਆਗੂ ਨੇ ਜੰਮੂ-ਕਸ਼ਮੀਰ ਦੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਸੂਬੇ 'ਚ ਭਾਰਤ ਦੀ ਜਿੱਤ ਨੂੰ ਸੰਵਿਧਾਨ ਅਤੇ ਲੋਕਤੰਤਰੀ ਸਵੈ-ਮਾਣ ਦੀ ਜਿੱਤ ਦੱਸਿਆ। ਰਾਹੁਲ ਗਾਂਧੀ ਨੇ 'ਐਕਸ' ਤੇ ਲਿਖਿਆ ਕਿ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਰਾਜ ਵਿੱਚ ਭਾਰਤ ਦੀ ਜਿੱਤ ਸੰਵਿਧਾਨ ਦੀ ਜਿੱਤ ਹੈ, ਲੋਕਤੰਤਰੀ ਸਵੈ-ਮਾਣ ਦੀ ਜਿੱਤ ਹੈ। ਹਰਿਆਣਾ ਦੇ ਚੋਣ ਨਤੀਜਿਆਂ ਸਬੰਧੀ ਉਨ੍ਹਾਂ ਲਿਖਿਆ ਕਿ ਅਸੀਂ ਅਣਕਿਆਸੇ ਨਤੀਜਿਆਂ ਦਾ ਵਿਸ਼ਲੇਸ਼ਣ ਕਰ ਰਹੇ ਹਾਂ।





ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਗੰਦਰਬਲ ਤੇ ਬਡਗਾਮ ਦੋਵਾਂ ਹਲਕਿਆਂ ਤੋਂ ਚੋਣ ਜਿੱਤ ਗਏ। ਕਾਂਗਰਸ ਦੇ ਹਿੱਸੇ 6 ਸੀਟਾਂ ਆਈਆਂ, ਜਿਨ੍ਹਾਂ ਵਿਚੋਂ ਪੰਜ ਵਾਦੀ ਤੇ ਇਕ ਸੀਟ ਜੰਮੂ ਖਿੱਤੇ ਦੀ ਹੈ। ਉਧਰ ਜੰਮੂ ਕਸ਼ਮੀਰ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਨਾ ਨੌਸ਼ਹਿਰਾ ਹਲਕੇ ਤੋਂ ਚੋਣ ਹਾਰ ਗਏ ਪਰ ਭਾਜਪਾ 29 ਸੀਟਾਂ ਨਾਲ ਜੰਮੂ ਦੇ ਆਪਣੇ ਮਜ਼ਬੂਤ ਗੜ੍ਹ ਨੂੰ ਬਚਾਉਣ ਵਿਚ ਕਾਮਯਾਬ ਰਹੀ ਹੈ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੀ ਅਗਵਾਈ ਵਾਲੀ ਪੀਡੀਪੀ ਨੇ ਤਿੰਨ ਸੀਟਾਂ ਜਿੱਤੀਆਂ।

ਮੁਫ਼ਤੀ ਦੀ ਧੀ ਇਲਤਿਜਾ ਮੁਫ਼ਤੀ ਹਾਲਾਂਕਿ ਬਿਜਬੇਹੜਾ ਤੋਂ ਚੋਣ ਹਾਰ ਗਈ। ਸੀਪੀਆਈ (ਐੱਮ) ਆਗੂ ਐੱਮਵਾਈ ਤਾਰੀਗਾਮੀ ਲਗਾਤਾਰ ਪੰਜਵੀਂ ਵਾਰ ਕੁਲਗਾਮ ਸੀਟ ਤੋਂ ਜੇਤੂ ਰਹੇ। ਸੱਤ ਆਜ਼ਾਦ ਉਮੀਦਵਾਰ ਵੀ ਚੋਣ ਜਿੱਤ ਗਏ। ਆਮ ਆਦਮੀ ਪਾਰਟੀ ਨੇ ਡੋਡਾ ਸੀਟ ਜਿੱਤ ਕੇ ਜੰਮੂ ਕਸ਼ਮੀਰ ਵਿਚ ਆਪਣਾ ਖਾਤਾ ਖੋਲ੍ਹਿਆ। ਭਾਜਪਾ ਉਮੀਦਵਾਰ ਦੇਵੇਂਦਰ ਰਾਣਾ ਨਗਰੋਟਾ ਹਲਕੇ ਤੋਂ ਸਭ ਤੋਂ ਵੱਡੇ ਫ਼ਰਕ ਨਾਲ ਜੇਤੂ ਰਹੇ ਜਦੋਂਕਿ ਪੀਡੀਪੀ ਦੇ ਤਰਾਲ ਤੋਂ ਉਮੀਦਵਾਰ ਰਫ਼ੀਕ ਅਹਿਮਦ ਨਾਇਕ ਨੇ ਸਭ ਤੋਂ ਘੱਟ ਫ਼ਰਕ ਨਾਲ ਜਿੱਤ ਦਰਜ ਕੀਤੀ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 32ਵਾ ਸਥਾਪਨਾ ਦਿਵਸ ਸ਼ਰਧਾ ਪੂਰਵਕ ਮਨਾਇਆ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'



ਸ੍ਰੀ ਗੁਰੂ ਰਵਿਦਾਸ ਟੈਂਪਲ ਦੇ ਨਵੇਂ ਲੰਗਰ ਹਾਲ ਦਾ ਰਾਤ ਦਾ ਇਕ ਦ੍ਰਿਸ਼




ਸ੍ਰੀ ਗੁਰੂ ਰਵਿਦਾਸ ਟੈਂਪਲ ਦੇ ਨਵੇਂ ਲੰਗਰ ਹਾਲ ਦਾ ਰਾਤ ਦਾ ਇਕ ਦ੍ਰਿਸ਼

**ਸੈਕਰਾਮੈਂਟੋ (ਪ੍ਰੇਮ ਕੁਮਾਰ ਚੁੰਬਰ)-** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 32ਵਾਂ ਸਥਾਪਨਾ ਦਿਵਸ ਬਹੁਤ ਹੀ ਸ਼ਰਧਾ ਪੂਰਵਕ ਸਤੰਬਰ 27, 28, 29 ਨੂੰ ਮਨਾਇਆ ਗਿਆ।

ਇਸ ਸਬੰਧਤ 27 ਸਤੰਬਰ 2024 ਨੂੰ ਅਖੰਡ ਪਾਠ ਆਰੰਭ ਹੋਏ ਅਤੇ ਸ਼ਾਮ ਦੇ ਕੀਰਤਨ ਦੀਵਾਨ ਸਜਾਏ ਗਏ, ਜਿਸ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਹਨਾਂ ਵਿਚ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਤੋਂ ਇਲਾਵਾ ਭਾਈ ਜੀਵਨ ਸਿੰਘ, ਭਾਈ ਮਨੋਹਰ ਸਿੰਘ, ਭਾਈ ਅਮ-ਰਜੀਤ ਸਿੰਘ ਆਦਿ ਦੇ ਨਾਂ ਵਰਣਨਯੋਗ ਹਨ।

ਗੁਰੂ ਘਰ ਦੇ 32ਵੇਂ ਸਥਾਪਨਾ ਦਿਵਸ ਦੇ ਸ਼ੁਭ ਅਵਸਰ 'ਤੇ 28 ਸਤੰਬਰ ਨੂੰ ਬਾਅਦ ਦੁਪਹਿਰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਇਸ ਉਪਰੰਤ ਸ਼ਾਮ ਦੇ ਕੀਰਤਨ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ ਕੀਰਤਨੀ ਜਥਾ ਭਾਈ ਸਿਮਰਪ੍ਰੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ( ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ, ਮਨ-ਚਿਤ ਦੀ ਇਕਾਗਰਤਾ ਨਾਲ ਆਨੰਦਮਈ ਰਸਭਿੰਨਾ ਸ਼ਬਦ ਗਾਇਨ ਸਰਵਣ ਕੀਤਾ।

ਗੁਰੂ ਘਰ ਦੇ 32ਵੇਂ ਸਥਾਪਨਾ ਦਿਵਸ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਸ ਸ਼ੁਭ ਅਵਸਰ ਤੇ ਗੁਰੂ ਘਰ ਦੀ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਜੋ ਮੁੱਖ ਕਾਰਜ ਲੰਗਰ ਤਿਆਰ ਕਰਨ ਦਾ ਸੀ, ਉਹ ਤਿਆਰ ਹੋ ਗਿਆ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੇ ਸ੍ਰੀ ਅਖੰਡ ਪਾਠ ਇਸੇ ਵੱਡੇ ਆਕਾਰ ਦੇ ਅਤੀ ਸੁੰਦਰ ਲੰਗਰ ਹਾਲ ਵਿਚ ਰੱਖੇ ਗਏ ਅਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

29 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦਿਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਰਾਗੀ ਜਥੇ ਤੋਂ ਇਲਾਵਾ ਭਾਈ ਸਿਮਰਪ੍ਰੀਤ ਸਿੰਘ ਜੀ ਦੇ ਜਥੇ ਆਦਿ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ 32ਵੇਂ ਸਥਾਪਨਾ ਦਿਵਸ ਦੀ ਸੇਵਾ ਗੁਰੂ ਘਰ ਦੇ ਅਨਿਨ ਸੇਵਕ ਸਰਵਸ੍ਰੀ ਸੁਭਾਸ਼ ਬੰਗਾ (ਜੌਨ ਬੰਗਾ) ਅਤੇ ਬੰਗਾ ਪਰਿਵਾਰ, ਅਵਤਾਰ ਸਿੰਘ ਜੱਸਲ ਅਤੇ ਜੱਸਲ ਪਰਿਵਾਰ ਅਤੇ ਦੀਪਕ ਪ੍ਰਸ਼ਾਰ ਅਤੇ ਪ੍ਰਸ਼ਾਰ ਪਰਿਵਾਰ ਵੱਲੋਂ ਸਨਿਮਰਤਾ ਨਾਲ ਨਿਭਾਈ ਗਈ। ਸਟੇਜ ਦੀ ਸੇਵਾ ਬਖ਼ੂਬੀ ਨਾਲ ਸ੍ਰੀ ਬਲਜੀਤ ਸਿੰਘ ਨੇ ਨਿਭਾਉਂਦਿਆਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ 32ਵੇਂ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਉਹਨਾਂ ਸਾਰੇ ਸਮੂਹ ਪਰਿਵਾਰਾਂ ਦਾ ਸ਼ੁਕਰਾਨਾ ਕੀਤਾ, ਜਿਹਨਾਂ ਇਸ ਮੌਕੇ ਨਿਮਾਣੇ ਹੋ ਕੇ ਸੇਵਾ ਨਿਭਾਈ, ਜਿਹਨਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ, ਲੰਗਰ ਦੀ ਸੇਵਾ, ਨਿਸ਼ਾਨ ਸਾਹਿਬ ਦੀ ਸੇਵਾ, ਲੰਗਰ ਸਟਾਲਾਂ ਦੀ ਸੇਵਾ ਬੁੱਕ ਸਟਾਲ ਦੀ ਸੇਵਾ ਅਤੇ ਮੀਡੀਏ ਦੀ ਸੇਵਾ ਆਦਿ ਦਾ ਧੰਨਵਾਦ ਕੀਤਾ। ਇੱਥੇ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਬਣਦਾ ਹੈ ਕਿ ਅਦਾਰਾ 'ਦੇਸ਼ ਦੁਆਬਾ' ਦਾ ਪ੍ਰਤੀਨਿਧੀ ਜਿਹਨਾਂ ਨੂੰ ਮਿਲ ਸਕਿਆ ਜੋ ਇਸ ਸ਼ੁਭ ਅਵਸਰ ਤੇ ਗੁਰੂ ਘਰ ਦੀ ਸਥਾਪਨਾ ਕਰਨ ਵਾਲੇ ਜਾਂ ਲੰਬੇ ਅਰਸੇ ਤੋਂ ਲਗਾਤਾਰ ਜੁੜੇ ਹੀ ਨਹੀਂ ਬਲਕਿ ਗੁਰੂ ਘਰ ਦੀਆਂ ਕਮੇਟੀਆਂ 'ਚ ਰਹਿ ਕੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਉਹਨਾਂ ਵਿਚ ਸਰਵਸ੍ਰੀ ਪਰਮਜੀਤ ਭੁੱਟਾ, ਕੇਵਲ ਬੋਲੀਨਾ, ਰਮੇਸ਼ ਬੰਗੜ, ਜੋਗਿੰਦਰ ਚੁੰਬਰ, ਗਿਆਨ ਚੰਦ ਕਾਜਲਾ, ਹੰਸ ਰਾਜ ਕਾਂਜਲਾ, ਮਹਿੰਦਰ ਸਿੰਘ ਧਾਮੀ, ਜਸਵੰਤ ਸ਼ੀਹਮਾਰ, ਜੀਵਨ ਰੱਤੂ, ਰਾਜ ਸੂਦ, ਰਾਜ ਬੱਧਣ, ਇੰਦਰਜੀਤ ਪੜਬੱਗਾ ਆਦਿ। ਇਹਨਾਂ ਸਭਨਾਂ ਨੇ ਵਧਾਈ ਦਿੰਦਿਆਂ ਚੰਗੇ ਕਾਰਜ ਦੀ ਸਰਾਹਨਾ ਕੀਤੀ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 32ਵਾ ਸਥਾਪਨਾ ਦਿਵਸ ਸ਼ਰਧਾ ਪੂਰਵਕ ਮਨਾਇਆ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'



### ਅਮਰੀਕੀ ਰਾਸ਼ਟਰਪਤੀ ਚੋਣਾਂ

# ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਸਖਤ ਚੁਣੌਤੀ ਦਾ ਸਾਹਮਣਾ ਦੇਸ਼ ਠੀਕ ਦਿਸ਼ਾ ਵੱਲ ਜਾ ਰਿਹਾ ਹੈ, ਨੂੰ ਮੰਨਣ ਵਾਲੇ ਲੋਕਾਂ ਦਾ ਗਰਾਫ਼ ਹੇਠਾਂ ਡਿੱਗਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹਾਲਾਂ ਕਿ ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵਿਚਾਲੇ ਫਸਵਾਂ ਮੁਕਾਬਲਾ ਹੈ ਪਰੰਤੂ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਹੈਰਿਸ ਲਈ ਵੱਡੀ ਚੁਣੌਤੀ ਉਹ ਲੋਕ ਹਨ ਜੋ ਸੋਚਦੇ ਹਨ ਕਿ ਇਸ ਸਮੇ ਦੇਸ਼ ਸਹੀ ਦਿਸ਼ਾ ਵੱਲ ਨਹੀਂ ਜਾ ਰਿਹਾ। ਇਨਾਂ ਲੋਕਾਂ ਦਾ ਮੰਨਣਾ ਹੈ ਕਿ ਦੇਸ਼ ਭਟਕ ਗਿਆ ਹੈ। ਹੈਰਿਸ ਲਈ ਇਹ ਲੋਕ ਵੱਡੀ ਚੁਣੌਤੀ ਬਣ ਸਕਦੇ ਹਨ। ਇਕ ਤਾਜ਼ਾ ਸਰਵੇ ਵਿਚ ਅਮਰੀਕੀਆਂ ਨੂੰ ਪੁੱਛਿਆ ਗਿਆ ਕਿ ਕੀ ਦੇਸ਼ ਸਹੀ ਦਿਸ਼ਾ ਜਾਂ ਗਲਤ ਪੱਟੜੀ 'ਤੇ ਜਾ ਰਿਹਾ ਹੈ ਤਾਂ ਇਸ




ਦੇ ਨਤੀਜੇ ਜੋ ਆਏ ਉਹ ਸਪੱਸ਼ਟ ਤੌਰ 'ਤੇ ਡੈਮੋਕਰੈਟਿਕ ਉਮੀਦਵਾਰ ਲਈ ਚੁਣੌਤੀ ਬਣ ਸਕਦੇ ਹਨ। ਐਨ ਬੀ ਸੀ ਨਿਊਜ਼ ਦੇ ਤਾਜ਼ਾ ਸਰਵੇ ਅਨੁਸਾਰ ਕੇਵਲ 28% ਅਮਰੀਕੀਆਂ ਦਾ ਵਿਸ਼ਵਾਸ਼ ਹੈ ਕਿ ਇਸ ਸਮੇ ਦੇਸ਼ ਦੀ ਦਿਸ਼ਾ ਠੀਕ ਹੈ। 2021 ਵਿਚ ਜਦੋਂ ਜੋ ਬਾਈਡਨ ਨੇ ਚੋਣ ਜਿੱਤੀ ਸੀ ਤਾਂ ਉਸ ਸਮੇ ਇਹ ਪ੍ਰਤੀਸ਼ਤ 40% ਸੀ । ਕੋਈ ਵੀ ਸੱਤਾਧਾਰੀ ਪਾਰਟੀ ਇਹ ਨਹੀਂ ਚਾਹੇਗੀ ਕਿ ਜਦੋਂ ਚੋਣਾਂ ਵਿਚ ਕੇਵਲ ਇਕ ਮਹੀਨਾ ਰਹਿੰਦਾ ਹੋਵੇ ਤਾਂ ਲੋਕ ਉਸ ਬਾਰੇ ਨਾਕਾਰਤਮਿਕ ਸੋਚਣ। 1980 ਤੋਂ ਬਾਅਦ ਉਹ ਹੀ ਸੱਤਾਧਾਰੀ ਪਾਰਟੀ ਚੋਣ ਜਿੱਤਦੀ ਆਈ ਹੈ ਜਿਸ ਬਾਰੇ ਔਸਤ 42% ਅਮਰੀਕੀਆਂ ਨੇ ਕਿਹਾ ਸੀ ਕਿ ਉਹ ਦੇਸ਼ ਨੂੰ ਸਹੀ ਦਿਸ਼ਾ ਵੱਲ ਲਿਜਾ ਰਹੀ ਹੈ। ਰਾਜਾਂ ਨੂੰ ਨੇੜਿਉਂ ਘੋਖਣ ਤੋਂ ਬਾਅਦ ਇਹ ਸਪੱਸ਼ਟ ਹੋਇਆ ਹੈ ਕਿ ਇਕ ਵੀ ਅਜਿਹੀ ਉਦਾਹਰਣ ਨਹੀਂ ਹੈ ਕਿ ਜਦੋਂ ਕੋਈ ਸੱਤਾਧਾਰੀ ਪਾਰਟੀ ਉਸ ਸਮੇ ਮੁੜ ਚੋਣ ਜਿੱਤੀ ਹੋਵੇ ਜਦੋਂ 39% ਤੋਂ ਘੱਟ ਲੋਕਾਂ ਨੇ ਕਿਹਾ ਹੋਵੇ ਕਿ ਦੇਸ਼ ਦੀ ਦਿਸ਼ਾ ਠੀਕ ਹੈ। ਕਮਲਾ ਹੈਰਿਸ ਲਈ 28% ਦਾ ਅੰਕੜਾ ਪ੍ਰੇਸ਼ਾਨ ਕਰਨ ਵਾਲਾ ਹੈ।


## ਕੰਨਿਆਂ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ +1-510-200-1772 'ਤੇ ਫੋਨ ਕਰੋ।


## ਭੰਤੇ ਦਰਸ਼ਨਦੀਪ ਮਹਾਥੇਰੋ 'ਤੇ ਭੰਤੇ ਪ੍ਰਗਿਆ ਬੋਧੀ ਥੇਰੋ ਧੰਮ ਚੱਕਰ ਪ੍ਰਵਰਤਨ ਦਿਵਸ ਸਮਾਗਮ 'ਚ ਦੇਣਗੇ ਧੰਮ ਦੇਸ਼ਨਾ





**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ 14 ਅਕਤੂਬਰ, 2024 ਨੂੰ ਅੰਬੇਡਕਰ ਭਵਨ, ਡਾ। ਅੰਬੇਡਕਰ ਮਾਰਗ, ਜਲੰਧਰ ਵਿਖੇ ਆਯੋਜਿਤ ਕੀਤੇ ਜਾ ਰਹੇ 'ਧੰਮ ਚੱਕਰ ਪ੍ਰਵਰਤਨ' ਦਿਵਸ ਸਮਾਗਮ ਵਿੱਚ ਤਕਸ਼ਿਲਾ ਮਹਾਬੁੱਧ ਵਿਹਾਰ, ਲੁਧਿਆਣਾ ਤੋਂ ਮਾਨਯੋਗ ਭੰਤੇ ਦਰਸ਼ਨਦੀਪ ਮਹਾਥੇਰੋ ਅਤੇ ਮਾਨਯੋਗ ਭੰਤੇ ਪ੍ਰਗਿਆ ਬੋਧੀ ਥੇਰੋ ਜੀ ਧੰਮ ਦੇਸ਼ਨਾ ਦੇਣਗੇ। ਧੰਮ ਚੱਕਰ ਪ੍ਰਵਰਤਨ ਦਿਵਸ ਸਮਾਗਮ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਹਰ ਸਾਲ ਬੜੇ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਅੰਬੇਡਕਰ ਭਵਨ ਵਿਖੇ ਵਿਸ਼ਾਲ ਪੱਧਰ ਤੇ ਮਨਾਉਂਦੀ ਹੈ। ਇਸ ਦਿਨ ਯਾਨੀ ਕਿ 14 ਅਕਤੂਬਰ 1956 ਨੂੰ ਲਤਾੜੇ ਹੋਏ ਲੋਕਾਂ ਦੇ ਮਸੀਹਾ, ਨਾਰੀ ਜਾਤੀ ਦੇ ਮੁਕਤੀ ਦਾਤਾ, ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਅਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮਰਾਓ ਅੰਬੇਡਕਰ ਨੇ ਆਪਣੇ ਲੱਖਾਂ ਸ਼ਰਧਾਲੂਆਂ ਨਾਲ ਨਾਗਪੁਰ ਵਿਖੇ ਭੰਤੇ ਚੰਦਰਮਣੀ (ਕੁਸ਼ੀਨਾਰਾ) ਤੋਂ ਬੁੱਧ ਧੰਮ ਦੀ ਦੀਕਸ਼ਾ ਲਈ ਸੀ 'ਤੇ ਦੀਕਸ਼ਾ ਗ੍ਰਹਿਣ ਕਰਨ ਤੋਂ ਬਾਅਦ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਅੱਜ ਮੇਰਾ ਨਵਾਂ ਜਨਮ ਹੋਇਆ ਹੈ ਅਤੇ ਮੈਂ ਨਰਕ ਤੋਂ ਛੁੱਟਿਆ ਹਾਂ। ਇਸ ਸਮਾਗਮ ਵਿੱਚ ਉੱਘੇ ਅੰਬੇਡਕਰਵਾਦੀ ਅਤੇ ਬੋਧੀ, ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜੇਸ਼ਨਜ਼ (FABO) ਦੇ ਇੰਟਰਨੈਸ਼ਨਲ ਕੋਆਰਡੀਨੇਟਰ ਡਾ। ਹਰਬੰਸ ਵਿਰਦੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਹਨ। ਹੋਰ ਵੀ ਵਿਦਵਾਨ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਨਗੇ। ਸਮਾਗਮ ਉਪਰੰਤ ਲੰਗਰ ਦਾ ਪ੍ਰਬੰਧ ਹੋਵੇਗਾ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ, ਪ੍ਰੋਫੈਸਰ ਅਰਿੰਦਰ ਸਿੰਘ, ਨਿਰਮਲ ਸਿੰਘ ਬਿੰਜੀ ਅਤੇ ਡਾ. ਮਹਿੰਦਰ ਸੰਧੂ ਆਦਿ ਹਾਜ਼ਰ ਸਨ।

## ਵਿਪਸਾਅ ਵੱਲੋਂ 17 ਨਵੰਬਰ 2024 ਨੂੰ ਕਰਵਾਈ ਜਾ ਰਹੀ ਅੰਤਰ ਰਾਸ਼ਟਰੀ ਕਾਨਫ਼ਰੰਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

**ਹੇਵਰਡ–** ਬੀਤੇ ਦਿਨੀਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਵੱਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਚੌਵੀਵੀਂ (24) ਕਾਨਫ਼ਰੰਸ ਦੀਆਂ ਤਿਆਰੀਆਂ ਸੰਬੰਧੀ ਕਾਰਜਕਾਰਨੀ ਦੀ ਮੀਟਿੰਗ ਬੁਲਾਈ ਗਈ। ਇਹ ਕਾਨਫ਼ਰੰਸ 17 ਨਵੰਬਰ 20024 ਨੂੰ 5774 ਮਹਿਰਾਨ ਰੈਸਟੋਰੈਂਟ ਨਿਵਾਰਕ/ਫਰੀਮੌਂਟ ਵਿਖੇ ਕਰਵਾਈ ਜਾ ਰਹੀ ਹੈ ਜੋ ਕਿ ਪਦਮ ਸ੍ਰੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ। ਅਮਰੀਕਾ, ਭਾਰਤ ਅਤੇ ਹੋਰ ਦੇਸਾਂ ਤੋਂ ਲੇਖਕ ਅਤੇ ਅਲੋਚਕ ਹਿੱਸਾ ਲੈ ਰਹੇ ਹਨ। ਮੀਟਿੰਗ ਵਿੱਚ ਕਾਨਫ਼ਰੰਸ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਅਹਿਮ ਫ਼ੈਸਲੇ ਲਏ ਗਏ। ਮਹਿਮਾਨਾਂ ਅਤੇ ਸਪਾਂਸਰਾਂ ਦੀ ਸੂਚੀ ਤਿਆਰ ਕੀਤੀ ਗਈ।

**ਲਾਜ ਨੀਲਮ ਸੈਣੀ (ਸਾਹਿਤ ਸਕੱਤਰ)**


SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español


We Speak English, Spanish & Punjabi


We Provide Towing & 24/7 Mobile Road Services For All Autos, Trucks & Trailers

Open Monday to Saturday

Com-Check T-Check EFS Check

ACCEPTED HERE VISA MasterCard AMERICAN EXPRESS DISCOVER NETWORK





209-239-1551

1003 MOFFAT BLVD., MANTECA, CA 95336

# ਆਈਵੀਸੀਸੀ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਦੋਵਾਂ ਸੰਸਥਾਵਾਂ ਦਾ ਪੁਰਸਕਾਰ ਪ੍ਰਾਪਤ ਕੀਤਾ







ਅਮਰੀਕਨ ਸੀਨੀਅਰਜ਼ ਦੇ ਚੇਅਰ ਅਤੇ ਇੰਡਸ ਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ (ਆਈਵੀਸੀਸੀ) ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਦੋਵਾਂ ਸੰਸਥਾਵਾਂ ਦੀ ਬੇਮਿਸਾਲ ਕਮਿਊਨਿਟੀ ਸੇਵਾ ਲਈ ਮਾਣ ਨਾਲ ਇੱਕ ਪੁਰਸਕਾਰ ਸਵੀਕਾਰ ਕੀਤਾ ਅਤੇ ਸੈਕਰਾਮੈਂਟੋ ਵੈਲੀ ਵਿੱਚ ਖੇਡਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਇਨਾਮ ਸ਼ਹੀਦ ਬਾਬਾ ਦੀਪ ਸਿੰਘ ਜੀ ਬਰੈਡਸ਼ਾਅ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਕਬੱਡੀ ਟੂਰਨਾਮੈਂਟ ਦੌਰਾਨ ਪ੍ਰਦਾਨ ਕੀਤੇ ਗਏ। ਇਹ ਇਵੈਂਟ ਇੱਕ ਸ਼ਾਨਦਾਰ ਸਫਲਤਾ ਸੀ, ਜਿਸ ਵਿੱਚ 1,000 ਤੋਂ ਵੱਧ ਲੋਕਾਂ ਨੇ ਹਾਜ਼ਰੀ ਭਰੀ, ਜੋ ਸਾਰੇ ਭਾਈਚਾਰੇ ਦੇ ਸਮਰਥਨ ਅਤੇ ਸ਼ਮੂਲੀਅਤ ਨੂੰ ਦਰਸਾਉਂਦਾ ਹੈ। ਅਮਰੀਕਨ ਸੀਨੀਅਰਜ਼ ਅਤੇ ਆਈ.ਵੀ.ਸੀ.ਸੀ. ਦੋਵੇਂ ਖੇਤਰਾਂ ਵਿੱਚ ਸਰੀਰਕ ਤੰਦਰੁਸਤੀ ਅਤੇ ਕਮਿਊਨਿਟੀ ਬਿਲਡਿੰਗ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਵਿੱਚ ਡੂੰਘੀ ਸ਼ਮੂਲੀਅਤ ਕਰ ਰਹੇ ਹਨ, ਸੁਖਚੈਨ ਸਿੰਘ ਨੇ ਸਮਾਗਮ ਦੇ ਪ੍ਰਬੰਧਕਾਂ ਖਾਸ ਤੌਰ 'ਤੇ ਗੁਰਦੇਵ ਸਿੰਘ ਤੂਰ ਅਤੇ ਗੁਰਮੀਤ ਵੜੈਚ ਅਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦੋਵਾਂ ਸੰਸਥਾਵਾਂ ਦੇ ਯਤਨਾਂ ਦਾ ਸਮਰਥਨ ਕੀਤਾ, ਇਹ ਦੱਸਦੇ ਹੋਏ, "ਸਾਨੂੰ ਮਾਨਤਾ ਪ੍ਰਾਪਤ ਹੋਣ ਨਾਲ ਮਾਣ ਮਹਿਸੂਸ ਹੋਇਆ ਹੈ ਅਤੇ ਅਸੀਂ ਇਸ ਰਾਹੀਂ ਭਾਈਚਾਰੇ ਦੀ ਮਜ਼ਬੂਤ ਭਾਵਨਾ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਾਂਗੇ।

## ਨਰਿੰਦਰ ਸਿੰਘ ਥਾਂਦੀ ਬਣੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਦੀ ਕਮੇਟੀ ਦੇ ਪ੍ਰਧਾਨ



ਅਮਰੀਕਾ ਦੇ ਕੈਲੇਫੋਰਨੀਆਂ ਸਟੇਟ ਦੀ ਰਾਜਧਾਨੀ ਸੈਕਰਾਮੈਂਟੋ ਸ਼ਹਿਰ ਦੇ ਪੰਜਾਬੀ ਪ੍ਰਵਾਸੀ ਭਾਈ ਚਾਰੇ ਵਿਚ ਉਦੋਂ ਖੁਸ਼ੀ ਦੀ ਲਹਿਰ ਫੈਲ ਗਈ ਜਦੋਂ ਸਥਾਨਕ ਸਿੱਖ ਭਾਈਚਾਰੇ ਦੀ ਸਨਮਾਨਯੋਗ ਸਖਸ਼ੀਅਤ ਸਰਦਾਰ ਨਰਿੰਦਰ ਸਿੰਘ ਥਾਂਦੀ ਨੂੰ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਦਾ ਮੁੱਖ ਸੇਵਾਦਾਰ ਥਾਪਿਆ ਗਿਆ। ਮਾਨਵ ਸੇਵਾ ਅਤੇ ਸਿੱਖ ਪੰਥ ਦੇ ਧਾਰਮਿਕ ਕਾਰਜਾਂ ਵਿਚ ਮੋਹਰੀ ਰੋਲ ਨਿਭਾਉਂਦੇ ਆ ਰਹੇ ਸਰਦਾਰ ਨਰਿੰਦਰ ਸਿੰਘ ਥਾਂਦੀ ਆਪਣੇ ਟ੍ਰਾਂਸਪੋਰਟ ਬਿਜਨੈਸ ਦੇ ਨਾਲ ਨਾਲ ਇਕ ਚਾਰਟਡ ਸਕੂਲ ਵੀ ਚਲਾ ਰਹੇ ਹਨ ਜਿੱਥੋਂ ਦੇ ਬੱਚੇ ਵਿੱਦਿਅਕ ਮੁਕਾਬਲਿਆਂ ਅਤੇ ਖੇਡ੍ਹਾਂ ਵਿਚ ਮਾਣ ਮੱਤੀਆਂ ਮੱਲਾਂ ਮਾਰਦੇ ਰਹਿੰਦੇ ਹਨ।

ਇਸ ਖੁਸ਼ੀ ਭਰੇ ਮੌਕੇ ਅਮਰੀਕਨ ਸਿੱਖ ਆਗੂਆਂ ਵਲੋਂ ਸਰਦਾਰ ਥਾਂਦੀ ਨੂੰ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ।ਸੇਵਾ ਸਭਾਲਣ ਮੌਕੇ ਉਨ੍ਹਾਂ ਸਤਿਗੁਰੂ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਅਦਾ ਕਰਦਿਆਂ ਸਥਾਨਕ ਸੰਗਤਾਂ ਦਾ ਵੀ ਧੰਨਵਾਦ ਕੀਤਾ ਅਤੇ ਉਨ੍ਹਾਂ ਯਕੀਨ ਦੁਆਇਆ ਕਿ ਉਹ ਗੁਰਦੁਆਰਾ ਸਾਹਿਬ ਦੀ ਤਨ ਮਨ ਧਨ ਨਾਲ ਸੇਵਾ ਕਰਦੇ ਰਹਿਣਗੇ ਅਤੇ ਗੁਰਦੁਆਰਾ ਸਾਹਬ ਵਿਖੇ ਗੁਰ ਮਰਿਆਦਾ ਦੀ ਪਾਲਣਾ ਦਾ ਵੀ ਧਿਆਨ ਰੱਖਣ ਗੇ।

ਯਾਦ ਰਹੇ ਸਰਦਾਰ ਨਰਿੰਦਰ ਸਿੰਘ ਥਾਂਦੀ,ਬਬਰ ਅਕਾਲੀ ਸੂਰਮੇ ਭਾਈ ਕਰਮ ਸਿੰਘ 'ਐਡੀਟਰ' ਦੀ ਜਨਮ-ਭੂੰਮੀ ਦੁਆਬੇ ਦੇ ਪ੍ਰਸਿੱਧ ਪਿੰਡ ਦੌਲਤ ਪੁਰ (ਜ਼ਿਲ੍ਹਾ ਨਵਾਂ ਸ਼ਹਿਰ) ਨਾ.ਲ ਸਬੰਧਤ ਹਨ ਜੋ ਹੁਣ ਕਈ ਦਹਾਕਿਆਂ ਤੋਂ ਕੈਲੇਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਸ਼ਹਿਰ ਦੇ ਵਸਨੀਕ ਹਨ।

**- ਤਰਲੋਚਨ ਸਿੰਘ ਦੁਪਾਲਪੁਰ**

## ਸੰਤ ਕੁਲਵੰਤ ਰਾਮ ਜੀ ਭਰੋ ਮੁਜਾਰਾ ਵਾਲੇ ਯੂਰਪ ਦੌਰੇ ਦੌਰਾਨ 12 ਨੂੰ ਕਰਮੋਨਾ ਅਤੇ 13 ਨੂੰ ਪਾਰਮਾ ਵਿਖੇ ਸੰਗਤਾਂ ਦੇ ਸਨਮੁਖ ਹੋਣਗੇ



**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਸੰਤ ਕੁਲਵੰਤ ਰਾਮ ਜੀ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਇਨੀ ਦਿਨੀ ਯੂਰਪ ਦੇ ਦੌਰੇ ਤੇ ਆਏ ਹੋਏ ਹਨ ਜਿੱਥੇ ਉਹ ਯੂਰਪ ਦੇ ਵੱਖ ਵੱਖ ਦੇਸ਼ਾਂ 'ਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਆਪਣੇ ਪ੍ਰਵਚਨ ਸੰਗਤਾਂ ਨਾਲ ਸਾਂਝੇ ਕਰਨਗੇ ਉੱਥੇ ਹੀ ਇਟਲੀ ਵਿਖੇ ਸ਼੍ਰੀ ਗੁਰੂ ਰਵਿਦਾਸ ਟੈਂਪਲ ਕਸਤਲੀਓਨੇ ਕਰੇਮੋਨਾ ਵਿਖੇ 12 ਅਕਤੂਬਰ ਦਿਨ ਸ਼ਨੀਵਾਰ ਨੂੰ ਸ਼ਾਮ 5 ਵਜੇ ਤੋਂ 8 ਵਜੇ ਤੱਕ ਅਤੇ ਸ੍ਰੀ ਗੁਰੂ ਰਵਿਦਾਸ ਪਾਰਮਾਂ ਪਿਚੈਂਸਾ ਵਿਖੇ 13 ਅਕਤੂਬਰ ਦਿਨ ਐਤਵਾਰ ਨੂੰ 12 ਵਜੇ ਤੋਂ ਇੱਕ ਵਜੇ ਤੱਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਆਧਾਰਤ ਆਪਣੇ ਪ੍ਰਵਚਨ ਸੰਗਤਾਂ ਨਾਲ ਸਾਂਝੇ ਕਰਨਗੇ ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਰੇਮੋਨਾ ਦੇ ਪ੍ਰਧਾਨ ਸ੍ਰੀ ਅਸ਼ਵਨੀ ਕੁਮਾਰ ਚੁੰਬਰ ਅਤੇ ਸ੍ਰੀ ਅਸ਼ੋਕ ਕੁਮਾਰ ਚੰਦੜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਪਾਰਮਾ ਪੈਚਿਸਾ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਹਨਾਂ ਸਮਾਗਮਾਂ ਵਿੱਚ ਵੱਧ ਚੜ ਕੇ ਸ਼ਿਰਕਤ ਕਰਨ।


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

ਦੇਸ਼ ਦੁਆਬਾ

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਯਾਦ ਕਰਦਿਆਂ



ਬਾਮਸੇਫ, ਡੀ. ਐਸ. 4 ਅਤੇ ਬਹੁਜਨ ਸਮਾਜ ਪਾਰਟੀ ਦੇ ਪਿਤਾਮਾ ਅਤਿ-ਸਤਿਕਾਰਿਤ ਲੋਕ ਨੇਤਾ ਮਾਣਯੋਗ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮਹਾਨ ਸ਼ਖਸੀਅਤ ਤੋਂ ਕੌਣ ਵਾਕਫ਼ ਨਹੀਂ। ਭਾਰਤ ਦੇ ਮੂਲ ਨਿਵਾ-ਸੀਆਂ ਦੀ ਬੁਲੰਦ ਆਵਾਜ਼, ਟੁੱਟੇ-ਭੱਜੇ, ਭੁੱਲੇ-ਵਿਸਰੇ, ਐਸ. ਸੀ., ਐਸ. ਟੀ., ਬੀ. ਸੀ. ਅਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਜੋ ਕਦੇ ਰਾਜਨੀਤੀ ਤੋਂ ਅਣਜਾਣ ਸਨ ਜਾਂ ਉਹਨਾਂ ਨੂੰ ਬਣਦਾ ਸਥਾਨ ਹੋਰਨਾਂ ਰਾਜਨੀਤਿਕ ਪਾਰਟੀਆਂ ਵੱਲੋਂ ਨਹੀਂ ਸੀ ਮਿਲਦਾ, ਉਹਨਾਂ ਆਪਣੀ ਪਾਰਟੀ ਬਹੁਜਨ ਸਮਾਜ ਪਾਰਟੀ ਬਣਾ ਕੇ ਰਾਜਨੀਤਿਕ ਤੌਰ ਤੇ ਮਜ਼ਬੂਤ ਹੀ ਨਹੀਂ ਕੀਤਾ ਬਲਕਿ ਇਕ ਸਫਲ ਨਾਅਰਾ ਬੁਲੰਦ ਕੀਤਾ ਕਿ ਜਿੰਨੀ ਕਿਸੇ ਦੀ ਜਨ-ਸੰਖਿਆ ਭਾਰੀ, ਉਨੀ ਹੀ ਹਿੱਸੇਦਾਰੀ। ਭਾਰਤ ਦੀ ਸਿਰਮੌਰ ਅਤੇ ਲੰਮੇ ਸਮੇਂ ਤੋਂ ਰਾਜ ਕਰਦੀ ਆ ਰਹੀ ਕਾਂਗਰਸ ਪਾਰਟੀ ਨੂੰ ਅਰਸ਼ ਤੋਂ ਫਰਸ਼ ਤੇ ਲਿਆਂਦਾ ਤੇ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਨੂੰ ਖੇਤਰੀ ਪਾਰਟੀਆਂ ਸਹਾਰੇ ਚੱਲਣ ਲਈ ਰਾਜਨੀਤਿਕ ਤੌਰ ਤੇ ਮਜਬੂਰ ਕੀਤਾ।

ਉੱਤਰੀ ਭਾਰਤ ਦੇ ਮੂਲ ਨਿਵਾਸੀ ਕੌਮ ਦੀ ਰੂਹੇ-ਰਵਾਂ ਮਹਾਨ ਗਦਰੀ ਬਾਬਾ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਰਾਸ਼ਟਰੀ ਨੇਤਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਤੋਂ ਬਾਅਦ ਜੇਕਰ ਕਿਸੇ ਨੇ ਕਮਜ਼ੋਰ ਵਰਗਾਂ ਨੂੰ ਉਪਰ ਚੁੱਕਣ ਦਾ ਸਫਲ ਯਤਨ ਕੀਤਾ ਤਾਂ ਉਹ ਸੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਜਿਹਨਾਂ ਲੋਕਾਂ ਨੂੰ ਜਾਗਰੂਕ ਕਰਨ ਵਾਲੀ ਲੰਬੀ ਸਾਈਕਲ ਮਾਰਚ ਅਤੇ ਹਜ਼ਾਰਾਂ ਰੈਲੀਆਂ ਅਤੇ ਨੁੱਕੜ ਮੀਟਿੰਗਾਂ ਕਰਕੇ ਬਹੁਜਨ ਸਮਾਜ ਨੂੰ ਜੋੜਿਆ ਅਤੇ ਉਹਨਾਂ ਨੂੰ ਆਪਣੇ ਹੱਕਾਂ ਤੋਂ ਜਾਣੂੰ ਕਰਵਾਇਆ। ਸਿੱਟਾ




ਭਵਨ ਦੀ ਤੇਜ਼ੀ ਨਾਲ ਚੱਲ ਰਹੀ ਉਸਾਰੀ ਦੀ 'ਦੇਸ਼ ਦੁਆਬਾ' ਵੱਲੋਂ 30 ਸਤੰਬਰ 2018 ਨੂੰ ਲਈ ਗਈ ਇਕ ਯਾਦਗਾਰੀ ਤਸਵੀਰ।

ਸਭ ਦੇ ਸਾਹਮਣੇ ਹੈ ਕਿ ਚਾਰ ਵਾਰ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਅੰਦਰ ਤਿੰਨ ਵਾਰ ਰਲੀ-ਮਿਲੀ ਤੇ ਇਕ ਵਾਰ ਨਿਰੋਲ ਬਸਪਾ ਦੀ ਆਪਣੀ ਸਰਕਾਰ ਬਣੀ। ਸਾਹਿਬ ਕਾਂਸ਼ੀ ਰਾਮ ਜੀ ਦਾ ਆਪਣੇ ਵਰਕਰਾਂ ਤੇ ਸਮਾਜ ਨੂੰ ਸਿੱਧਾ-ਸਿੱਧਾ ਕਹਿਣਾ ਸੀ ਕਿ ਜਦ ਤੱਕ ਬਹੁਜਨ ਸਮਾਜ ਆਪਣੇ ਅੰਦਰ ਮੁਕੰਮਲ ਏਕਤਾ ਨਹੀਂ ਬਹਾਲ ਕਰਦਾ, ਉਦੋਂ ਤੱਕ ਨਾ ਤਾਂ ਤਾਕਤਵਰ ਬਣ ਸਕਦਾ ਹੈ ਅਤੇ ਨਾ ਹੀ ਕੋਈ ਮੰਜ਼ਿਲ ਪ੍ਰਾਪਤ ਕਰ ਸਕਦਾ ਹੈ।

ਸਾਹਿਬ ਕਾਂਸ਼ੀ ਰਾਮ ਜੀ ਨੇ ਜਿੱਥੇ ਭਾਰਤ ਪੱਧਰ ਤੇ ਡਾ. ਅੰਬੇਡਕਰ ਦੀ ਥਿਊਰੀ ਪ੍ਰਚਾਰਨ ਦਾ ਯਤਨ ਕੀਤਾ, ਉਥੇ ਉਹਨਾਂ ਪੰਜਾਬ ਅੰਦਰ ਆਦਿ ਧਰਮ ਦੇ ਸੁਨਹਿਰੀ ਯੁੱਗ ਦਾ ਉਚੇਚਾ ਗੁਣਗਾਨ ਹੀ ਨਹੀਂ ਕੀਤਾ ਬਲਕਿ ਉਸ ਉਪਰ ਚੱਲਣ ਲਈ ਲੋਕਾਂ ਨੂੰ ਵਾਰ-ਵਾਰ ਸੰਦੇਸ਼ ਦਿੱਤਾ ਅਤੇ ਉਸ ਦੇ ਸੁਨਹਿਰੀ ਇਤਿਹਾਸ ਤੋਂ ਲੋਕਾਂ ਨੂੰ ਵਾਕਫ਼ ਕਰਨ ਲਈ ਹੁਸ਼ਿਆਰਪੁਰ 'ਚ 1996 'ਚ ਇਕ ਵਿਸ਼ਾਲ 'ਭੁੱਲ ਸੁਧਾਰ' ਨਾਂ ਤਹਿਤ ਸੰਮੇਲਨ ਵੀ ਕੀਤਾ ਤੇ ਵਾਰ-ਵਾਰ ਸਟੇਜਾਂ ਤੋਂ ਵੀ ਇਸ ਤੋਂ ਸਬਕ ਲੈਣ ਲਈ ਕਹਿੰਦੇ ਰਹੇ।

ਬਸਪਾ ਇਕ ਰਾਜਨੀਤਿਕ ਪਾਰਟੀ ਹੈ। ਇਸ ਦੀ ਲੀਡਰਸ਼ਿਪ ਅਤੇ ਵਰਕਰਾਂ ਨੂੰ ਆਪਣੇ ਅਤੀਤ ਦੇ ਇਤਿਹਾਸ ਤੋਂ ਜ਼ਰੂਰ ਜਾਣੂੰ ਹੋਣਾ ਅਤੇ ਅਗਾਂਹਵਧੂ ਪਹਿਲੂਆਂ ਤੇ ਅਮਲ ਕਰਨਾ ਹੋਵੇਗਾ। ਇਹੀ ਆਪਣੇ ਰਹਿਨੁਮਾ ਨੂੰ ਸੱਚੀ ਸ਼ਰਧਾਂਜਲੀ ਕਹੀ ਜਾ ਸਕਦੀ ਹੈ ਅਤੇ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਬਸਪਾ ਵੱਲੋਂ ਉਹਨਾਂ ਦੇ ਨਾਂ 'ਤੇ ਭਵਨ ਬਣਾਕੇ ਇਕ ਸ਼ਲਾਘਾਯੋਗ ਤੇ ਇਤਿਹਾਸਕ ਕੰਮ ਕੀਤਾ, ਜਿਸਦਾ 9 ਅਕਤੂਬਰ 2018 ਨੂੰ ਉਦਘਾਟਨ ਕੀਤਾ ਗਿਆ ਸੀ। ਸਾਹਿਬ ਸ੍ਰੀ ਕਾਸ਼ੀ ਰਾਮ ਜੀ ਨੂੰ ਕੋਟਿਨ-ਕੋਟਿ ਪ੍ਰਣਾਮ।


**-ਤਰਸੇਮ ਜਲੰਧਰੀ (ਸੰਪਾਦਕ)**


# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ਼. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ਼ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।

ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ਼. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ।




ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੱਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ।

ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ।

ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ।

ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ।

ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**– ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

# Sahib Kanshi Ram Ji



* We don't want social justice, we want social transformation. Social justice depends on the person in the power. Suppose at one time, some good leader comes to power and people get social justice and are happy but when a bad leader comes to power it turns into injustice again. So, we want whole social transformation.


** "I was born and brought up amongst those who sacrificed themselves but never betrayed the country..."

*** Till the time we won't be successful in politics and not able to have power in our hands, the social and economic transformation is not possible. Political power is the key to success.

**** A community that doesn't have representation in the political power, that community is dead.


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 27 ਅਕਤੂਬਰ ਨੂੰ ਵਲੇਹੋ, ਅਮੈਰੀਕਨ ਕੈਨੀਅਨ ਵਿਖੇ ਮਨਾਇਆ ਜਾਵੇਗਾ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਮਹਾਨ ਕਥਾਵਾਚਕ ਅਤੇ ਸ਼ਬਦ ਗੁਰਬਾਣੀ ਦੇ ਗਿਆਤਾ ਇਤਿਹਾਸਕ ਤੱਥਾਂ ਦੀ ਸਾਂਝ ਸੰਗਤਾਂ ਨਾਲ ਸਾਂਝੀ ਕਰਨਗੇ। ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਬਹੁਤ ਸਾਰੇ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 27, 2024 (SUNDAY)

## Time: 9:00AM to 4:00PM

## 300 Napa Junction Road (Near City Hall) American Canyon CA 94503

**ਇਸ ਮੌਕੇ ਭਗਵਾਨ ਵਾਲਮੀਕ ਜੀ ਦੀਆਂ ਸਿਖਿਆਵਾਂ ਬਾਰੇ ਬਹੁਪੱਖੀ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।**

### ਹੋਰ ਜਾਣਕਾਰੀ ਲਈ ਸੰਪਰਕ ਕਰੋ

Kewal Sidhu 707-704-3869
Bhinda Singh 916-613-3311
Rajinder Hans 925-214-6454
Avtar Uppal 408-613-4790
Madan Lal : 669-235-0507

Sodhi Nahar 707-704-5216
Baljiwan Dass 408-394-6729
Dr. Gurjit Singh 925-321-0117
Gurpal Singh 916-873-0311
Sushil kumar 209-764-0281

## ਜਾਰੀ ਕਰਤਾ: ਭਗਵਾਨ ਵਾਲਮੀਕ ਜੀ ਦੇ ਸਮੂਹ ਸ਼ਰਧਾਲੂ (ਕੈਲੇਫੋਰਨੀਆ)

# ਸੁਰਿੰਦਰ ਗਿੱਲ, ਅਤਰਜੀਤ ਤੇ ਅਮਰੀਕ ਡੋਗਰਾ ਨੂੰ 'ਕਲਮ' ਪੁਰਸਕਾਰ ਭੇਟ

## ਖਾਲਸਾ ਕਾਲਜ ਮਾਹਿਲਪੁਰ ਵਿੱਚ ਲੱਗੀਆਂ ਉੱਘੇ ਸਾਹਿਤਕਾਰਾਂ ਦੀਆਂ ਰੌਣਕਾਂ





**ਮਾਹਿਲਪੁਰ (ਹਰਵੀਰ ਮਾਨ)** ਕੌਮਾਂਤਰੀ ਲੇਖਕ ਮੰਚ 'ਕਲਮ' ਵੱਲੋਂ 20ਵੇਂ 'ਕਲਮ' ਪੁਰਸਕਾਰ ਭੇਟ ਕਰਨ ਲਈ, ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਿਲਪੁਰ ਦੇ ਸਹਿਯੋਗ ਨਾ.ਲ, ਸਨਮਾਨ ਸਮਾਰੋਹ ਤੇ ਯਾਦਗਾਰੀ ਕਵੀ-ਦਰਬਾਰ ਸਰਵ ਸ਼੍ਰੀ ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਬਲਦੇਵ ਸਿੰਘ ਸੜਕਨਾਮਾ, ਦਰਸ਼ਨ ਖਟਕੜ, ਪ੍ਰਿੰ. ਪਰਵਿੰਦਰ ਸਿੰਘ, ਪਰਮਜੀਤ ਧੰਜਲ ਤੇ ਡਾ਼ ਲਖਵਿੰਦਰ ਜੌਹਲ ਦੀ ਪ੍ਰਧਾਨਗੀ ਹੇਠ, ਸੁਰਜੀਤ ਜੱਜ ਤੇ ਹਰਮੀਤ ਵਿਦਿਆਰਥੀ ਦੇ ਮੰਚ ਸੰਚਾਲਨ ਵਿੱਚ ਕਰਵਾਇਆ ਗਿਆ ਜਿਸ ਵਿੱਚ 'ਬਾਪੂ ਜਾਗੀਰ ਸਿੰਘ ਕੰਬੋਜ ਆਸ਼ੀਰਵਾਦ 'ਕਲਮ' ਪੁਰਸਕਾਰ' ਸ਼ਾਇਰ ਸੁਰਿੰਦਰ ਗਿੱਲ ਨੂੰ, 'ਤਲਵਿੰਦਰ ਦੀ ਤਰੰਗ 'ਕਲਮ' ਪੁਰਸਕਾਰ' ਕਹਾਣੀਕਾਰ ਅਤਰਜੀਤ ਨੂੰ, 'ਰਿਸ਼ੀ- ਰਮਨ ਦੀ ਰੌਂਅ 'ਕਲਮ' ਪੁਰਸਕਾਰ' ਸ਼ਾਇਰ ਅਮਰੀਕ ਡੋਗਰਾ ਨੂੰ ਭੇਟ ਕਰਦਿਆਂ ਵੱਡੀ ਗਿਣਤੀ ਵਿਦਿਆਰਥੀਆਂ , ਅਧਿਆਪਕਾਂ ਤੇ ਪੰਜਾਬ ਭਰ ਤੋਂ ਆਏ ਲੇਖਕਾਂ ਦੀ ਹਾਜ਼ਰੀ ਵਿੱਚ ਕ੍ਰਮਵਾਰ ਇਕੱਤੀ, ਇੱਕੀ ਤੇ ਗਿਆਰਾਂ ਹਜ਼ਾਰ ਰੁਪਏ, ਸਨਮਾਨ-ਪੱਤਰ ਤੇ ਸ਼ਾਲ ਦੇ ਕੇ ਨਵਾਜ਼ਿਆ ਗਿਆ। ਪ੍ਰਿੰ. ਪਰਵਿੰਦਰ ਸਿੰਘ ਵੱਲੋਂ ਸਭ ਨੂੰ ਜੀ-ਆਇਆਂ ਕਹਿਣ ਉਪਰੰਤ, ਸੁਖਵਿੰਦਰ ਕੰਬੋਜ ਤੇ ਕੁਲਵਿੰਦਰ ਚੇਅਰਮੈਨ ਤੇ ਕੋ-ਚੇਅਰਮੈਨ 'ਕਲਮ' ਦੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ, ਜਨਰਲ ਸਕੱਤਰ ਸੁਰਜੀਤ ਜੱਜ ਵੱਲੋਂ 'ਕਲਮ' ਦੇ 20 ਸਾਲਾਂ ਦੇ ਸਫ਼ਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਨਾ.ਲੋਂ-ਨਾ.ਲ ਪੰਜਾਬੀ ਸ਼ਾਇਰੀ ਦੀ ਸਿਖਰਲੀ ਸਮਰੱਥਾ ਦਾ ਮੁਜ਼ਾਹਰਾ ਕਰਦਿਆਂ, ਸ਼ਾਇਰ ਸ਼ਬਦੀਸ਼, ਮਨਜੀਤ ਪੁਰੀ, ਕੁਲਵਿੰਦਰ ਕੰਵਲ, ਅਨੂ ਬਾਲਾ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਬਖਤੌਰ ਧਾਲੀਵਾਲ, ਬਲਦੇਵ ਸਿੰਘ ਬੱਲੀ, ਮੱਖਣ ਮਾਨ, ਕੁਲਵਿੰਦਰ ਕੁੱਲਾ, ਅਨੀ ਕਾਠਗੜ੍ਹ, ਸੁਨੀਲ ਚੰਦਿਆਣਵੀ, ਕੁਲਦੀਪ ਫ਼ਿਰੋਜ਼ਪੁਰ, ਮਨਜਿੰਦਰ ਕਮਲ, ਨਵਤੇਜ ਗੜ੍ਹਦੀਵਾਲਾ, ਦੇਵ ਰਾਜ ਦਾਦਰ, ਬਲਜਿੰਦਰ ਮਾਨ, ਉਰਦੂ ਕਵੀ ਪਰਵਿੰਦਰ ਸ਼ੋਖ਼, ਸਹਿਤ ਸਨਮਾਨਤ ਸ਼ਾਇਰ ਸੁਰਿੰਦਰ ਗਿੱਲ ਤੇ ਅਮਰੀਕ ਡੋਗਰਾ ਦੀ ਅੰਬਰੀ ਕਾਵਿ-ਉਡਾਣ ਨਾ.ਲ ਸਿਖਰਾਂ ਛੂੰਹਦੇ ਕਾਵਿਕ- ਮਾਹੌਲ ਨੂੰ ਦਰਸ਼ਨ ਖਟਕੜ ਦੇ ਭਾਵਪੂਰਤ ਕਾਵਿ-ਬੋਲਾਂ ਨੇ ਬੁਲੰਦੀ ਬਖ਼ਸ਼ੀ। ਕਹਾਣੀਕਾਰ ਅਤਰਜੀਤ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ , ਬਲਦੇਵ ਸਿੰਘ ਸੜਕਨਾਮਾ ਤੇ ' ਕਲਮ' ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਦੇ ਸੰਖੇਪ, ਸੂਤਰਮਈ ਤੇ ਗਹਿਰ - ਗੰਭੀਰ ਵਿਚਾਰਾਂ ਨੇ ਪੂਰੇ ਸਮਾਰੋਹ ਨੂੰ ਵਿਚਾਰਕ ਗਹਿਰਾਈ ਬਖਸ਼ੀ। ਪ੍ਰੋ. ਬਲਬੀਰ ਕੌਰ ਰੀਹਲ , ਡਾ. ਭੁਪਿੰਦਰ ਕੌਰ, ਪ੍ਰੋ. ਅਜੀਤ ਲੰਗੇਰੀ, ਰਮੇਸ਼ ਯਾਦਵ, ਭੁਪਿੰਦਰ ਸੰਧੂ, ਧਰਵਿੰਦਰ ਔਲਖ, ਭਗਵੰਤ ਰਸੂਲਪੁਰੀ ਸਮੇਤ ਪੰਜਾਬ ਭਰ ਚੋਂ ਆਏ ਲੇਖਕਾਂ ਦੀ ਭਰਵੀਂ ਹਾਜ਼ਰੀ ਨੇ 'ਕਲਮ'ਦੇ ਕਾਫ਼ਲੇ ਦੀਆਂ ਪੈੜਾਂ ਨੂੰ ਹੋਰ ਪੁਖਤਾ ਕੀਤਾ।

# ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਉਦਯੋਗਿਕ ਦੌਰਾ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਬਿਜਨਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਨਾਭਾ ਵਿੱਚ ਸਥਿਤ ਪ੍ਰੀਤ ਟ੍ਰੈਕਟਰਜ਼ ਦਾ ਉਦਯੋਗਿਕ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬ ਦੇ ਇੱਕ ਪ੍ਰਮੁੱਖ ਟ੍ਰੈਕਟਰ ਨਿਰਮਾਤਾ ਦੀ ਨਿਰਮਾਣ ਪ੍ਰਕਿਰਿਆ, ਕਾਰਜਕਾਰੀ ਰਣਨੀਤੀਆਂ ਅਤੇ ਵਪਾਰ ਪ੍ਰਬੰਧਨ ਅਭਿਆਸਾਂ ਵਿੱਚ ਪ੍ਰਯੋਗਿਕ ਜਾਣਕਾਰੀ ਪ੍ਰਦਾਨ ਕਰਨਾ ਸੀ।



ਦੌਰੇ ਦੀ ਸ਼ੁਰੂਆਤ ਪ੍ਰੀਤ ਟ੍ਰੈਕਟਰਜ਼ ਦੇ ਐਮ।ਡੀ ਹਰੀ ਸਿੰਘ, ਗੁਰਪ੍ਰੀਤ ਸਿੰਘ, ਡਾਇਰੈਕਟਰ, ਜਗਰੂਪ ਸਿੰਘ, ਸਹਾਇਕ ਵਾਇਸ ਪ੍ਰੈਜ਼ੀਡੈਂਟ ਅਤੇ ਹਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕੰਪਨੀ ਦੇ ਇਤਿਹਾਸ, ਵਿਜ਼ਨ ਅਤੇ ਮਿਸ਼ਨ ਬਾਰੇ ਜਾਣੂ ਕਰਵਾਇਆ ਅਤੇ ਖੇਤੀਬਾੜੀ ਮਸ਼ੀਨਰੀ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਨਵੀਂ ਤਕਨਾਲੋਜੀ ਨੂੰ ਅਪਣਾਉਣ ਨਾਲ ਉਤਪਾਦਕਤਾ ਅਤੇ ਖੇਤੀ ਕੁਸ਼ਲਤਾ ਨੂੰ ਵਧਾਉਂਦੀ ਹੈ। ਇਸ ਮੌਕੇ, ਵਿਦਿਆਰਥੀਆਂ ਨੇ ਉਤਪਾਦਨ ਦੇ ਵੱਖ-ਵੱਖ ਪੜਾਅ, ਸੰਗਠਨ ਲਾਈਨਾਂ ਤੋਂ ਲੈ ਕੇ ਗੁਣਵੱਤਾ ਨਿਯੰਤਰਣ ਤੱਕ ਦੇਖਿਆ। ਇਸ ਅਨੁਭਵ ਨੇ ਉਨ੍ਹਾਂ ਨੂੰ ਸਪਲਾਈ ਚੇਨ ਪ੍ਰਬੰਧਨ ਦੀ ਜਟਿਲਤਾ ਅਤੇ ਉਤਪਾਦਨ ਵਿੱਚ ਉੱਚ ਮਿਆਰਾਂ ਨੂੰ ਬਰਕਰਾਰ ਰੱਖਣ ਦੇ ਮਹੱਤਵ ਨੂੰ ਸਮਝਣ ਵਿੱਚ ਮਦਦ ਕੀਤੀ। ਉਨ੍ਹਾਂ ਨੇ ਜਾਣਿਆ ਕਿ ਮਾਡਰਨ ਤਕਨਾਲੋਜੀਆਂ, ਜਿਵੇਂ ਕਿ ਆਟੋਮੇਸ਼ਨ ਅਤੇ ਡੇਟਾ ਵਿਸ਼ਲੇਸ਼ਣ, ਕੰਮਕਾਜ ਨੂੰ ਸੁਧਾਰਨ ਵਿੱਚ ਕਿਵੇਂ ਮਦਦ ਕਰਦੀਆਂ ਹਨ। ਇਸ ਉਦਯੋਗਿਕ ਦੌਰੇ ਦਾ ਪ੍ਰਮੁੱਖ ਪਹਲੂ ਉਦਯੋਗ ਮਾਹਿਰਾਂ ਨਾਲ ਇਕ ਪਰਸਪਰ ਸੈਸ਼ਨ ਸੀ, ਜਿਨ੍ਹਾਂ ਨੇ ਖੇਤੀਬਾੜੀ ਖੇਤਰ ਵਿੱਚ ਚੁਣੌਤੀਆਂ ਅਤੇ ਮੌਕੇ ਬਾਰੇ ਆਪਣੇ ਅਨੁਭਵ ਅਤੇ ਗਿਆਨ ਸਾਂਝੇ ਕੀਤੇ। ਵਿਦਿਆਰਥੀਆਂ ਨੇ ਮਾਰਕੀਟ ਦੇ ਰੁਝਾਨਾਂ, ਗ੍ਰਾਹਕਾਂ ਦੀ ਪਸੰਦ ਅਤੇ ਆਧੁਨਿਕ ਨਿਰਮਾਣ ਵਿੱਚ ਸਥਾਈ ਅਭਿਆਸਾਂ ਦੀ ਮਹੱਤਤਾ ਬਾਰੇ ਵੀ ਗੱਲਬਾਤ ਕੀਤੀ।

ਯੂਨੀਵਰਸਿਟੀ ਵੱਲੋਂ ਫੈਕਲਟੀ ਮੈਂਬਰ ਡਾ. ਬਲਦੀਪ ਸਿੰਘ, ਸਹਾਇਕ ਪ੍ਰੋਫੈਸਰ, ਬਿਜਨਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ ਅਤੇ ਕਪਿਲ ਵਿਦਿਆਰਥੀਆਂ ਦੇ ਨਾਲ ਸਨ। ਉਨ੍ਹਾਂ ਨੇ ਕੰਪਨੀ ਅਧਿਕਾਰੀਆਂ ਦਾ ਵਿਦਿਆਰਥੀਆਂ ਨੂੰ ਗਿਆਨ ਸਾਂਝਾ ਕਰਵਾਉਣ ਲਈ ਧੰਨਵਾਦ ਕੀਤਾ।

ਬਿਜਨਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ ਦੀ ਮੁਖੀ ਡਾ. ਰਜਨੀ ਸਲੂਜਾ ਨੇ ਕੰਪਨੀ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਨੂੰ ਅਜਿਹੇ ਅਨੁਭਵਾਤਮਕ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ।

# ਭਗਵਾਨ ਵਾਲਮੀਕਿ ਜੀ ਦੀ ਰੱਥ ਯਾਤਰਾ ਹੁਸ਼ਿਆਰਪੁਰ 'ਚ ਸ਼ਰਧਾ ਨਾਲ ਕੱਢੀ ਗਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਰਜਣਹਾਰ ਭਗਵਾਨ ਵਾਲਮੀਕਿ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਫ਼ਾਈ ਕਰਮਚਾਰੀ ਯੂਨੀਅਨ ਵੱਲੋਂ ਸਮੂਹ ਵਾਲਮੀਕਿ ਸਮਾਜ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਰੱਥ ਯਾਤਰਾ ਕੱਢੀ ਗਈ। ਇਹ ਯਾਤਰਾ ਬਹਾਦੁਰਪੁਰ ਚੌਂਕ ਤੋਂ ਸ਼ੁਰੂ ਹੋ ਕੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਦੀ ਹੁੰਦੀ ਹੋਈ ਭਗਵਾਨ ਵਾਲਮੀਕਿ ਚੌਂਕ, ਸਬਜ਼ੀ ਮੰਡੀ ਵਿਖੇ ਆ ਕੇ ਸਮਾਪਤ




ਹੋਈ। ਪ੍ਰਧਾਨ ਕਰਨਜੋਤ ਆਦੀਆ ਨੇ ਯਾਤਰਾ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ ਅਤੇ ਸ਼ਹਿਰ ਵਾਸੀਆਂ ਦਾ ਸਵਾਗਤ ਕੀਤਾ ਅਤੇ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ।

ਇਸ ਦੌਰਾਨ ਭਗਵਾਨ ਦੇ ਰੱਥ ਦੀ ਸੁੰਦਰਤਾ ਦੇਖਣ ਨੂੰ ਮਿਲੀ ਅਤੇ ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਯਾਤਰਾ ਦਾ ਸਵਾਗਤ ਕੀਤਾ। ਇਸ ਦੌਰਾਨ ਵੱਖ-ਵੱਖ ਥਾਵਾਂ 'ਤੇ ਸੰਗਤਾਂ ਲਈ ਪ੍ਰਸ਼ਾਦ ਦੇ ਰੂਪ 'ਚ ਲੰਗਰ ਵੀ ਲਗਾਏ ਗਏ । ਸੰਕੀਰਤਨ ਬਾਜ਼ਾਰਾਂ ਅਤੇ ਬੈਂਡ ਪਾਰਟੀਆਂ ਨੇ ਪ੍ਰਮਾਤਮਾ ਦਾ ਗੁਣਗਾਨ ਕਰਕੇ ਮਾਹੌਲ ਨੂੰ ਭਗਤੀ ਵਾਲਾ ਬਣਾ ਦਿੱਤਾ।

ਇਸ ਮੌਕੇ ਵਿਧਾਇਕ ਬ੍ਰਹਮਸ਼ੰਕਰ ਜਿੰਪਾ, ਮੇਅਰ ਸੁਰਿੰਦਰ ਕੁਮਾਰ, ਸਾਬਕਾ ਮੰਤਰੀ ਤੀਕਸ਼ਨ ਸੂਦ ਅਤੇ ਸੁੰਦਰ ਸ਼ਾਮ ਅਰੋੜਾ, ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ, ਡਾ: ਰਮਨ ਘਈ, ਕੁਲਵੰਤ ਸਿੰਘ ਸੈਣੀ, ਚੇਅਰਮੈਨ ਸੰਦੀਪ ਸੈਣੀ, ਕੌਂਸਲਰ ਬਲਵਿੰਦਰ ਬਿੰਦੀ, ਅਜੈ ਵਰਮਾ, ਚੰਦਨ ਲੱਕੀ ਅਤੇ ਸ. ਹੋਰ ਯੂਨੀਅਨਾਂ ਦੇ ਮੀਤ ਪ੍ਰਧਾਨ ਸੋਮਨਾਥ ਆਦੀਆ, ਵਿਕਰਮਜੀਤ ਮੱਟੂ, ਚੇਅਰਮੈਨ ਰਾਕੇਸ਼ ਸਿੱਧੂ, ਬਲਰਾਮ ਭੱਟੀ, ਹੀਰਾ ਲਾਲ ਹੰਸ ਜਨਰਲ ਸਕੱਤਰ, ਕੈਲਾਸ਼ ਗਿੱਲ, ਦੇਵ ਬਡੈਚ, ਅਸ਼ੋਕ ਕੁਮਾਰ ਹੰਸ, ਆਸ਼ੂ ਬਡੈਚ, ਪ੍ਰਦੀਪ ਆਦੀਆ, ਜੋਗਿੰਦਰ ਪਾਲ ਆਦੀਆ, ਨਵੀਨ ਮੱਟੂ, ਪ੍ਰਦੀਪ ਕੁਮਾਰ, ਯਾਤਰਾ ਵਿੱਚ ਜੈ ਗੋਪਾਲ ਆਦੀਆ, ਹਰਬਿਲਾਸ, ਰਜਿੰਦਰ ਕੁਮਾਰ, ਜਿੰਦਰ ਕੁਮਾਰ, ਅਸ਼ਵਨੀ ਕੁਮਾਰ ਲੱਡੂ, ਅਸ਼ਵਨੀ ਕੁਮਾਰ ਅਤੇ ਹੋਰ ਪਤਵੰਤੇ ਸੱਜਣਾਂ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ।

# ਖ਼ੂਨਦਾਨ ਮੁਹਿੰਮ ਵਿੱਚ ਯੋਗਦਾਨ ਲਈ ਸਾਬਕਾ ਰੋਟਰੀ ਗਵਰਨਰ ਧਰਮਵੀਰ ਗਰਗ ਵਿਸ਼ੇਸ਼ ਤੌਰ ਤੇ ਸਨਮਾਨਿਤ

**ਭਵਾਨੀਗੜ੍ਹ/ਪਟਿਆਲਾ, (ਦਲਜੀਤ ਕੌਰ)** ਸਾਬਕਾ ਰੋਟਰੀ ਗਵਰਨਰ ਧਰਮਵੀਰ ਗਰਗ ਨੂੰ ਖ਼ੂਨਦਾਨ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਬਲੱਡ ਬੈਂਕ, ਰਜਿੰਦਰਾ ਹਸਪਤਾਲ ਦੇ ਹੈਂਡ ਡਾਕਟਰ ਮੋਨਿਕਾ ਗਰਗ, ਸੁਖਵਿੰਦਰ ਸਿੰਘ ਅਤੇ ਬਾਕੀ ਡਾਕਟਰਾਂ ਵੱਲੋਂ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਇਸ ਸਾਲ ਜੁਲਾਈ 2024 ਤੋਂ ਲੈ ਕੇ ਉਹਨਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਖ਼ੂਨਦਾਨ ਕੈਂਪ ਆਯੋਜਿਤ ਕਰਨ ਵਿੱਚ ਬਲੱਡ ਬੈਂਕ ਦੀ ਮਦਦ ਕੀਤੀ ਜਿਸ ਵਿੱਚ ਖਾਸ ਤੌਰ ਉੱਤੇ 12 ਜੁਲਾਈ ਨੂੰ ਫੋਕਲ ਪੁਆਇੰਟ ਪਟਿਆਲਾ ਵਿਖੇ ਮੈਗਾ ਕੈਂਪ ਦਾ ਆਯੋਜਿਤ ਕੀਤਾ ਗਿਆ ਜਿਸ ਵਿੱਚ 119 ਯੂਨਿਟ, 13 ਜੁਲਾਈ ਨੂੰ ਰੋਟਲੀ ਕਲੱਬ ਭਵਾਨੀਗੜ੍ਹ ਵੱਲੋਂ 130 ਯੂਨਿਟ, 16 ਜੁਲਾਈ ਨੂੰ ਸੰਸਕਾਰ ਵੈਲੀ ਸਮਾਰਟ ਸਕੂਲ ਵਿਖੇ 90 ਖ਼ੂਨਦਾਨ



ਯੂਨਿਟ ਇਕੱਠੇ ਕੀਤੇ ਗਏ। ਇਸ ਤੋਂ ਬਾਅਦ 30 ਜੁਲਾਈ ਨੂੰ ਪੈਰਾਡਾਈਜ਼ ਸਕੂਲ, ਘੱਗਾ ਵਿਖੇ 60 ਯੂਨਿਟ, 11 ਅਗਸਤ ਨੂੰ ਦਯਾਨੰਦ ਪਬਲਿਕ ਸਕੂਲ ਨਾਭਾ ਵਿਖੇ 90 ਯੂਨਿਟ ਅਤੇ 6 ਸਤੰਬਰ ਨੂੰ ਰੋਟਰੀ ਕਲੱਬ ਵਿਖੇ 103 ਖ਼ੂਨਦਾਨ ਦੇ ਯੂਨਿਟ ਇਕੱਤਰ ਕੀਤੇ। ਇਹ ਸਾਰੇ ਖ਼ੂਨਦਾਨ ਕੈਂਪ ਗਰਮੀ ਅਤੇ ਹੁੰਮਸ ਦੇ ਮੌਸਮ ਵਿੱਚ ਅਯੋਜਿਤ ਕੀਤੇ ਗਏ ਕਿਉਂਕਿ ਉਸ ਸਮੇਂ ਬਲੱਡ ਬੈਂਕ ਵਿੱਚ ਖ਼ੂਨ ਦੀ ਕਮੀ ਸੀ ਅਤੇ ਜਿਸ ਦਾ ਜ਼ਰੂਰਤਮੰਦ ਲੋਕਾਂ ਨੂੰ ਬਹੁਤ ਫ਼ਾਇਦਾ ਹੋਇਆ। ਧਰਮਵੀਰ ਗਰਗ ਵੱਲੋਂ ਜਿੱਥੇ ਸਾਲ 2015-16 ਰੋਟਰੀ ਗਵਰਨਰ ਦੇ ਤੌਰ ਤੇ ਰੋਟਰੀ ਜ਼ਿਲ੍ਹਾ 3090 ਦੀ ਅਗਵਾਈ ਕੀਤੀ ਉੱਥੇ ਬਲੱਡ ਡੋਨੇਸ਼ਨ ਕੈਂਪ ਨੂੰ ਬਹੁਤ ਅੱਗੇ ਵਧਾਇਆ ਗਿਆ । ਇਹਨਾਂ ਦੀ ਅਗਵਾਈ ਵਿੱਚ ਰੋਟਰੀ ਕਲੱਬ, ਭਵਾਨੀਗੜ੍ਹ ਵੱਲੋਂ ਹੁਣ ਤੱਕ 69 ਖ਼ੂਨਦਾਨ ਕੈਂਪ ਲਗਾਏ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਖ਼ੂਨਦਾਨ ਯੂਨਿਟ ਇਕੱਠੇ ਕੀਤੇ ਗਏ ਹਨ ਹਨ। ਇਸ ਮੌਕੇ ਉੱਤੇ ਧਰਮਵੀਰ ਗਰਗ ਨੇ ਕਿਹਾ ਕਿ 18 ਸਾਲ ਤੋਂ ਉੱਪਰ ਸਾਰੇ ਨੌਜਵਾਨਾਂ ਨੂੰ ਸਵੈ- ਇੱਛੁਕ ਤੌਰ ਤੇ ਖ਼ੂਨਦਾਨ ਕਰਨਾ ਚਾਹੀਦਾ ਹੈ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਪੰਜਾਬ ਮਿਉਂਸਿਪਲ (ਸੈਨੀਟੇਸ਼ਨ ਐਂਡ ਪਬਲਿਕ ਹੈਲਥ) ਬਾਈਲਾਸ 2003 ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਕੀਤੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਗੁਰੂ ਕੀ ਨਗਰੀ ਸਮੇਤ ਪੰਜਾਬ ਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਨੂੰ ਗੰਦਗੀ ਮੁਕਤ ਕਰਨ ਲਈ ਪੰਜਾਬ ਮਿਉਂਸਿਪਲ (ਸੈਨੀਟੇਸ਼ਨ ਐਂਡ ਪਬਲਿਕ ਹੈਲਥ) ਬਾਈਲਾਸ 2003 ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ ਹੈ । ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ, ਨੂੰ ਲਿਖੇ ਇੱਕ ਪੱਤਰ ਵਿੱਚ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਡਾ. ਚਰਨਜੀਤ ਸਿੰਘ ਗੁਮਟਾਲਾ ਪ੍ਰਧਾਨ ਇੰਜ। ਹਰਜਾਪ ਸਿੰਘ ਔਜਲਾ ਤੇ ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਬਿੱਟੂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼ਹਿਰਾਂ ਦੀ ਸਫਾਈ ਨੂੰ ਲੈ ਕੇ 2003 ਵਿੱਚ ਸਿੰਗਾਪੁਰ ਦੀ ਤਰਜ਼ 'ਤੇ ਪੰਜਾਬ ਮਿਉਂਸਿਪਲ (ਸੈਨੀਟੇਸ਼ਨ ਐਂਡ ਪਬਲਿਕ ਹੈਲਥ) ਬਾਈਲਾਜ਼ 2003 ਵਿੱਚ ਬਣਾਏ ਗਏ। ਇਸ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਨਿਰਧਾਰਿਤ ਸਥਾਨ ਤੋਂ ਇਲਾਵਾ ਕੂੜਾ ਕਰਕਟ ਨਹੀਂ ਸੁਟ ਸਕਦਾ, ਨਾ ਹੀ ਕੋਈ ਮਲਬਾ ਤੇ ਹੋਰ ਗੰਦਗੀ ਸੜਕਾਂ ਪਾਰਕਾਂ ਗਲੀਆਂ ਆਦਿ ਵਿੱਚ ਸੁੱਟ ਸਕਦਾ ਹੈ ,ਸੜਕਾਂ 'ਤੇ ਕਾਰਾਂ ਧੋਣ, ਬੂਟਿਆਂ ਦੀ ਕਟਾਈ ਦਾ ਮਲਬਾ ਸੁੱਟਣ ਦੀ ਮਨਾਹੀ ਹੈ ।ਮਕਾਨ ਦੀ ਉਸਾਰੀ ਸਮੇਂ ਜਾਂ ਮੁਰੰਮਤ ਸਮੇਂ ਸੜਕਾਂ ਉਪਰ ਮਲਬਾ ਸੁੱਟਣ ਦੀ ਮਨਾਹੀ ਹੈ ।ਕਾਰਾਂ, ਮੋਟਰ ਸਾਈਕਲ ਆਦਿ ਨੂੰ ਸੜਕਾਂ ਉਪਰ ਧੋਣ ਦੀ ਮਨਾਹੀ ਹੈ ।ਘਰਾਂ ਦੀ ਸਫ਼ਾਈ ਸਮੇਂ ਵੀ ਸੜਕਾਂ ਉਪਰ ਬੇਤਹਾਸ਼ਾ ਪਾਣੀ ਰੋੜਿਆ ਜਾ ਰਿਹਾ ਹੈ, ਜਿਸ ਦੀ ਕਿ ਇਸ ਕਾਨੂੰਨ ਵਿਚ ਮਨਾਹੀ ਹੈ। ਪਾਲਤੂ ਕੁਤਿਆਂ ਨੂੰ ਸੜਕਾਂ 'ਤੇ ਲਿਆ ਕੇ ਟੱਟੀ ਕਰਾਈ ਜਾਂਦੀ ਹੈ , ਜਿਸ ਦੀ ਇਸ ਵਿਚ ਮਨਾਹੀ ਹੈ। ਇਸ ਪੱਤਰ ਵਿੱਚ ਹੋਰ ਵੀ ਬਹੁਤ ਸਾਰੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨੂੰ 21 ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਲਾਗੂ ਨਹੀਂ ਕੀਤਾ।

ਮੰਚ ਆਗੂਆਂ ਅਨੁਸਾਰ ਇਹ ਕਾਨੂੰਨ ਪਿੰਡਾਂ ਸਮੇਤ ਹਰ ਤਰ੍ਹਾਂ ਦੀਆਂ ਨਗਰ ਕੌਂਸਲਾਂ ਉਪਰ ਵੀ ਲਾਗੂ ਹੁੰਦਾ ਹੈ। ਜਿਵੇਂ ਪੰਜਾਬ ਵਿਚ ਟਰੈਫਿਕ ਦੀ ਉਲੰਘਣਾਂ ਕਰਨ ਵਾਲਿਆਂ ਦੇ ਚਲਾਣ ਕਟੇ ਜਾ ਰਹੇ ਏਸੇ ਤਰ੍ਹਾਂ ਇਸ ਕਾਨੂੰਨ ਦੀ ਉਲੰਘਣਾ ਕਰਨਾ ਵਾਲਿਆਂ ਦੇ ਚਲਾਣ ਕੱਟੇ ਜਾਣਗੇ ਤਾਂ ਹੀ ਸੁਧਾਰ ਹੋਵੇਗਾ।ਇਸ ਕਾਨੂੰਨ ਅਨੁਸਾਰ ਇਕ ਹਜਾਰ ਰੁਪਏ ਤੀਕ ਜੁਰਮਾਨਾ ਕੀਤਾ ਜਾ ਸਕਦਾ ਹੈ।

ਚੰਡੀਗੜ੍ਹ ਨਗਰ ਨਿਗਮ ਵੱਲੋਂ ਸੜਕਾਂ, ਫੁੱਟਪਾਥਾਂ, ਪਾਰਕਾਂ ਤੇ ਗਲੀ ਮਹੁੱਲਿਆਂ ਵਿੱਚ ਪਲਾਸਟਿਕ ਤੇ ਕੂੜਾ ਕਰਕਟ ਸੁੱਟਣ ਤੇ ਗੰਦਗੀ ਫੈਲਾਉਣ ਵਾਲਿਆਂ ਦੇ ਚਲਾਨ ਕੱਟੇ ਜਾ ਰਹੇ ਹਨ।ਸੈਨੇਟਰੀ ਇੰਨਸਪੈਕਟਰਾਂ ਨੂੰ ਬਾਡੀ ਕੈਮਰੇ ਦਿੱਤੇ ਗਏ ਹਨ ਜੋ ਕਿ ਸੰਬੰਧਿਤ ਸਥਾਨਾਂ ਦੀ ਅੱਠ ਘੰਟੇ ਦੀ ਵਿਡੀਓ ਬਣਾ ਸਕਦੇ ਹਨ।ਪੰਜਾਬ ਸਰਕਾਰ ਨੂੰ ਵੀ ਅਜਿਹੇ ਬਾਡੀ ਕੈਮਰੇ ਸੈਨੇਟਰੀ ਇੰਨਸਪੈਕਟਰਾਂ ਨੂੰ ਦੇਣੇ ਚਾਹੀਦੇ ਹਨ। ਸਾਡੇ ਸਿਆਸਤਦਾਨ ਤੇ ਅਫ਼ਸਰ ਚੰਡੀਗੜ੍ਹ ਰਹਿੰਦੇ ਹਨ ਜਾਂ ਅਕਸਰ ਚੰਡੀਗੜ੍ਹ ਜਾਂਦੇ ਆਉਂਦੇ ਰਹਿੰਦੇ ਹਨ ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਇਸ ਪਾਸੇ ਧਿਆਨ ਦੇਣ ਤਾਂ ਜੁ ਸਾਡੇ ਸ਼ਹਿਰ ਤੇ ਪਿੰਡ ਸਾਫ਼ ਸੁਥਰੇ ਬਣ ਸਕਣ।

# ਵਰਮਾ ਪਰਿਵਾਰ ਦੇ ਮਾਤਾ ਸ੍ਰੀਮਤੀ ਗੀਤਾ ਦੇਵੀ ਨੂੰ ਸਰਧਾਂਜਲੀ

ਪੰਜਾਬੀ ਗੀਤਾਂ ਵਿੱਚ ਮਾਂ ਦੇ ਰੁਤਬੇ ਨੂੰ ਬਹੁਤ ਸਤਿਕਾਰ ਮਿਲਿਆ ਹੈ। ਮਾਂ ਦਾ ਦਰਜਾ ਸਾਡੇ ਸਮਾਜ ਵਿੱਚ ਰੱਬ ਸਮਾਨ ਸਮਝਿਆ ਜਾਂਦਾ ਹੈ ।ਕਿਹਾ ਜਾਂਦਾ ਹੈ ਕਿ ਮਾਂ ਦਾ ਕਰਜ਼ਾ ਪੁੱਤ ਧੀਆਂ ਮੋੜ ਨਹੀਂ ਸਕਦੇ। ਮਾਂ ਦੇ ਦਿੱਤੇ ਚੰਗੇ ਸੰਸ਼ਕਾਰ ਪਰਿਵਾਰ ਨੂੰ ਬੁਲੰਦੀਆਂ ਵੱਲ ਲੈ ਜਾਂਦੇ ਹਨ। ਇਸੇ ਤਰ੍ਹਾਂ ਦੇ ਮਾਤਾ ਸ੍ਰੀਮਤੀ ਗੀਤਾ ਦੇਵੀ ਸਨ। ਉਨ੍ਹਾਂ ਦਾ ਜਨਮ 1932 ਵਿੱਚ ਪਿੰਡ ਚੋਹਾਨਕੇ ਕਲਾਂ (ਬਰਨਾਲਾ) ਵਿਖੇ ਸਵ: ਸ੍ਰ. ਸੁੱਚਾ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਦਵਾਰਕੀ ਦੇਵੀ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਵਿਆਹ 1950 ਵਿੱਚ ਸ਼ਵ: ਸ੍ਰੀ ਕਰਤਾਰ ਚੰਦ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਨਾਲ ਹੋਇਆ। ਉਨ੍ਹਾਂ ਦੇ ਘਰ ਪੰਜ ਬੇਟਿਆਂ ਅਤੇ ਤਿੰਨ ਬੇਟੀਆਂ ਨੇ ਜਨਮ ਲਿਆ। ਕਰਤਾਰ ਚੰਦ ਨੇ ਪਿੰਡ ਵਿਖੇ ਭਰਾਵਾਂ ਨਾਲ ਸਾਂਝੀ ਆਟਾ ਚੱਕੀ ਉੱਪਰ ਆਪ ਆਟਾ ਪੀਸਣ ਦਾ ਬੜਾ ਔਖਾ ਕੰਮ ਕੀਤਾ। ਘਰ ਦੀ ਮੰਦਹਾਲੀ ਕਾਰਨ ਮਾਤਾ ਜੀ ਨੇ ਆਪਣੇ ਬੱਚਿਆਂ ਲਈ ਘਰ ਦੇ ਦੁੱਧ ਲਈ ਮੱਝਾਂ ਨੂੰ ਪਾਲਣ ਲਈ ਆਪ ਹੀ ਸਾਰੀ ਜ਼ਿੰਮੇਵਾਰੀ ਬੜੇ ਦ੍ਰਿੜ ਇਰਾਦੇ ਨਾਲ ਨਿਭਾਈ। ਹੋਲੀ ਹੋਲੀ ਬੱਚੇ ਵੱਡੇ ਹੋ ਕੇ ਘਰ ਦੇ ਕੰਮਾਂ ਕਾਰਾਂ 'ਚ ਸਹਿਯੋਗ ਦੇਣ ਲੱਗੇ। ਚਮਕੌਰ ਚੰਦ ਨੇ ਦਸਵੀਂ ਪਾਸ ਕਰਨ ਬਾਦ ਜੇ.ਬੀ.ਟੀ. ਕੋਰਸ ਕਰ ਲਿਆ ਅਤੇ ਅਧਿਆਪਕ ਲੱਗ ਗਏ। ਉਹ ਬਤੌਰ ਸੀ. ਐਚ .ਟੀ. ਸੇਵਾ ਮੁਕਤ ਹੋ ਚੁੱਕੇ ਹਨ। ਉਨ੍ਹਾਂ ਦਾ ਵਿਆਹ ਪਿੰਡ ਜੰਡਾਲੀ ਵਿਖੇ ਕ੍ਰਿਸ਼ਨਾ ਦੇਵੀ ਨਾਲ ਹੋਇਆ ਜਿਨ੍ਹਾਂ ਦੇ ਪੁੱਤਰ ਰਜਨੀਸ ਕੁਮਾਰ (ਰਾਜੂ ਜਿਊਲਰ) ਆਸ਼ਾ ਰਾਣੀ (ਈ.ਟੀ.ਟੀ. ਅਧਿਆਪਕਾ) ਨਾਲ ਵਿਆਹਿਆ ਹੋਇਆ ਹੈ। ਦੂਸਰਾ ਬੇਟਾ ਲਲਿਤ ਕੁਮਾਰ ਦਾ ਵਿਆਹ ਨੈਨਸ਼ੀ ਵਰਮਾ (ਈ.ਟੀ.ਟੀ. ਅਧਿਆਪਕ) ਨਾਲ ਹੋਇਆ ਹੈ। ਉਨ੍ਹਾਂ ਦੀਆਂ ਬੇਟੀਆਂ ਮਾਨਸ਼ੀ ਦੇਵੀ (ਸ.ਸ. ਮਿਸਟ੍ਰੈਸ) ਪਤਨੀ ਸ੍ਰੀ ਸੰਦੀਪ ਵਰਮਾ (ਸ.ਸ. ਮਾਸਟਰ) ਅਤੇ ਦੂਸਰੀ ਬੇਟੀ ਕੁਸ਼ਮ ਲਤਾ (ਈ.ਟੀ.ਟੀ. ਅਧਿਆਪਕਾ) ਪਤਨੀ ਸ੍ਰੀ ਵਿਕਾਸ ਸੇਠ (ਜਿਊਲਰਜ਼) ਪਟਿਆਲਾ ਵਿਖੇ ਰਹਿ ਰਹੀਆਂ ਹਨ।ਚਮਕੌਰ ਚੰਦ ਨੇ ਆਪਣੇ ਛੋਟੇ ਭਰਾਵਾਂ ਨੂੰ ਸਮੇਂ ਸਮੇਂ ਸਿਰ ਕਾਰੋਬਾਰ 'ਚ ਸਫਲ ਹੋਣ ਲਈ ਪੂਰਾ ਗਾਈਡ ਕਰਕੇ ਸਫਲ ਕਾਰੋਬਾਰ ਦੇ ਮੁਕਾਮ ਤੇ ਪਹੁੰਚਾਉਣ ਲਈ ਅਹਿਮ ਭੂਮਿਕਾ ਨਿਭਾਈ ਹੈ।ਪਰਿਵਾਰ ਨੇ ਸ਼ੁਰੂ 'ਚ 'ਵਰਮਾ ਟੈਂਟ ਹਾਊਸ' ਖੋਲ੍ਹ ਕੇ ਬੜੀ ਮਿਹਨਤ ਕੀਤੀ ਜਿਸ ਸਦਕਾ ਇਹ ਪਰਿਵਾਰ ਇਲਾਕੇ 'ਚ ਵਧੀਆ ਅਸਰ ਰਸੂਖ ਹੋਣ ਕਰਕੇ ਅੱਜ ਜਿਊਲਰੀ ਦੇ ਕਾਰੋਬਾਰ 'ਚ ਨਾਮਣਾ ਖੱਟਿਆ ਹੈ। ਮਾਤਾ ਜੀ ਦੇ ਦੂਸਰੇ ਬੇਟੇ ਦਰਸ਼ਨ ਕੁਮਾਰ (ਵਰਮਾ ਜ਼ਿਊਲਰਜ਼) ਰਾਏਕੋਟ ਵਿਖੇ ਰਾਣੀ ਵਰਮਾ ਨਾਲ ਵਿਆਹੇ ਹੋਏ ਹਨ। ਉਨ੍ਹਾਂ ਦੀ ਬੇਟੀ ਮੀਨਾਕਸ਼ੀ ਵਰਮਾ ਅਹਿਮਦਗੜ੍ਹ ਮੰਡੀ ਵਿਖੇ ਸ੍ਰੀ ਮਨੀਸ਼ ਵਰਮਾ (ਜਿਊਲਰਜ਼) ਨਾਲ ਅਤੇ ਬੇਟੀ ਪ੍ਰੋਮਿਲਾ ਵਰਮਾ ਖੰਨਾ ਵਿਖੇ ਸ਼ੀ ਵਿਕਾਸ ਸੇਠ (ਜਿਊਲਰਜ਼) ਨਾਲ ਵਿਆਹੇ ਹੋਏ ਹਨ। ਬੇਟੇ ਹਰੀ ਓਮ ਦਾ ਰੀਆ ਵਰਮਾ ਅਤੇ ਰਮਨ ਵਰਮਾ ਦਾ ਵਿਆਹ ਜੋਤੀ ਵਰਮਾ (ਆਸਟ੍ਰੇਲੀਆ) ਨਾਲ ਹੋਇਆ ਹੈ। ਉਨ੍ਹਾਂ ਦਾ ਬੇਟਾ ਸਵ: ਭੀਮ ਸੈਨ ਸਰੀਰਕ ਵਿਕਾਸ ਨਾ ਹੋਣ ਕਾਰਨ ਛੋਟੀ ਉਮਰੇ ਹੀ ਅਕਾਲ ਚਲਾਣਾ ਕਰ ਗਿਆ ਸੀ। ਉਨ੍ਹਾਂ ਦੀ ਬੇਟੀ ਸਵ: ਦਰਸ਼ਨਾ ਦੇਵੀ ਪਤਨੀ ਸਵ: ਸ੍ਰੀ ਹਰਬੰਸ ਲਾਲ ਨਾਲ ਝਾਂਸੀ ਵਿਖੇ ਵਿਆਹੀ ਹੋਈ ਸੀ। ਉਨ੍ਹਾਂ ਦੀ ਦੂਸਰੀ ਬੇਟੀ ਕਿਰਨਾ ਦੇਵੀ ਪਟਿਆਲਾ ਵਿਖੇ ਸ੍ਰੀ ਮੋਹਨ ਲਾਲ ਨਾਲ ਵਿਆਹੀ ਹੋਈ ਹੈ। ਬੇਟੀ ਰੂਪ ਰਾਣੀ ਪਟਿਆਲਾ ਵਿਖੇ ਸ੍ਰੀ ਰਾਕੇਸ਼ ਕੁਮਾਰ ਨਾਲ ਵਿਆਹੀ ਹੋਈ ਹੈ।



ਮਾਤਾ ਜੀ ਦੇ ਬੇਟੇ ਸੁਰਿੰਦਰ ਕੁਮਾਰ (ਐਸ.ਕੇ.ਜਿਊਲਰਜ਼) ਦਾ ਵਿਆਹ ਮਧੂ ਵਰਮਾ ਨਾਲ ਹੋਇਆ। ਇਨ੍ਹਾ ਦਾ ਬੇਟਾ ਗਗਨ ਵਰਮਾ ਅਹਿਮਦਗੜ੍ਹ ਮੰਡੀ ਵਿਖੇ ਸਿਪਰਾ ਵਰਮਾ (ਸ.ਸ. ਮਿਸਟ੍ਰੈਸ) ਨਾਲ ਵਿਆਹ ਹੋਇਆ ਹੈ।ਮਾਤਾ ਜੀ ਦੇ ਬੇਟੇ ਕੁਲਦੀਪ ਕੁਮਾਰ (ਨਿਊ ਵਰਮਾ ਜਿਊਲਰਜ਼) ਦਾ ਵਿਆਹ ਮੰਜੂ ਵਰਮਾ (ਜਗਰਾਉਂ) ਨਾਲ ਹੋਇਆ ਹੈ।ਉਨ੍ਹਾਂ ਦੇ ਪਰਿਵਾਰ ਵਿੱਚ ਬੇਟਾ ਅਮਿਤ ਵਰਮਾ ਉਸ ਦੀ ਪਤਨੀ ਮੀਨਾਕਸ਼ੀ ਵਰਮਾ ਹਨ। ਬੇਟੀ ਏਕਤਾ ਵਰਮਾ ਆਪਣੇ ਪਤੀ ਰੋਹਿਤ ਵਰਮਾ ਨਾਲ ਅਮਰੀਕਾ 'ਚ ਰਹਿ ਰਹੀ ਹੈ। ਮਾਤਾ ਜੀ ਦਾ ਪਰਿਵਾਰ ਖਿੜੇ ਫੁੱਲ ਵਾਂਗ ਆਪਣੇ ਇਲਾਕੇ 'ਚ ਨਾਮਵਰ ਪਰਿਵਾਰ ਹੈ। ਇਸ ਪਰਿਵਾਰ ਨੇ ਜਿਥੇ ਜਿਊਲਰੀ ਦੇ ਕਾਰੋਬਾਰ ਵਿੱਚ ਦੂਰ ਦੂਰ ਤੱਕ ਵਰਮਾ ਪਰਿਵਾਰ ਦਾ ਨਾਮ ਚਮਕਾਇਆ ਹੈ, ਉਥੇ ਇਸ ਪਰਿਵਾਰ ਵਲੋਂ 'ਨਿਰਮਲ ਟਰੇਡਿੰਗ ਕੰਪਨੀ' ਅਤੇ 'ਮਾਂ ਰਾਈਸ ਮਿਲ' ਨਾਭਾ ਵਿਖੇ ਸਫਲਤਾ ਪੂਰਵਕ ਚਲਾ ਕੇ ਕਾਰੋਬਾਰੀ ਖੇਤਰ ' ਚ ਵੀ ਅਹਿਮ ਮੁਕਾਮ ਬਣਾਇਆ ਹੈ। ਮਾਤਾ ਜੀ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਉਹ ਰਿਸ਼ੀਕੇਸ਼ ਵਾਲੇ ਮਹਾਂ ਪੁਰਸਾਂ ਦੇ ਸੇਵਕ ਸਨ।ਉਹ 27 ਸਤੰਬਰ 2024 ਨੂੰ ਸਵੇਰੇ ਗੱਲ੍ਹਾਂ ਕਰਕੇ, ਟਹਿਲਦੇ ਰਹੇ ਹੋਇਆਂ। ਅਚਾਨਕ ਹੀ ਬਿਨ੍ਹਾਂ ਕਿਸੇ ਤਕਲੀਫ ਦੇ ਉਹ ਇਸ ਨਾਸ਼ਵਾਨ ਦੁਨੀਆਂ ਨੂੰ ਅਲਵਿਦਾ ਕਹਿ ਗਏ।ਇਹੋ ਜਿਹੀ ਮੌਤ ਵਿਰਲਿਆਂ ਨੂੰ ਹੀ ਆਉਂਦੀ ਹੈ। ਉਸ ਨੂੰ 6 ਪੜਪੋਤੇ, 7 ਪੜਪੋਤੀਆਂ, 2 ਪੜਦੋਹਤੇ ਅਤੇ 5 ਪੜਦੋਹਤੀਆਂ ਵਾਲੀ ਮਾਤਾ ਹੋਣ ਦਾ ਮਾਣ ਸੀ। ਪਰਿਵਾਰ ਨੂੰ ਭਾਵੇਂ ਮਾਤਾ ਜੀ ਦੇ ਵਿਛੋੜੇ ਦਾ ਦੁੱਖ ਤਾਂ ਹੈ ਪਰ ਇਸ ਤਰ੍ਹਾਂ ਮਾਤਾ ਜੀ ਦੇ ਜਾਣ ਨਾਲ ਪਰਿਵਾਰਿਕ ਮੈਂਬਰਾਂ ਦੇ ਮਨਾਂ ਨੂੰ ਧੀਰਜ ਮਿਲਿਆ ਹੈ। ਉਨ੍ਹਾ ਦੀ ਨਮਿੱਤ ਅੰਤਿਮ ਸਰਧਾਂਜਲੀ ਸਮਾਗਮ 'ਪੰਜਾਬ ਫਾਰਮ' ਪਟਿਆਲਾ ਰੋਡ ਨਾਭਾ ਵਿਖੇ 8 ਅਕਤੂਬਰ ਨੂੰ ਹੋਇਆ ਜਿਸ ਵਿੱਚ ਭਾਰੀ ਗਿਣਤੀ ਵਿੱਚ ਇਲਾਕੇ ਦੇ ਜਿਊਲਰੀ ਕਾਰੋਬਾਰੀ, ਸਿੱਖਿਆ ਵਿਭਾਗ ਦੇ ਕਰਮਚਾਰੀ, ਅਧਿਆਪਕ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ, ਇਲਾਕੇ ਦੇ ਸਰਪੰਚ, ਐਮ. ਸੀ., ਰਾਜਨੀਤਕ ਨੇਤਾ ਆਦਿ ਮਾਤਾ ਗੀਤਾ ਦੇਵੀ ਨੂੰ ਸਰਧਾਂਜ਼ਲੀ ਦੇਣ ਆਏ। ਚੇਅਰਮੈਨ ਜੱਸੀ ਸੋਹੀਆਂ, ਜਿਲ੍ਹਾ ਵਿਕਾਸ ਯੋਜਨਾ ਬੋਰਡ ਪਟਿਆਲਾ ਨੇ ਵਰਮਾ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਅਤੇ ਮਾਂ ਨੂੰ ਰੱਬ ਦਾ ਰੂਪ ਦੱਸਿਆ।ਇਸ ਸਮੇਂ ਸ੍ਰ.ਦੀਦਾਰ ਸਿੰਘ ਡਿਪਟੀ ਡੀ.ਈ.ਓ. (ਸੈ: ਸਿ:) ਫਤਿਹਗੜ੍ਹ ਸਾਹਿਬ ਵੀ ਹਾਜ਼ਰ ਹੋਏ। ਅਖੀਰ 'ਚ ਸ੍ਰ. ਸਤਵਿੰਦਰ ਸਿੰਘ ਟੋਹੜਾ (ਮੈਂਬਰ ਸ੍ਰੋ. ਗੁ. ਪ੍ਰਬੰਧਕ ਕਮੇਟੀ) ਨੇ ਮਾਂ ਦੀ ਮਹੱਤਤਾ ਬਾਰੇ ਦੱਸਿਆ ਅਤੇ ਵਰਮਾ ਪਰਿਵਾਰ ਵਲੋਂ ਆਈ ਸੰਗਤ ਦਾ ਧੰਨਵਾਦ ਕੀਤਾ।ਬਹਤ ਸਾਰੀਆਂ ਸੰਸਥਾਵਾਂ ਆਦਿ ਵਲੋਂ ਸੌਕ ਸੰਦੇਸ਼ ਭੇਜੇ ਗਏ। ਇਸ ਸਮੇਂ ਪਰਿਵਾਰ ਨੇ ਨਾਭਾ ਸ਼ਹਿਰ ਅਤੇ ਪਿੰਡ ਦੰਦਰਾਲਾ ਢੀਂਡਸਾ ਦੇ ਧਾਰਮਿਕ ਸਥਾਨਾਂ ਅਤੇ ਸਕੂਲਾਂ ਲਈ ਵਿੱਤੀ ਰੂਪ 'ਚ ਦਾਨ ਦੇਣ ਦਾ ਐਲਾਨ ਕੀਤਾ।ਸਟੇਜ ਦੀ ਕਾਰਵਾਈ ਰਾਸਟਰੀ ਐਵਾਰਡੀ ਸ੍ਰ. ਗੁਰਪ੍ਰੀਤ ਸਿੰਘ ਨਾਮਧਾਰੀ ਵਲੋਂ ਪਰਿਵਾਰ ਦੇ ਸਮਾਜ 'ਚ ਉੱਚੇ ਰੁਤਬੇ ਨੂੰ ਪ੍ਰਾਪਤ ਕਰਨ 'ਚ ਮਾਤਾ ਜੀ ਦੇ ਆਸੀਰਵਾਦ ਸਦਕਾ ਹੀ ਸੰਭਵ ਹੋਣ ਬਾਰੇ ਦੱਸਿਆ। ਉਨ੍ਹਾਂ ਨੇ ਸਟੇਜ਼ ਦੀ ਕਾਰਵਾਈ ਮਾਂ ਦੀ ਅਹਿਮੀਅਤ ਨੂੰ ਵਿੱਚ -ਵਿੱਚ ਦੱਸ਼ਦੇ ਹੋਏ, ਬਾਖੂਬੀ ਨਿਭਾਈ। **– ਮੇਜਰ ਸਿੰਘ ਨਾਭਾ**

# ਲੰਡਨ ਦੀ ਪਹਿਲੀ ਮਹਿਲਾ ਕੌਂਸਲਰ ਰੇਹਾਨਾ ਆਮਿਰ ਦੀ ਦੇਸ਼ ਭਗਤ ਯੂਨੀਵਰਸਿਟੀ 'ਚ ਫੇਰੀ

**ਮੰਡੀ ਗੋਬਿੰਦਗੜ੍ਹ–** ਲੰਡਨ ਕਾਰਪੋਰੇਸ਼ਨ ਦੇ 950 ਸਾਲਾ ਇਤਿਹਾਸ ਵਿੱਚ ਕੌਂਸਲਰ ਵਜੋਂ ਚੁਣੀ ਗਈ ਪਹਿਲੀ ਭਾਰਤੀ ਮੂਲ ਦੀ ਮਹਿਲਾ ਰੇਹਾਨਾ ਅਮੀਰ ਦਾ ਦੇਸ਼ ਭਗਤ ਯੂਨੀਵਰਸਿਟੀ ਕੈਂਪਸ ਵਿੱਚ ਨਿੱਘਾ ਸਵਾਗਤ ਕੀਤਾ ਗਿਆ। ਰੇਹਾਨਾ ਅਮੀਰ ਨੇ ਸਿਹਤ




ਸੰਭਾਲ, ਸਿੱਖਿਆ, ਟੈਕਨਾਲੋਜੀ ਅਤੇ ਅੰਤਰਰਾਸ਼ਟਰੀ ਵਪਾਰ ਲਈ ਜਨੂੰਨ ਵਾਲੀ ਇੱਕ ਪ੍ਰਮੁੱਖ ਕਾਰੋਬਾਰੀ ਅਤੇ ਜਨਤਕ ਨੀਤੀ ਦੀ ਨੇਤਾ, ਨੇ ਯੂਨੀਵਰਸਿਟੀ ਦੀ ਪ੍ਰਬੰਧਕੀ ਟੀਮ ਨਾਲ ਚਰਚਾ ਕੀਤੀ। ਸ੍ਰੀਮਤੀ ਰੇਹਾਨਾ ਅਮੀਰ ਨੇ ਆਪਣੀ ਫੇਰੀ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਅਤੇ ਯੂ।ਕੇ। ਯੂਨੀਵਰਸਿਟੀਆਂ ਦਰਮਿਆਨ ਸੰਭਵ ਸਹਿਯੋਗੀ ਪਹਿਲਕਦਮੀਆਂ ਦੀ ਪੜਚੋਲ ਕਰਨ ਲਈ ਚਾਂਸਲਰ ਡਾ। ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ, ਵਾਈਸ ਪ੍ਰੈਜ਼ੀਡੈਂਟ ਡਾ। ਹਰਸ਼ ਸਦਾਵਰਤੀ ਅਤੇ ਯੂਨੀਵਰਸਿਟੀ ਦੇ ਵੱਖ-ਵੱਖ ਡਾਇਰੈਕਟਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੀ ਚਰਚਾ ਸਿੱਖਿਆ ਅਤੇ ਸਿਹਤ ਸੰਭਾਲ ਵਿੱਚ ਇੱਕ ਟਿਕਾਊ ਭਵਿੱਖ ਨੂੰ ਉਤਸ਼ਾਹਿਤ ਕਰਨ ਲਈ ਜਨਤਕ ਨੀਤੀ 'ਤੇ ਕੇਂਦਰਿਤ ਸੀ। ਇਨ੍ਹਾਂ ਯਤਨਾਂ ਦਾ ਉਦੇਸ਼ ਪ੍ਰਭਾਵਸ਼ਾਲੀ ਭਾਈਵਾਲੀ ਬਣਾਉਣਾ ਹੈ ਜੋ ਨਵੀਨਤਾ ਅਤੇ ਸਾਂਝੇ ਗਿਆਨ 'ਤੇ ਕੇਂਦ੍ਰਤ ਕਰਦੇ ਹੋਏ, ਭਾਰਤੀ ਅਤੇ ਯੂ.ਕੇ. ਦੇ ਸਹਿਯੋਗ ਨੂੰ ਵਧਾਉਂਦੇ ਹਨ। ਇਸ ਦਾ ਦੇਸ਼ਾਂ ਦੇ ਦੋਵਾਂ ਵਿਦਿਆਰਥੀਆਂ ਨੂੰ ਲਾਭ ਹੋਵੇਗਾ। ਇਸ ਮੌਕੇ ਰੇਹਾਨਾ ਅਮੀਰ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਭਾਈਵਾਲੀ ਰਾਹੀਂ ਸਿੱਖਿਆ ਅਤੇ ਸਿਹਤ ਸੰਭਾਲ ਨੂੰ ਅੱਗੇ ਵਧਾਉਣ ਲਈ ਦੇਸ਼ ਭਗਤ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਪ੍ਰਭਾਵਿਤ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦੋਵਾਂ ਦੇ ਸਹਿਯੋਗੀ ਯਤਨ ਪਰਿਵਰਤਨਸ਼ੀਲ ਸਿੱਖਿਆ ਅਤੇ ਸਿਹਤ ਸੰਭਾਲ ਪਹਿਲਕਦਮੀਆਂ ਵੱਲ ਲੈ ਜਾਣਗੇ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਲਾਭ ਪਹੁੰਚਾਉਣਗੇ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਵੀ ਅਜਿਹੀਆਂ ਗਲੋਬਲ ਭਾਈਵਾਲੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ, "ਡੀਬੀਯੂ ਵਿਖੇ, ਅਸੀਂ ਆਪਣੇ ਵਿਦਿਆਰਥੀਆਂ ਨੂੰ ਵਧੀਆ ਵਿਦਿਅਕ ਅਤੇ ਸਿਹਤ ਸੰਭਾਲ ਦੇ ਮੌਕੇ ਪ੍ਰਦਾਨ ਕਰਨ ਲਈ ਸਰਹੱਦਾਂ ਦੇ ਪਾਰ ਪੁਲ ਬਣਾਉਣ ਲਈ ਵਚਨਬੱਧ ਹਾਂ।" ਰੇਹਾਨਾ ਆਮਿਰ ਅਤੇ ਯੂਕੇ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਇਹ ਸਹਿਯੋਗ ਗਲੋਬਲ ਉੱਤਮਤਾ ਲਈ ਸਾਡੇ ਸਮਰਪਣ ਦਾ ਪ੍ਰਮਾਣ ਹੈ।" ਇਹ ਦੌਰਾ ਦੇਸ਼ ਭਗਤ ਯੂਨੀਵਰਸਿਟੀ ਅਤੇ ਯੂਕੇ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿਚਕਾਰ ਇੱਕ ਫਲਦਾਇਕ ਸਬੰਧਾਂ ਦੀ ਸ਼ੁਰੂਆਤ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸ ਨਾਲ ਸਿੱਖਿਆ ਅਤੇ ਸਿਹਤ ਸੰਭਾਲ ਵਿੱਚ ਇੱਕ ਉੱਜਵਲ ਅਤੇ ਵਧੇਰੇ ਟਿਕਾਊ ਭਵਿੱਖ ਲਈ ਰਾਹ ਪੱਧਰਾ ਹੁੰਦਾ ਹੈ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ




Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਨਿਊਜ਼ੀਲੈਂਡ ਦੇ ਵਿਚ ਅੱਧੇ ਤੋਂ ਵੱਧ ਨੇ ਲਿਖ ਦਿੱਤਾ ''ਸਾਡਾ ਕੋਈ ਧਰਮ ਨਹੀਂ''

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਧਰਮ ਦੀ ਮਹੱਤਤਾ ਬਾਰੇ ਗੱਲ ਕਰਨੀ ਹੋਵੇ ਤਾਂ ਇਹ ਇੱਕ ਜਟਿਲ ਅਤੇ ਗਹਿਰਾ ਨਿੱਜੀ ਵਿਸ਼ਾ ਹੋ ਸਕਦਾ ਹੈ ਅਤੇ ਇਸ ਬਾਰੇ ਵਿਚਾਰ ਵੱਖ-ਵੱਖ ਹੋ ਸਕਦੇ ਹਨ। ਕਈ ਲੋਕਾਂ ਲਈ, ਧਰਮ ਅਜੇ ਵੀ ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜੋ ਕਿ ਉਨ੍ਹਾਂ ਨੂੰ ਸਮੁਦਾਇਕਤਾ, ਨੈਤਿਕ ਮਾਰਗਦਰਸ਼ਨ ਅਤੇ ਆਤਮਿਕ ਸੰਤੁਸ਼ਟੀ ਪ੍ਰਦਾਨ ਕਰਦਾ ਹੈ। ਜਦ ਕਿ ਕਈ ਹੋਰ ਲੋਕਾਂ ਨੂੰ ਫ਼ਲਸਫ਼ਾ, ਵਿਗਿਆਨ ਜਾਂ ਨਿੱਜੀ ਅਨੁਭਵਾਂ ਰਾਹੀਂ ਜ਼ਿੰਦਗੀ ਦੇ ਅਰਥ ਅਤੇ ਮਕਸਦ ਮਿਲਦੇ ਪ੍ਰਤੀਤ ਹੁੰਦੇ ਹਨ। ਇਹ ਇੱਕ ਬਹੁਤ ਹੀ ਦਿਲਚਸਪ ਵਿਚਾਰ ਹੈ। ਧਰਮ ਬਾਰੇ ਦੁਨੀਆ ਭਰ ਦੇ ਵਿਚਾਰ ਬਹੁਤ ਵੱਖ-ਵੱਖ ਹਨ। ਕੁਝ ਮੁਲਕਾਂ ਵਿੱਚ ਲੋਕ ਧਰਮ ਨੂੰ ਬਹੁਤ ਮਹੱਤਵ ਦੇਂਦੇ ਹਨ, ਜਦਕਿ ਹੋਰ ਮੁਲਕਾਂ ਵਿੱਚ ਲੋਕਾਂ ਦੀ ਧਰਮ ਵਿੱਚ ਦਿਲਚਸਪੀ ਘੱਟ ਹੋ ਰਹੀ ਹੈ। ਇਕ ਹੋਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਧਰਮ ਦੇ ਰੂਪ ਅਤੇ ਉਸ ਦੀ ਭੂਮਿਕਾ ਸਮੇਂ ਦੇ ਨਾਲ ਬਦਲ ਰਹੀ ਹੈ। ਕਈ ਧਰਮ ਜਨਮ ਲੈਂਦੇ ਹਨ, ਵਧਦੇ ਹਨ ਅਤੇ ਫਿਰ ਖਤਮ ਹੋ ਜਾਂਦੇ ਹਨ।




ਨਿਊਜ਼ੀਲੈਂਡ ਦੀ ਗੱਲ ਕਰੀਏ ਵੀਰ ਅਵਤਾਰ ਤਰਕਸ਼ੀਲ ਹੋਰਾਂ ਨੇ ਇਕ ਨਿਊਜ਼ੀਲੈਂਡ ਦੀ ਤਾਜ਼ਾ ਮਰਦਮਸ਼ੁਮਾਰੀ ਉਪਰੰਤ ਵਿਸਤ੍ਰਿਤ ਰਿਪੋਰਟ ਭੇਜੀ ਹੈ ਜੋ ਕਿ ਇਥੇ ਸਾਂਝੀ ਕਰ ਰਹੇ ਹਾਂ। ਨਿਊਜ਼ੀਲੈਂਡ ਸੈਂਸਸ ਵਿਭਾਗ ਅਨੁਸਾਰ ਇਥੇ ਵਸਦੇ ਅੱਧੋਂ ਵੱਧ (51.6%) ਲੋਕਾਂ ਦਾ ਕੋਈ ਧਰਮ ਨਹੀਂ ਹੈ। ਅੰਕੜੇ ਦਸਦੇ ਹਨ ਕਿ ਇਸਾਈ ਧਰਮੀਆਂ ਦੀ ਆਬਾਦੀ 36.5% (2018) ਤੋਂ ਘਟ ਕੇ 32.3% (2023) ਰਹਿ ਗਈ ਹੈ। ਅੱਧ ਤੋਂ ਵੱਧ ਲੋਕਾਂ ਨੇ ਕਿਹਾ ਹੈ ਕਿ ਉਨ੍ਹਾਂ ਦਾ ਕੋਈ ਧਰਮ ਨਹੀਂ ਹੈ। ਇੱਕ ਮਾਹਿਰ ਦੇ ਕਹਿਣ ਮੁਤਾਬਕ ਇਹ ਨਵੀਂ ਪੀੜ੍ਹੀ ਦੀ ਸੋਚਣੀ ਦੇ ਫਰਕ ਕਾਰਣ ਹੋਇਆ ਹੈ। ਹੁਣ ਨਿਊਜ਼ੀਲੈਂਡ ਦੇ ਵਿਚ ਧਾਰਮਿਕ ਨਾ ਅਖਵਾਉਣ ਵਾਲੇ ਲੋਕਾਂ ਦੀ ਗਿਣਤੀ 48.2% (2018) ਤੋਂ ਵਧ ਕੇ 51.6% (2023) ਹੋ ਗਈ ਹੈ ਭਾਵ ਸੰਨ 2023 ਵਿੱਚ ਧਾਰਮਿਕ ਨਾ ਅਖਵਾਉਣ ਵਾਲਿਆਂ ਦੀ ਗਿਣਤੀ 2,576,049 ਹੋ ਗਈ ਹੈ। ਧਾਰਮਿਕ ਲੋਕਾਂ ਵਿੱਚ ਅਜੇ ਵੀ ਇਸਾਈ ਲੋਕਾਂ ਦੀ ਬਹੁਤਾਤ ਹੈ ਜੋ ਕਿ ਘਟ ਕੇ 36.5% (2018) ਤੋਂ 32.3% (2023) ਤੱਕ ਰਹਿ ਗਈ ਹੈ। ਮੈਸੀ ਯੂਨੀਵਰਸਿਟੀ ਦੇ ਪ੍ਰੋਫੈਸਰ ਐਮਰਿਟਸ ਆਫ ਹਿਸਟਰੀ ਪੀਟਰ ਲਿਨਹਿਮ ਨੇ ਕਿਹਾ ਕਿ ਬਾਕੀ ਧਰਮਾਂ ਦੇ ਮੁਕਾਬਲੇ ਇਸਾਈ ਧਰਮ ਦੀ ਪਕੜ ਲੰਬੇ ਸਮੇਂ ਤੋਂ ਖਾਸ ਤੌਰ ਤੇ ਘਟੀ ਹੈ।

ਨੌਜਵਾਨ ਪੀੜ੍ਹੀ ਇਹ ਮਹਿਸੂਸ ਕਰਦੀ ਹੈ ਕਿ ਧਾਰਮਿਕ ਸੰਸਥਾਵਾਂ ਨਾਲ ਓਨਾ ਚਿਰ ਜੁੜਨ ਦਾ ਕੋਈ ਫਾਇਦਾ ਨਹੀਂ ਹੈ ਜਦ ਤੱਕ ਧਾਰਮਿਕ ਸੰਸਥਾਵਾਂ ਦੀ ਕੋਈ ਮਜ਼ਬੂਤ ਕਮਿਟਮੈਂਟ ਨਹੀਂ ਹੈ। ਪ੍ਰੋ. ਲਿਨਹਿਮ ਨੇ ਕਿਹਾ ਕਿ ''ਪਿਛਲੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ 'ਐਤਵਾਰ ਦਾ ਸਕੂਲ' ਕਹਿ ਕੇ ਧਰਮ ਨਾਲ ਜੋੜਿਆ ਗਿਆ ਸੀ। ਇਹ ਵਿਛਾਇਆ ਹੋਇਆ ਜਾਲ ਨਵੀਂ ਪੀੜ੍ਹੀ ਤੇ ਹੁਣ ਕੰਮ ਨਹੀਂ ਕਰਦਾ ਹੈ ਕਿਉਂਕਿ ਹੁਣ 'ਐਤਵਾਰ ਦੇ ਸਕੂਲ' ਨਹੀਂ ਹਨ। ਮਾਪੇ ਵੀ ਆਪਣੇ ਬੱਚਿਆਂ ਨੂੰ 'ਐਤਵਾਰ ਸਕੂਲ' ਵਿੱਚ ਨਹੀਂ ਭੇਜਣਾ ਚਾਹੁੰਦੇ, ਉੱਥੇ ਬੱਚਿਆਂ ਨੂੰ ਖਿੱਚਣ ਲਈ ਬਹੁਤ ਘੱਟ ਕੁਦਰਤੀ ਖਿੱਚ ਬਚੀ ਹੈ। ਬੀਤੇ ਸਮੇਂ ਵਿੱਚ 'ਐਤਵਾਰ ਸਕੂਲ' ਬੱਚਿਆਂ ਨੂੰ ਚੰਗੇ ਮਾੜੇ ਦਾ ਫਰਕ ਦੱਸਣ ਦੇ ਕੰਮ ਆਉਂਦੇ ਸਨ ਪਰੰਤੂ ਹੁਣ ਕਮਿਊਨਟੀ ਵਿੱਚ ਬਦਲਾਓ ਦੇਖਣ ਨੂੰ ਮਿਲਿਆ ਹੈ। ਐਤਵਾਰ ਦੀ ਪਵਿੱਤਰਤਾ ਜਾਂਦੀ ਲੱਗੀ ਹੈ ਅਤੇ ਧਰਮ ਆਪਣੇ ਆਪ (ਆਟੋਮੇਟਿਕ) ਵਧੀਆ ਕਰਨ ਵਾਲਾ ਨਹੀਂ ਸਮਝਿਆ ਜਾਂਦਾ।''

ਹੋਰ ਵੱਡੇ ਧਾਰਮਿਕ ਸਮੂਹਾਂ ਵਿੱਚ ਹਿੰਦੂ 2.6% (2018) ਤੋਂ 2.9% (2023) ਅਤੇ ਇਸਲਾਮ 1.3% ਤੋਂ 1.5% ਵਧੇ ਹਨ। ਪ੍ਰੋ. ਲਿਨਹਿਮ ਮੁਤਾਬਿਕ ਇਹ ਵਾਧਾ ਵਿਦੇਸ਼ਾਂ ਵਿੱਚੋਂ ਨਵੇਂ ਆਉਣ ਵਾਲੇ ਪ੍ਰਵਾਸੀਆਂ ਕਾਰਨ ਹੋਇਆ ਹੈ ਜਿਨ੍ਹਾਂ ਵਿੱਚੋਂ ਜਿਆਦਾ ਭਾਰਤ ਵਿੱਚੋਂ ਆਏ ਹਨ। ਐਂਗਲਿਕਨ ਚਰਚ ਨਿਊਜ਼ੀਲੈਂਡ ਅਤੇ ਪੌਲੀਨੇਸ਼ੀਆ ਦੇ ਤਿੰਨਾਂ ਵਿੱਚੋਂ ਇੱਕ ਆਰਕਬਿਸ਼ਪ ਜਸਟਿਨ ਡਕਵਰਥ ਨੇ ਕਿਹਾ ਕਿ ਨਿਊਜ਼ੀਲੈਂਡ ਨੇ ਇਸਾਈ ਧਰਮ ਵਿੱਚ ਯਕੀਨ ਦੀ 'ਕਲਚਰ ਨੌਰਮੈਲਿਟੀ' ਤੋਂ ਮੂੰਹ ਮੋੜ ਲਿਆ ਹੈ। ਲੋਕਾਂ ਇਸ ਤਰਾਂ ਕਿਉਂ ਕੀਤਾ ਬਾਰੇ ਡਕਵਰਥ ਨੇ ਕਿਹਾ ਕਿ ਮਾਓਰੀ ਭਾਸ਼ਾ (ਤੀ ਆਓ ਮਾਓਰੀ te ao Maori) ਦੀ ਪਹਿਚਾਣ ਵਧੀ ਹੈ ਜੋ ਕਿ ਚੰਗੀ ਗੱਲ ਹੈ। ਪੱਛਮੀ ਦੁਨੀਆ ਵਿੱਚ ਆਪਣੇ ਪੁਰਾਣੇ ਧਾਰਮਿਕ ਯਕੀਨ ਛੱਡ ਕੇ ਸੈਕੂਲਰ (ਕਿਸੇ ਵੀ ਧਰਮ ਵਿੱਚ ਯਕੀਨ ਨਾ ਕਰਨ ਵਾਲਾ) ਹੋਣ ਦਾ ਰੁਝਾਨ ਵਧਿਆ ਹੈ। ਡਕਵਰਥ ਨੇ ਮਹਿਸੂਸ ਕੀਤਾ ਕਿ ਲੋਕ ਅਜੇ ਵੀ ਆਸਥਾ ਦੇ ਸਵਾਲੀ ਹਨ ਪਰੰਤੂ ਪੀੜ੍ਹੀਆਂ ਤੋਂ ਚੱਲੇ ਆ ਰਹੇ ਯਕੀਨ ਤੋਂ ਕੁੱਝ ਥਾਵਾਂ ਤੇ ਪਾਸਾ ਵੱਟ ਰਹੇ ਹਨ।

# ਗੁਰਦੁਆਰਾ ਸਾਹਿਬ ਹੇਸਟਿੰਗਜ਼ ਵਿਖੇ 6 ਤੋਂ 13 ਅਕਤੂਬਰ ਤੱਕ ਵਿਸ਼ੇਸ਼ ਸਮਾਗਮ-ਅੰਮ੍ਰਿਤ ਸੰਚਾਰ 12 ਨੂੰ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਗੁਰਦੁਆਰਾ ਸਾਹਿਬ ਹੇਸਟਿੰਗਜ਼ ਵਿਖੇ 12ਵਾਂ ਮਹਾਨ ਮਾਤਾ ਸੁਲੱਖਣੀ ਜੀ ਨਾਮ ਅਭਿਆਸ ਕਮਾਈ ਸਮਾਗਮ 06 ਅਕਤੂਬਰ ਤੋਂ 13 ਅਕਤੂਬਰ ਤੱਕ ਹੋ ਰਿਹਾ ਹੈ। ਸਵੇਰੇ ਅੰਮ੍ਰਿਤ ਵੇਲੇ 3।45 ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨਾਲ ਰੋਜ਼ਾਨਾ ਦੇ ਸਮਾਗਮ ਸ਼ੁਰੂ ਹੋਣਗੇ ਅਤੇ ਰਾਤ 8 ਵਜੇ ਤੱਕ ਜਾਰੀ ਰਿਹਾ ਕਰਨਗੇ। ਇਸ ਦੌਰਾਨ ਨਿਤਨੇਮ, ਨਾਮ ਸਿਮਰਨ, ਕੀਰਤਨ ਅਤੇ ਕਥਾ ਦੇ ਪ੍ਰਵਾਹ ਚੱਲਣਗੇ। 12 ਅਕਤੂਬਰ ਨੂੰ ਦੁਪਹਿਰ 12 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੋ ਰਿਹਾ ਹੈ। ਇਸੇ ਦਿਨ ਗੁਰਬਾਣੀ ਕੰਠ, ਕੀਰਤਨ ਅਤੇ ਦਸਤਾਰ ਸਜਾਓ ਦੇ ਮੁਕਾਬਲੇ ਵੀ ਕਰਵਾਏ ਜਾਣਗੇ।

ਭਾਈ ਸੁਖਦੇਵ ਸਿੰਘ ਡੱਲਾ ਸੁਲਤਾਨਪੁਰ ਲੋਧੀ ਵਾਲੇ ਪਹੁੰਚੇ: ਇਨ੍ਹਾਂ ਸਮ-ਾਗਮਾਂ ਵਿਚ ਗੁਰਬਾਣੀ ਕਥਾ ਦੇ ਨਾਲ ਸੰਗਤਾਂ ਨੂੰ ਜੋੜਨ ਦੇ ਲਈ ਭਾਈ ਸੁਖਦੇਵ ਸਿੰਘ ਡੱਲਾ ਸੁਲਤਾਨਪੁਰ ਲੋਧੀ ਵਾਲੇ ਪਹੁੰਚ ਗਏ ਹਨ। ਅੱਜ ਪਹਿਲਾਂ ਔਕਲੈਂਡ ਏਅਰਪੋਰਟ ਵਿਖੇ ਅਤੇ ਫਿਰ ਲੋਕਲ ਫਲਾਈਟ ਰਾਹੀਂ ਨੇਪੀਅਰ ਹਵਾਈ ਅੱਡੇ ਉਤੇ ਪੁੱਜਣ 'ਤੇ ਉਨ੍ਹਾਂ ਦਾ ਪ੍ਰਬੰਧਕਾਂ ਵੱਲੋਂ ਸਵਾਗਤ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਸਮੂਹ ਸੰਗਤ ਨੂੰ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਗਈ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਨਿਊਜ਼ੀਲੈਂਡ-2023 ਮਰਦਮਸ਼ੁਮਾਰੀ ਅਨੁਸਾਰ 292,092 ਨੇ ਕਿਹਾ ਅਸੀਂ ਹਾਂ ਭਾਰਤੀ

## 49,656 ਨੇ ਕਿਹਾ ਕਿ ਅਸੀਂ ਬੋਲਦੇ ਹਾਂ 'ਪੰਜਾਬੀ'

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਹਰ 5 ਸਾਲ ਬਾਅਦ ਮਰਦਮਸ਼ੁਮਾਰੀ ਹੁੰਦੀ ਹੈ। ਪਿਛਲੇ ਸਾਲ (2023) ਵਿਚ ਹੋਈ ਮਰਦਮਸ਼ੁਮਾਰੀ ਦੇ ਅੰਕੜੇ ਇਕ-ਇਕ ਕਰਕੇ ਆ ਰਹੇ ਹਨ। ਅੱਜ ਆਏ ਅੰਕੜਿਆਂ ਅਨੁਸਾਰ ਨਿਊਜ਼ੀਲੈਂਡ ਵਸਦੇ ਭਾਰਤੀ ਹੁਣ ਤੀਜੇ ਨੰਬਰ ਉਤੇ ਆ ਗਏ ਹਨ। ਇਥੇ ਰਹਿਣ ਵਾਲਿਆਂ ਵਿਚੋਂ 292,092 (5.8%) ਨੇ ਲਿਖਵਾਇਆ ਹੈ ਕਿ ਉਹ ਭਾਰਤੀ ਮੂਲ ਦੇ ਹਨ। ਬਾਕੀ ਅੰਕੜੇ ਬੋਲਦੇ ਹਨ ਕਿ ਪਹਿਲੇ ਨੰਬਰ ਉਤੇ ਯੂਰਪੀਅਨ ਲੋਕ 3,099,858 (62.1%) ਇਥੇ ਰਹਿੰਦੇ ਹਨ ਅਤੇ ਦੂਜੇ ਨੰਬਰ ਉਤੇ ਮਾਓਰੀ ਲੋਕ




887,493 (17.8%) ਰਹਿੰਦੇ ਹਨ। ਤੀਜੇ ਉਤੇ ਭਾਰਤੀ ਜਿਵੇਂ ਉਪਰ ਲਿਖਿਆ ਹੈ ਅਤੇ ਚੌਥੇ ਨੰਬਰ ਉਤੇ ਚਾਈਨੀਜ਼ 279,039 (5.6%) ਅਤੇ ਪੰਜਵੇਂ ਉਤੇ ਸਾਮੋਅਨ ਲੋਕ 213,069 (4.3%) ਇਥੇ ਰਹਿੰਦੇ ਹਨ।

ਨਿਊਜ਼ੀਲੈਂਡ ਦੇ ਵਿਚ ਇਸ ਵੇਲੇ 150 ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਰਲਵੇਂ-ਮਿਲਵੇਂ ਲੋਕ ਰਹਿੰਦੇ ਹਨ। ਨਿਊਜ਼ੀਲੈਂਡ ਦੇ 28.8% ਲੋਕ ਵਿਦੇਸ਼ਾਂ ਵਿੱਚ ਪੈਦਾ ਹੋਏ ਹਨ ਜਦ ਕਿ ਬਾਕੀ 71.2% ਇਥੇ ਹੀ ਪੈਦਾ ਹੋਏ। ਜਨਗਣਨਾ ਵਿੱਚ 200 ਤੋਂ ਵੱਧ ਵੱਖ-ਵੱਖ ਜਨਮ ਸਥਾਨਾਂ ਨੂੰ ਰਿਕਾਰਡ ਕੀਤਾ ਗਿਆ ਹੈ, ਜੋ ਕਿ ਉਤਰ ਵਾਲੇ ਪਾਸੇ ਆਈਸਲੈਂਡ ਵਿੱਚ ਪੈਦਾ ਹੋਏ ਲੋਕਾਂ ਤੋਂ ਲੈ ਕੇ ਦੱਖਣ ਵਿੱਚ ਅਰਜਨਟੀਨਾ ਤੱਕ ਹੈ। ਇਥੇ ਰਹਿਣ ਵਾਲਿਆਂ ਦੀ ਆਬਾਦੀ ਵਿੱਚੋਂ 35 ਲੱਖ ਲੋਕ ਨਿਊਜ਼ੀਲੈਂਡ ਵਿੱਚ ਪੈਦਾ ਹੋਏ ਹਨ ਅਤੇ 14 ਲੱਖ ਵਿਦੇਸ਼ ਵਿੱਚ ਪੈਦਾ ਹੋਏ ਸਨ। ਇਥੇ ਰਹਿੰਦੇ ਇੰਗਲੈਂਡ ਜਨਮਿਆਂ ਦੀ ਗਿਣਤੀ ਪਿਛਲੇ ਪੰਜਾਂ ਸਾਲਾਂ ਵਿਚ 1.2% ਘਟੀ ਹੈ ਜਦ ਕਿ ਚੀਨ ਵਾਲਿਆਂ ਦੀ ਗਿਣਤੀ 9.4% ਵਧੀ ਅਤੇ ਫਿਲਪੀਨਜ਼ ਜਨਮਿਆਂ ਦੀ ਗਿਣਤੀ 46.8% ਤੱਕ ਵਧੀ ਹੈ। ਭਾਰਤ ਜਨਮਿਆਂ ਦੀ ਗਿਣਤੀ 2013 ਦੇ ਵਿਚ 67,176, 2028 ਦੇ ਵਿਚ 117,348 ਅਤੇ 2023 ਦੇ ਵਿਚ 142,920 ਹੋ ਗਈ ਹੈ ਜੋ ਕਿ 21.8% ਦਾ ਵਾਧਾ ਹੈ।

ਭਾਸ਼ਾ ਦਾ ਵਿਸਥਾਰ: ਮੂਲ ਮਾਓਰੀ ਲੋਕਾਂ ਦਾ ਭਾਸ਼ਾ ਪ੍ਰਤੀ ਉਤਸ਼ਾਹ ਅਤੇ ਪ੍ਰਚਾਰ ਇਸ ਗੱਲ ਲਈ ਵਧਾਈ ਦਾ ਹੱਕਦਾਰ ਹੈ ਕਿ ਇਥੇ ਹੁਣ ਮਾਓਰੀ ਭਾਸ਼ਾ ਬੋਲਣ ਵਾਲੇ ਲੋਕ 213,849 ਹੋ ਗਏ ਹਨ। 2018 ਦੇ ਵਿਚ ਇਹ ਗਿਣਤੀ 185,955 ਸੀ ਅਤੇ ਇਹ ਵਾਧਾ 27,894 ਲੋਕਾਂ (15%) ਦਾ ਹੋਇਆ ਹੈ। ਗਿਸਬੋਰਨ ਅਤੇ ਨੌਰਥ-ਲੈਂਡ ਖੇਤਰਾਂ ਵਿੱਚ ਤੀ-ਰੀਓ (ਮਾਓਰੀ) ਬੋਲਣ ਵਾਲਿਆਂ ਦਾ ਸਭ ਤੋਂ ਵੱਧ ਅਨੁਪਾਤ ਕ੍ਰਮਵਾਰ 16.9 ਪ੍ਰਤੀਸ਼ਤ ਅਤੇ 10.1 ਪ੍ਰਤੀਸ਼ਤ ਹੈ। ਇਹਨਾਂ ਖੇਤਰਾਂ ਵਿੱਚ ਮਾਓਰੀ ਆਬਾਦੀ ਦਾ ਸਭ ਤੋਂ ਵੱਡਾ ਅਨੁਪਾਤ ਕ੍ਰਮਵਾਰ 54।8 ਅਤੇ 37.4 ਪ੍ਰਤੀਸ਼ਤ ਹੈ।

ਪੰਜਾਬੀ ਭਾਸ਼ਾ ਨੇ ਵੀ ਗਤੀ ਫੜੀ: ਇਥੇ ਵਸਦੇ ਪੰਜਾਬੀ ਭਾਈਚਾਰੇ ਅਤੇ ਪੰਜਾਬੀ ਬੋਲਣ ਵਾਲਿਆਂ ਦੇ ਲਈ ਖੁਸ਼ੀ ਵਾਲੀ ਗੱਲ ਹੈ ਕਿ ਨਿਊਜ਼ੀਲੈਂਡ ਦੇ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਲਗਦਾ ਹੈ ਕਿ ਪੰਜਾਬੀ ਭਾਸ਼ਾ ਨੇ ਵੀ ਗਤੀ ਫੜ ਲਈ ਹੈ। ਇਸ ਵੇਲੇ 49,656 ਲੋਕਾਂ ਨੇ ਮੁੱਖ ਰੂਪ ਵਿਚ ਪੰਜਾਬੀ ਭਾਸ਼ਾ ਬੋਲਣ ਨੂੰ ਦਰਜ ਕਰਵਾਇਆ ਹੈ ਅਤੇ ਇਹ ਵਾਧਾ 15,429 ਲੋਕਾਂ ਦਾ (45.1%) ਦਾ ਹੈ। ਇਸ ਤਰ੍ਹਾਂ ਪੰਜਾਬੀ ਪਹਿਲੀਆਂ 10 ਜਿਆਦਾ ਬੋਲਣ ਵਾਲੀਆਂ ਭਾਸ਼ਾਵਾਂ ਦੇ ਵਿਚ ਆ ਗਈ ਹੈ। ਹਿੰਦੀ ਬੋਲਣ ਵਾਲਿਆਂ ਵਿਚ 77,985 ਨੇ ਆਪਣਾ ਨਾਂਅ ਲਿਖਵਾਇਆ ਅਤੇ ਇਹ ਵਾਧਾ 8514 ਦਾ ਹੈ। ਗਿਣਤੀ ਦੇ ਪੱਖੋਂ ਇਹ ਪੰਜਵੇਂ ਨੰਬਰ ਉਤੇ ਹੈ।

ਪੰਜਵਾਂ ਪੰਜਾਬੀ ਭਾਸ਼ਾ ਹਫ਼ਤਾ: ਪਹਿਲੀ ਨਵੰਬਰ ਤੋਂ 07 ਨਵੰਬਰ 2024 ਤੱਕ ਪੰਜਵਾਂ ਪੰਜਾਬੀ ਭਾਸ਼ਾ ਹਫਤਾ ਵੀ ਵੱਖ-ਵੱਖ ਸ਼ਹਿਰਾਂ ਵਿਚ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕਈ ਤਰ੍ਹਾਂ ਦੇ ਸਮਾਗਮ ਹੋ ਰਹੇ ਹਨ ਜਿਸ ਦੇ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਸਬੰਧੀ ਗੱਲਬਾਤ ਹੋਏਗੀ ਅਤੇ ਨਵੀਂ ਪੀੜ੍ਹੀ ਨੂੰ ਨਾਲ ਜੋੜਿਆ ਜਾਵੇਗਾ। ਕਿੰਨੀ ਹੋਵੇਗੀ ਸਿੱਖਾਂ ਦੀ ਗਿਣਤੀ?: ਆਸ ਹੈ ਕਿ ਕੁਝ ਦਿਨਾਂ ਤੱਕ (08 ਅਕਤੂਬਰ ਨੂੰ) ਵੱਖ-ਵੱਖ ਕੌਮਾਂ ਦੀ ਗਿਣਤੀ ਦੇ ਅੰਕੜੇ ਵੀ ਆ ਜਾਣਗੇ। ਪਿਛਲੀ 2018 ਦੀ ਮਰਦਮਸ਼ੁਮਾਰੀ 'ਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਨਿਊਜ਼ੀਲੈਂਡ ਦੇ ਵਿਚ ਸਿੱਖ ਧਰਮ ਮੰਨਣ ਵਾਲਿਆਂ ਦੀ ਗਿਣਤੀ ਦੇ ਵਿਚ 113.16% ਦਾ ਵਾਧਾ ਹੋਇਆ ਸੀ। ਉਸ ਸਮੇ 40,908 ਲੋਕਾਂ ਨੇ ਸਿੱਖ ਧਰਮ ਲਿਖਵਾਇਆ ਸੀ ਜਦ ਕਿ 2013 ਦੀ ਮਰਦਮਸ਼ੁਮਾਰੀ ਦੇ ਵਿਚ ਸਿੱਖਾਂ ਧਰਮ ਮੰਨਣ ਵਾਲਿਆਂ ਦੀ ਗਿਣਤੀ 19,191 ਆਈ ਸੀ। ਸਾਲ 2023 ਦੇ ਆਉਣ ਵਾਲੇ ਅੰਕੜੇ ਵੀ ਵੱਡੇ ਫਰਕ ਨਾਲ ਸਾਹਮਣੇ ਆਉਣ ਦੀ ਆਸ ਹੈ। ਵਰਨਣਯੋਗ ਹੈ ਕਿ ਇਸ ਵੇਲੇ ਲਗਪਗ 35 ਗੁਰਦੁਆਰਾ ਸਾਹਿਬਾਨ ਨਿਊਜ਼ੀਲੈਂਡ ਦੇ ਵਿਚ ਵੱਖ-ਵੱਖ ਸਥਾਨਾਂ ਉਤੇ ਸੁਸ਼ੋਭਿਤ ਹਨ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ‘ਤੀਸਰਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਸਨਮਾਨ ਸਮਾਰੋਹ’ ਸੇਖਾ (ਬਰਨਾਲਾ) ਵਿਖੇ

‘ਬਾਰੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਜਣ ਵੈਲਫੇਅਰ ਐਂਡ ਕਲਚਰਲ ਸੁਸਾਇਟੀ (ਰਜਿ.) ਬਠਿੰਡਾ’ ਵੱਲੋਂ ‘ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ (ਰਜਿ.) ਮੋਗਾ’, ਦੇ ਸਹਿਯੋਗ ਪਿੰਡ ਸੇਖਾ, ਬਰਨਾਲਾ (ਪੰਜਾਬ) ਵਿਖੇ ਸਤੰਬਰ, 29, 2024 ਨੂੰ ਸਨਮਾਨ ਸਮਾਰੋਹ ਕਰਵਾਇਆ ਗਿਆ।ਜਿਸ ਵਿੱਚ ‘ਤੀਸਰਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ’ ਪ੍ਰਦਾਨ ਕੀਤਾ ਗਿਆ, ਮੈਗਜ਼ੀਨ ਲੋਕ-ਅਰਪਨ ਅਤੇ ‘ਹਾਸ ਵਿਅੰਗ’ ਕਵੀ ਦਰਬਾਰ ਕਰਵਾਇਆ ਗਿਆ। ਸ਼੍ਰੀ ਕੇ. ਐਲ. ਗਰਗ ਪ੍ਰਧਾਨ ਪੰਜਾਬੀ ਹਾਸ ਵਿਅੰਗ ਅਕਾਦਮੀ ਜੀ ਦੀ ਪ੍ਰਧਾਨਗੀ ਵਿੱਚ ਚੱਲੇ ਇਸ ਸਮਾਗਮ ਦੇ ਮੁੱਖ ਮਹਿਮਾਨ ਉਘੇ ਸਾਹਿਤਕਾਰ ਡਾ. ਜੋਗਿੰਦਰ ਸਿੰਘ ਨਿਰਾਲਾ (ਸੰਪਾਦਕ ‘ਮੁਹਾਂਦਰਾ’ ਮੈਗਜ਼ੀਨ) ਸਨ। ਪ੍ਰਧਾਨਗੀ ਮੰਡਲ ਵਿੱਚ ਸ਼੍ਰੀ, ਸੁਖਦਰਸ਼ਨ ਗਰਗ ਪ੍ਰਧਾਨ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ’ ਨਾਲ ਅੱਜ ਦੇ ਸਮਾਗਮ ਦੇ ਕੇਂਦਰ-ਬਿੰਦੂ ਵਿਅੰਗਕਾਰ ਨਿਰੰਜਨ ਸ਼ਰਮਾ ਸੇਖਾ ਅਤੇ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਦੇਵਕੀ ਦੇਵੀ ਸੁਸ਼ੋਭਿਤ ਸਨ। ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਜਗਦੀਸ਼ ਰਾਏ ਕੁਲਰੀਆਂ ਨੇ ਸੁਸਾਇਟੀ ਦੇ ਪ੍ਰਧਾਨ ਅਤੇ ਸ਼ਬਦ ਤ੍ਰਿੰਜਣ ਦੇ ਸੰਪਾਦਕ ਮੰਗਤ ਕੁਲਜਿੰਦ ਨੂੰ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਲਈ ਬੁਲਾਇਆ।ਕੁਲਜਿੰਦ ਨੇ ਆਏ ਮਹਿਮਾਨਾਂ ਦੇ ਚਰਨ ਕਮਲਾਂ ਨੂੰ ਸਿਰ ਮੱਥੇ ਮੰਨਦਿਆਂ ਇਸ ਪੁਰਸਕਾਰ ਬਾਰੇ ਜਾਣ ਪਹਿਚਾਣ ਕਰਵਾਈ। ਬਠਿੰਡਾ ਤੋਂ ਵਿਸ਼ੇਸ਼ ਤੌਰ ਤੇ ਆਏ ਸੁਸਾਇਟੀ ਦੇ ਅਹੁਦੇਦਾਰਾਂ ਅਤੇ ਪ੍ਰਧਾਨਗੀ ਮੰਡਲ ਵੱਲੋਂ, ਪੰਜਾਬੀ ਦੇ ਬਾਬਾ ਬੋਹੜ ਵਿਅੰਗਕਾਰ ਸ਼੍ਰੀ ਨਿਰੰਜਨ ਸ਼ਰਮਾ ਸੇਖਾ ਨੂੰ ਇਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ(ਸਨਮਾਨ-ਪੱਤਰ, ਸਨਮਾਨ-ਚਿੰਨ੍ਹ,ਲੋਈ ਤੋਂ ਇਲਾਵਾ ਨਕਦ ਰਾਸ਼ੀ ਇਸ ਦਾ ਹਿੱਸਾ ਹਨ)। ਪਹਿਲਾਂ ਅਮਰਜੀਤ ਸਿੰਘ ਪੇਂਟਰ ਸਟੇਟ-ਐਵਾਰਡੀ ਨੇ ਉਹਨਾਂ ਲਈ ਸਨਮਾਨ-ਪੱਤਰ ਪੜ੍ਹਿਆ। ਸੇਖਾ ਜੀ ਦੀ ਧਰਮਪਤਨੀ ਸ਼੍ਰੀਮਤੀ ਦੇਵਕੀ ਦੇਵੀ ਅਤੇ ਉਹਨਾਂ ਦਾ ਸਾਰਾ ਪਰਿਵਾਰ ਇਸ ਮੌਕੇ ਅੰਗ-ਸੰਗ ਸੀ। ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਜਗਦੀਸ਼ ਰਾਏ ਕੁਲਰੀਆਂ ਨੂੰ ਅਨੁਵਾਦ ਪੁਰਸਕਾਰ 2023 ਮਿਲਣ ਤੇ ਆਦਾਰਾ ਸ਼ਬਦ ਤ੍ਰਿੰਜਣ ਵੱਲੋਂ ਸਨਮਾਨ-ਚਿੰਨ੍ਹ ਦੇ ਕੇ ਉਹਨਾਂ ਦਾ ਮਾਨ ਵਧਾਇਆ ਗਿਆ। ਪੰਜਾਬੀ ਸਾਹਿਤ ਸਭਾ ਬਰਨਾਲਾ ਨੇ ਵੀ ਨਿਰੰਜਨ ਸ਼ਰਮਾ ਸੇਖਾ ਜੀ ਨੂੰ ਉਹਨਾਂ ਦੀਆਂ ਜ਼ਿੰਦਗੀ ਭਰ ਦੀਆਂ ਸਾਹਿਤਕ ਸੇਵਾਵਾਂ ਲਈ ਸਨਮਾਨਿਤ ਕੀਤਾ। ਨਿਰੰਜਨ ਸ਼ਰਮਾ ਸੇਖਾ ਜੀ ਨੇ ਹਾਸ-ਵਿਅੰਗ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਸਨਮਾਨ ਸਮਾਰੋਹ ਦੀ ਸ਼ੋਭਾ ਵਧਾ ਰਹੇ ਸਾਰੇ ਵਿਦਵਾਨਾਂ, ਵਿਅੰਗਕਾਰਾਂ, ਸਾਹਿਤਕਾਰਾਂ ਅਤੇ ਰਿਸ਼ਤੇਦਾਰਾ ਦਾ ਧੰਨਵਾਦ ਕੀਤਾ। ਸੇਖਾ ਜੀ ਦੀ ਪੋਤਰੀ ਰਮਨਪ੍ਰੀਤ ਸ਼ਰਮਾ ਨੇ ਆਪਣੇ ਦਾਦਾ ਜੀ ਦੀ ਜ਼ਿੰਦਗੀ ਭਰ ਦੀ ਘਾਲਣਾ ਦਾ ਜ਼ਿਕਰ ਕਰਦਿਆਂ ਉਹਨਾਂ ਨੂੰ ਆਪਣਾ ਆਦਰਸ਼ ਮੰਨਿਆ।



ਪ੍ਰਧਾਨਗੀ ਮੰਡਲ ਵੱਲੋਂ ਸ਼ਬਦ ਤ੍ਰਿੰਜਣ ਦਾ ਨਵਾਂ ਅੰਕ ਅਤੇ ਡਾ. ਸਾਧੂ ਰਾਮ ਲੰਗੇਆਣਾ ਦਾ ਤਰਕਸ਼ੀਲ ਬਾਲ ਨਾਵਲ ‘ਭੂਤਾਂ ਦੇ ਸਿਰਨਾਵੇਂ’ ਲੋਕ-ਅਰਪਣ ਕੀਤੇ ਗਏ। ਸੇਖਾ ਜੀ ਨੂੰ ਵਧਾਈ ਦਿੰਦਿਆਂ, ਵਿਅੰਗ-ਸਮਰਾਟ ਕੇ.ਐਲ. ਗਰਗ ਨੇ ਹਾਸ ਵਿਅੰਗ ਅਕਾਦਮੀ ਦੀ ਜਾਣ ਪਛਾਣ ਕਰਵਾਈ ਅਤੇ ਇਸ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਨਾਲ ਹੀ ਉਹਨਾਂ ਪੰਜਾਬੀ ਹਾਸ ਵਿਅੰਗ ਲਈ ਦਿੱਤੇ ਜਾਂਦੇ ਐਵਾਰਡਾਂ ਦੀ ਜਾਣਕਾਰੀ ਦਿੱਤੀ। ਡਾ. ਜੋਗਿੰਦਰ ਸਿੰਘ ਨਿਰਾਲਾ, ਭੋਲਾ ਸਿੰਘ ਸੰਘੇੜਾ,ਰਾਮ ਸਰੂਪ ਬਰਨਾਲਾ ਅਤੇ ਹੋਰ ਕਈ ਸਤਿਕਾਰਿਤ ਵਿਦਵਾਨ ਸਾਹਿਕਾਰਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਸ਼ਰਮਾ ਜੀ ਨੂੰ ਪੁਰਸਕਾਰ ਮਿਲਣ ਤੇ ਮੁਬਾਰਕਾਂ ਦਿੱਤੀਆਂ।

ਅੱਜ ਦੇ ਸਮਾਗਮ ਵਿੱਚ ਕਰਵਾਏ ਗਏ ਹਾਸ ਵਿਅੰਗ ਕਵੀ ਦਰਬਾਰ ਵਿੱਚ ਬਠਿੰਡਾ ਅਤੇ ਆਸੇ ਪਾਸੇ ਦੇ ਇਲਾਕੇ ਤੋਂ ਆਏ ਕਵੀਆਂ ਨੇ ਹਿੱਸਾ ਲਿਆ। ਮਾਸਟਰ ਜਗਨਨਾਥ ਸਕੱਤਰ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ ਨੇ ਕਵੀ ਦਰਬਾਰ ਦਾ ਸੰਚਾਲਨ ਕੀਤਾ, ਰਮੇਸ਼ ਗਰਗ, ਮਾਲਵਿੰਦਰ ਸ਼ਾਇਰ, ਸੁਖਦੇਵ ਸਿੰਘ ਔਲਖ, ਮੁਖਤਿਆਰ ਅਲਾਲ, ਇਕਬਾਲ ਸਿੰਘ ਪੀ.ਟੀ.ਆਈ, ਪ੍ਰਿੰ।ਦਰਸ਼ਨ ਸਿੰਘ ਬਰੇਟਾ, ਡਾ. ਸਾਧੂ ਰਾਮ, ਜਸਵੀਰ ਸ਼ਰਮਾ ਦੱਦਾਹੂਰ, ਸਾਗਰ ਸਿੰਘ ਸਾਗਰ, ਜਤਿੰਦਰ ਪਾਲ ਸਿੰਘ, ਮਮਤਾ ਸੇਤੀਆ ਸੇਖਾ, ਤੇਜਿੰਦਰ ਚੰਡਿਹੋਕ, ਕੁਲਵਿੰਦਰ ਕੌਸ਼ਲ ਸੁਖਦਰਸ਼ਨ ਗਰਗ, ਮੰਗਤ ਕੁਲਜਿੰਦ, ਗੁਰਨੈਬ ਸਾਜਨ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਦੇ ਰੰਗ ਬਿਖੇਰੇ। ਕਾਵਿ ਦੇ ਵੱਖ ਵੱਖ ਰੂਪਾਂ ਤੋਂ ਇਲਾਵਾ ਇਹਨਾਂ ਵਿੱਚ ਵਾਰਤਕ ਦਾ ਰੰਗ ਵੀ ਸੀ। ਮਜ਼ਾਹੀਆ ਲਹਿਜ਼ਾ ਅਤੇ ਵਿਅੰਗਾਤਮਕ ਤਰਜ਼, ਤਰੰਨਮ ਜਾਂ ਉਚਾਰਣ ਤੋਂ ਬਿਨਾਂ ਸੰਜੀਦਗੀ ਝਲਕ ਮੁੱਖ ਸੀ।

ਮਸ਼ਹੂਰ ਪੱਤਰਕਾਰ ਗੁਰਨੈਬ ਸਾਜਨ ਦਿਉਣ ਨੇ ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ। ਰਾਜਿੰਦਰ ਰਾਜੂ, ਅੰਮ੍ਰਿਤਪਾਲ, ਰੋਹਿਤ ਸ਼ਰਮਾ ਅਤੇ ਸਾਰੇ ਪਰਿਵਾਰ ਨੇ ਆਏ ਮਹਿਮਾਨਾਂ ਦੀ ਸੇਵਾ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ।

**ਮੰਗਤ ਕੁਲਜਿੰਦ** +91 94177-53892 **ਵੱਟਸਐਪ**
+1 425 286 0163

# ਅਮਰੀਕਾ ਵਿਚ ਸਾਬਕਾ ਗਵਰਨਰ ਡੇਵਿਡ ਪੈਟਰਸਨ ਤੇ ਉਸ ਦੇ ਪੁੱਤਰ ਉਪਰ ਜਾਨ ਲੇਵਾ ਹਮਲਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊਯਾਰਕ ਦੇ ਸਾਬਕਾ ਗਵਰਨਰ ਡੇਵਿਡ ਪੈਟਰਸਨ ਤੇ ਉਸ ਦੇ ਮਤਰੇਏ ਪੁੱਤਰ ਉਪਰ ਹਮਲਾ ਹੋਣ ਦੀ ਰਿਪੋਰਟ ਹੈ। ਹਮਲੇ ਬਾਰੇ ਜਾਣਕਾਰੀ ਦਿੰਦਿਆਂ ਪੈਟਰਸਨ ਦੇ ਬੁਲਾਰੇ ਨੇ ਕਿਹਾ ਹੈ ਕਿ ਹਮਲਾ ਰਾਤ ਦੇ ਤਕਰੀਬਨ 8.30 ਵਜੇ ਦੇ ਆਸ ਪਾਸ ਹੋਇਆ। ਨਿਊਯਾਰਕ ਸਿਟੀ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ ‘ਤੇ ਜਦੋਂ ਪੁਲਿਸ ਅਫਸਰ ਈਸਟ 96ਵੀਂ ਸਟਰੀਟ ਨੇੜੇ ਸੈਕੰਡ ਐਵੀਨਿਊ ਵਿਖੇ ਪੁੱਜੇ ਤਾਂ ਉਨਾਂ ਨੂੰ ਇਕ 70 ਸਾਲਾ ਵਿਅਕਤੀ ਤੇ ਇਕ 20 ਸਾਲਾ ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਦੇ ਸਿਰ ਤੇ ਚੇਹਰੇ ‘ਤੇ ਸੱਟਾਂ ਵੱਜੀਆਂ ਹੋਈਆਂ ਸਨ। ਬਿਆਨ ਵਿਚ ਪੁਲਿਸ ਨੇ ਪੀੜਤਾਂ ਦੇ ਨਾਂ ਦਾ ਜਿਕਰ ਨਹੀਂ ਕੀਤਾ ਹੈ। ਪੁਲਿਸ ਨੇ ਇਹ ਨਹੀਂ ਦੱਸਿਆ ਹੈ ਕਿ ਉਹ ਕਿਸ ਤਰਾਂ ਜ਼ਖਮੀ ਹੋਏ ਹਨ ਪਰੰਤੂ ਕਿਹਾ ਹੈ ਕਿ ਉਹ ਘਟਨਾ ਨਾਲ ਸਬੰਧਤ 5 ਸ਼ੱਕੀ ਵਿਅਕਤੀਆਂ ਦੀ ਭਾਲ ਕਰ ਰਹੀ ਹੈ। ਇਸ ਤੋਂ ਪਹਿਲਾਂ ਪੈਟਰਸਨ ਦੇ ਬੁਲਾਰੇ ਸੀਨ ਡਾਰਸੀ ਨੇ ਕਿਹਾ ਕਿ ਪੈਟਰਸਨ ਤੇ ਉਸ ਦੇ ਮਤਰੇਏ ਪੁੱਤਰ ਉਪਰ ਹਮਲਾ ਨਿੱਜੀ ਰੰਜਿਸ਼ ਦਾ ਸਿੱਟਾ ਹੈ। ਉਨਾਂ ਕਿਹਾ ਕਿ ਹਸਪਤਾਲ ਵਿਚ ਇਲਾਜ਼ ਤੋਂ ਬਾਅਦ ਦੋਨਾਂ ਨੂੰ ਘਰ ਭੇਜ ਦਿੱਤਾ ਗਿਆ ਹੈ।



‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


KB USED
AUTO SALES

8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kamaljit Kaur Bhatia & Kashmiri Bhatia
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust

# ਦੇਸ਼ ਭਗਤ ਗਲੋਬਲ ਸਕੂਲ ਦੇ ਬੱਚਿਆਂ ਵੱਲੋਂ ਇਤਿਹਾਸਕ ਸਥਾਨਾਂ ਦੀ ਯਾਤਰਾ



ਦੇਸ਼ ਭਗਤ ਗਲੋਬਲ ਸਕੂਲ ਦੇ ਚੇਅਰਮੈਨ ਡਾ: ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਡਾ: ਤਜਿੰਦਰ ਕੌਰ ਦੀ ਅਗਵਾਈ ਹੇਠ ਸਕੂਲ ਦੇ ਬੱਚਿਆਂ ਨੇ ਪੰਜਾਬ ਦੇ ਰੋਪੜ ਸ਼ਹਿਰ ਅਤੇ ਆਲੇ-ਦੁਆਲੇ ਦੇ ਇਤਿਹਾਸਕ ਸਥਾਨ ਦੇਖੇ ਇਨ੍ਹਾਂ ਵਿੱਚ ਪਲੇਵੇਅ ਅਤੇ ਨਰਸਰੀ ਦੇ ਵਿਦਿਆਰਥੀ ਸ਼ਾਮਿਲ ਸਨ। ਦਿਨ ਭਰ ਆਨੰਦ ਲੈਣ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਅਤੇ ਖੇਡਾਂ ਸ਼ਾਮਿਲ ਸਨ ਜਿਨ੍ਹਾਂ ਵਿੱਚ ਉਨ੍ਹਾਂ ਨੇ ਗੈਰੀ ਫਾਰਮਜ਼, ਨਾਨੋਕੀ, ਮਹਾਰਾਜਾ ਰਣਜੀਤ ਸਿੰਘ ਬਾਗ, ਅਜਾਇਬ ਘਰ ਅਤੇ ਇਤਿਹਾਸਕ ਸਥਾਨ ਦਾ ਆਨੰਦ ਮਾਣਿਆ। ਬੱਚਿਆਂ ਨੂੰ ਇਤਿਹਾਸਿਕ ਸੰਧੀ ਸਥਾਨ ਦਿਖਾਇਆ ਜਿਥੇ ਲਾਰਡ ਵਿਲੀਅਮ ਬੈਂਟਿਕ ਨੇ 26 ਅਕਤੂਬਰ, 1831 ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਰੋਪੜ ਸੰਧੀ 'ਤੇ ਦਸਤਖਤ ਕੀਤੇ ਸਨ। ਸਤਲੁਜ ਦਰਿਆ ਦੇ ਕੰਢੇ ਇੱਕ ਪਿਪਲ ਦੇ ਦਰੱਖਤ ਹੇਠ ਸੰਧੀ 'ਤੇ ਦਸਤਖਤ ਕੀਤੇ ਗਏ ਸਨ ਅਤੇ ਸਰਹੱਦੀ ਮੁੱਦਿਆਂ ਨੂੰ ਹੱਲ ਕੀਤਾ ਗਿਆ ਸੀ।

ਸਕੂਲ ਦੀ ਪ੍ਰਿੰਸੀਪਲ ਡਾ: ਇੰਦੂ ਸ਼ਰਮਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਥਾਨ ਵਿਦਿਆਰਥੀਆਂ ਲਈ ਯਾਦਗਾਰੀ ਤਜ਼ਰਬੇ ਬਣਾਉਂਦੇ ਹਨ। ਵਿਦਿਅਕ ਯਾਤਰਾਵਾਂ ਅਤੇ ਸੈਰ-ਸਪਾਟੇ ਵਿਦਿਆਰਥੀਆਂ ਨੂੰ ਅਸਲ ਬਹੁ-ਸੱਭਿਆਚਾਰਕ ਸੰਸਾਰ ਨੂੰ ਜਾਣਨ ਅਤੇ ਸਮਝਣ ਵਿੱਚ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਵਿਸ਼ਵਾਸ, ਇੱਛਾ ਸ਼ਕਤੀ, ਫੋਕਸ ਅਤੇ ਲੀਡਰਸ਼ਿਪ ਦੇ ਹੁਨਰਾਂ ਨੂੰ ਬਣਾਉਣ ਅਤੇ ਉਹਨਾਂ ਨੂੰ ਕੁਦਰਤ ਅਤੇ ਇਤਿਹਾਸ ਦੇ ਨੇੜੇ ਲਿਆਉਣ ਵਿੱਚ ਵੀ ਮਦਦ ਕਰਦਾ ਹੈ।

# ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ







**ਨਿਉਯਾਰਕ-** ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿੱਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਅਮਰੀਕਾ ਵਿੱਚ ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਖਾਲਸਾਈ ਜਾਹੋ-ਜਲਾਲ ਨਾਲ "ਦਿ ਸਿੱਖ ਸੈਂਟਰ ਆਫ ਨਿਉਯਾਰਕ ਇੰਕ", 222-28-95 ਅਵੈਨਿਉ, ਕੁਇਨਜ ਵਿਲੇਜ ਨਿਉਯਾਰਕ ਦੇ ਉਚੇਚੇ ਸਹਿਯੋਗ ਨਾਲ ਕਰਵਾਈ ਗਈ।ਚੈਂਪੀਅਨਸ਼ਿਪ ਵਿੱਚ ਬੀਬੀਆਂ ਅਤੇ ਸਿੰਘਾਂ ਦੀ ਵੱਖ -ਵੱਖ ਉਮਰ ਵਰਗ ਵਿੱਚ ਸੈਂਕੜੇ ਖਿਡਾਰੀਆ ਨੇ ਭਾਰ ਲਿਆ।ਜਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ।

ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਵਿੱਚ ਜੇਤੂ ਟੀਮਾਂ ਤੇ ਖਿਡਾਰੀਆਂ ਅਤੇ ਸਮੂਹ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪ੍ਰੰਬਧਕਾਂ ਵਲੋਂ ਉਚੇਚੀ ਵਧਾਈ ਦਿੱਤੀ ਗਈ। ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰਧਾਨ ਅਤੇ ਉੱਘੇ ਕਾਰੋਬਾਰੀ ਸ. ਕਲਵਿੰਦਰ ਸਿੰਘ ਕੈਲੀਫੋਰਨੀਆ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੇਡਰੇਸ਼ਨ ਵਲੋਂ ਸਾਂਝੇ ਤੋਰ ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਇਸ ਸਾਲ ਦੇ ਨੈਸ਼ਨਲ ਗੱਤਕਾ ਮੁਕਾਬਲੇ ਪਹਿਲੇ ਸਿੱਖ ਰਾਜ ਨੂੰ ਸਥਾਪਤ ਕਰਨ ਵਾਲੇ ਜੰਗੀ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸ਼ਾਨੀ ਸ਼ਹਾਦਤ ਨੂੰ ਸਮਰਪਿਤ ਕੀਤੇ ਗਏ ਸਨ।

ਸਿੰਗਲ ਸੋਟੀ ਸਿੰਘਾਂ ਦੇ 21 ਸਾਲ ਵਰਗ ਗਹਿਗਚ ਮੁਕਾਬਲਿਆਂ ਦੌਰਾਨ ਕਰਨਸ਼ੇਰ ਸਿੰਘ ਪੈਨਸਲਵੇਨੀਆਂ ਪਹਿਲੇ, ਮਨਦੀਪ ਸਿੰਘ ਦੂਜੇ ਤੇ ਸਨਦੀਪ ਸਿੰਘ- ਨਿਉਯਾਰਕ ਗੱਤਕਾ ਐਸੋਸੀਏਸ਼ਨ ਨੇ ਤੀਜੇ ਸਥਾਨ ਲਈ ਜਿੱਤ ਦਰਜ ਕਰਵਾਈ ਗਈ।

ਬੀਬੀਆਂ ਦੇ 21 ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆ ਦੌਰਾਨ ਗੁਰਬਾਣੀ ਕੋਰ ਨਿਉ-ਜਰਸੀ ਗੱਤਕਾ ਐਸੋਸੀਏਸ਼ਨ ਤੇ ਗੁਰਵਿੰਦਰ ਕੌਰ-ਕੈਨਸਸ ਗੱਤਕਾ ਐਸੋਸੀਏਸ਼ਨ ਨੇ ਦੂਜੇ ਸਥਾਨ ਲਈ ਆਪਣੀ ਜਗ੍ਹਾਂ ਬਣਾਈ।

ਉਮਰ ਵਰਗ 17 ਸਾਲ ਸਿੰਘਾਂ ਦੇ ਮੁਕਾਬਲਿਆਂ ਦੋਰਾਨ ਪਹਿਲਾ ਸਥਾਨ ਭਾਗਬੀਰ ਸਿੰਘ, ਦੂਜਾ ਸਥਾਨ ਵੰਸ਼ਦੀਪ ਸਿੰਘ-ਅਕਾਲ ਗੱਤਕਾ ਗੁਰਮਤਿ ਗਰੁੱਪ ਨਿਉਯਾਰਕ ਅਤੇ ਤੀਜੇ ਸਥਾਨ ਲਈ ਅਰਮਾਨ-ਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਨੇ ਜਿੱਤ ਦਰਜ ਕਰਵਾਈ।

ਉਮਰ ਵਰਗ 17 ਸਾਲ ਬੀਬੀਆਂ ਦੇ ਮੁਕਾਬਲਿਆਂ ਦੋਰਾਨ ਪਹਿਲਾ ਸਥਾਨ ਬੀਬੀ ਕੁਲਰਾਜਪ੍ਰੀਤ ਕੌਰ-ਕੈਨਸਸ ਗੱਤਕਾ ਐਸੋਸੀਏਸ਼ਨ ਦੂਜਾ ਸਥਾਨ ਬੀਬੀ ਏਕਮਪ੍ਰੀਤ ਸਿੰਘ- ਕਨੈਕਟੀਕੱਟ ਗੱਤਕਾ ਐਸੋਸੀਏਸ਼ਨ ਨੇ ਵਧੀਆਂ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਿਲ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਜਿੱਥੇ ਗੁਰਕੀਰਤ ਕੌਰ ਕੈਨਸਸ ਗੱਤਕਾ ਐਸੋਸੀਏਸ਼ਨ, ਹਰਨਿੰਧ ਕੌਰ ਨਿਉਯਾਰਕ, ਅਤੇ ਸੀਰਤ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ ਉੱਥੇ ਹੀ ਸਿੰਘਾਂ ਦੇ ਮੁਕਾਬਲੇ ਵਿੱਚ ਤੇਗਵੀਰ ਸਿੰਘ ਟੈਕਸਸ ਗੱਤਕਾ ਐਸੋਸੀਏਸ਼ਨ, ਦਿਲਰਾਜ ਸਿੰਘ ਅਤੇ ਗੁਰਨੂਰ ਸਿੰਘ ਨੇ ਜਿੱਤ ਦਰਜ ਕਰਵਾਈ। ਜੱਜਮੈਂਟ ਅਤੇ ਰੈਫਰੀ ਕੌਸ਼ਲ ਦੀ ਅਗਵਾਈ ਸ ਜਨਮਜੀਤ ਸਿੰਘ ਕੈਲਗਰੀ ਕਨੈਡਾ, ਬੀਬਾ ਗੁਰਪ੍ਰੀਤ ਕੌਰ ਟੈਕਸਸ, ਕੀਰਤਪਾਲ ਸਿੰਘ ਨਿਉਯਾਰਕ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਸ. ਸੁਜਾਨ ਸਿੰਘ ਸੀਨੀਅਰ ਰੈਫਰੀ ਅਮਰੀਕਾ, ਜਸਕੀਰਤ ਸਿੰਘ ਸੀਨੀਅਰ ਕੋਚ, ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਅਤੇ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਉਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਭਾਈ ਸਰਬਜੀਤ ਸਿੰਘ ਦਮਦਮੀ ਟਕਸਾਲ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ ਸਤਿੰਦਰਪਾਲ ਸਿੰਘ ਅਤੇ ਨਿਹੰਗ ਹਰਿੰਦਰ ਸਿੰਘ ਤੇ ਪ੍ਰਭਦੀਪ ਸਿੰਘ ਨਿਉਯਾਰਕ ਆਦਿ ਵਲੋਂ ਕੀਤੀ ਗਈ।

ਇਸ ਤੋਂ ਇਲਾਵਾ ਸ. ਮਨਜਸ਼ਨਪ੍ਰੀਤ ਸਿੰਘ ਨੂੰ ਫੇਅਰ ਪਲੇ ਐਵਾਰਡ ਅਤੇ ਟੈਕਸਸ ਦੀ ਸਮੁੱਚੀ ਟੀਮ ਨੂੰ ਫੇਅਰ ਪਲੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜਗਜੀਤ ਸਿੰਘ ਅਲਮੀਰਾ ਨਿਉਯਾਰਕ ਅਤੇ ਅਰਸ਼ਦੀਪ ਕੌਰ ਨਿਉਯਾਰਕ ਨੂੰ ਸਿੰਘ ਅਤੇ ਬੀਬੀਆਂ ਦੀ ਵੱਖ -2 ਕੈਟੀਗਰੀਆਂ ਵਿੱਚ ਐਮਰਜਿੰਗ ਪਲੇਅਰ ਐਵਾਰਡ ਲਈ ਚੁਣਿਆ ਗਿਆ।

ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਜਿੱਥੇ ਇਨਾਮ ਵੰਡ ਕਲਵਿੰਦਰ ਸਿੰਘ ਕੈਲੀਫੋਰਨੀਆ, ਭਾਈ ਹਿੰਮਤ ਸਿੰਘ ਕੁਆਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ, ਡਾ. ਹਰਪ੍ਰੀਤ ਕੋਰ ਕੁਮੈਂਟੇਟਰ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ,ਭਾਈ ਰਜਿੰਦਰ ਸਿੰਘ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਸੋਸਾਇਟੀ, ਕੁਲਵੰਤ ਸਿੰਘ ਮਿਆਣੀ ਸਿੱਖ ਕਲਚਰਲ ਸੋਸਾਇਟੀ, ਸਰਵਜੀਤ ਸਿੰਘ- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਗੁਰਦੀਪ ਸਿੰਘ ਭੱਟੀ ਵਲੋਂ ਬਾਬਾ ਨਿਧਾਨ ਸਿੰਘ ਕਲਚਰਲ ਸੋਸਾਇਟੀ, ਨਰਿੰਦਰ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ (ਮਾਨ), ਭਾਈ ਹਿਰਦੈਪਾਲ ਸਿੰਘ, ਹਰਮਿੰਦਰ ਸਿੰਘ ਆਹਲੂਵਾਲੀਆ ਤੇ ਬਲਜੀਤ ਸਿੰਘ- ਤਿੰਨੇ ਵਲੋ-ਵਰਲਡ ਸਿੱਖ ਪਾਰਲੀਮੈਂਟ ਤੇ ਸਮੂਹ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਤੇ ਵਧਾਈ ਵੀ ਦਿੱਤੀ ਗਈ।

# ਚੋਣ ਆਬਜ਼ਰਵਰ ਮੈਡਮ ਬਬੀਤਾ ਵੱਲੋਂ ਨਾਮਜਦਗੀ ਪੱਤਰਾਂ ਦੀ ਪੜਤਾਲ ਦੇ ਕੰਮ ਦਾ ਜਾਇਜ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਗ੍ਰਾਮ ਪੰਚਾਇਤ ਚੋਣਾਂ-2024 ਸਬੰਧੀ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਲਈ ਨਿਯੁਕਤ ਕੀਤੇ ਗਏ ਚੋਣ ਆਬਜ਼ਰਬਰ ਸ੍ਰੀਮਤੀ ਬਬੀਤਾ, ਆਈ.ਏ.ਐਸ



(ਸੀ.ਈ.ਓ ਸਟੇਟ ਹੈਲਥ ਏਜੰਸੀ, ਪੰਜਾਬ) ਵੱਲੋਂ ਅੱਜ ਜ਼ਿਲ੍ਹੇ ਵਿਚ ਵੱਖ-ਵੱਖ ਥਾਵਾਂ 'ਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੇ ਕੰਮ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਉੱਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਚੋਣ ਆਬਜ਼ਰਵਰ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਚੋਣਾਂ ਨੂੰ ਨਿਰਪੱਖ, ਆਜ਼ਾਦ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਸਬੰਧੀ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਚੋਣ ਆਬਜ਼ਰਵਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਇਹ ਚੋਣਾਂ ਆਜ਼ਾਦਾਨਾ, ਨਿਰਪੱਖ ਤੇ ਪੂਰੀ ਪਾਰਦਸ਼ਤਾ ਨਾਲ ਕਰਵਾਉਣੀਆਂ ਯਕੀਨੀ ਬਨਾਉਣ ਲਈ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਤੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਸਖ਼ਤੀ ਨਾਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਚੋਣ ਪ੍ਰਕਿਰਿਆ ਤੇ ਲੋਕਤੰਤਰ 'ਚ ਵਿਸ਼ਵਾਸ ਬਹਾਲ ਰਹੇ, ਇਸ ਲਈ ਰਿਟਰਨਿੰਗ ਅਧਿਕਾਰੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣੀ ਯਕੀਨੀ ਬਣਾਉਣ।

ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਮਿਤੀ 07-10-2024 (ਸੋਮਵਾਰ) ਦੁਪਹਿਰ 03:00 ਵਜੇ ਤੱਕ ਹੈ। ਵੋਟਾਂ 15-10-2024 (ਮੰਗਲਵਾਰ) ਨੂੰ ਬੈਲਟ ਪੇਪਰਾਂ ਰਾਹੀਂ ਸਵੇਰੇ 08.00 ਵਜੇ ਤੋਂ ਸ਼ਾਮ 4.00 ਵਜੇ ਤੱਕ ਪੈਣਗੀਆਂ। ਪੋਲਿੰਗ ਮੁਕੰਮਲ ਹੋਣ ਉਪਰੰਤ ਵੋਟਾਂ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ 'ਤੇ ਹੀ ਕੀਤੀ ਜਾਵੇਗੀ।

# ਜਹਾਨ ਖੇਲਾਂ ਗੋਲਫ ਕਲੱਬ ਵਿੱਚ ਮਾਸਿਕ ਮੈਡਲ ਰਾਊਂਡ ਗੋਲਫ ਟੂਰਨਾਮੈਂਟ ਦਾ ਸਫਲ ਆਯੋਜਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜਹਾਨ ਖੇਲਾਂ ਗੋਲਫ ਕਲੱਬ, ਹੁਸ਼ਿਆਰਪੁਰ 'ਚ ਐਤਵਾਰ ਨੂੰ ਮਾਸਿਕ ਮੈਡਲ ਰਾਊਂਡ ਗੋਲਫ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਇਸ ਵੱਕਾਰੀ ਟੂਰਨਾਮੈਂਟ 'ਚ ਖੇਤਰ ਦੇ ਕਈ ਗੋਲਫ ਖਿਡਾਰੀਆਂ ਨੇ ਭਾਗ ਲਿਆ ਅਤੇ ਇੱਕ ਉਤਸ਼ਾਹਜਨਕ ਮਾਹੌਲ ਵਿੱਚ ਖੇਡ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦੇ ਵਿਜੇਤਾ ਹੁਸ਼ਿਆਰਪੁਰ ਦੇ ਜ਼ਿਲ੍ਹਾ ਅਤੇ ਸੈਸ਼ਨ ਜਜ ਦਿਲਬਾਗ ਸਿੰਘ ਜੌਹਲ ਬਣੇ, ਜਿਨ੍ਹਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਟੂਰਨਾਮੈਂਟ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੇ ਨਾਲ ਕਲੱਬ ਦੇ ਸਕੱਤਰ ਜਸਪਾਲ ਸਿੰਘ ਸੋਢੀ ਨੂੰ ਵੀ ਸਹਿ-ਵਿਜੇਤਾ ਵਜੋਂ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਸ਼ਾਨਦਾਰ ਖੇਡ ਦਿਖਾਉਂਦਿਆਂ ਇਸ ਖਿਤਾਬ ਨੂੰ ਸਾਂਝਾ ਕੀਤਾ। ਇਸ ਟੂਰਨਾਮੈਂਟ ਦੇ ਉਪ-ਵਿਜੇਤਾ ਵਜੋਂ ਸੇਵਾਮੁਕਤ ਲੈਫਟਿਨੈਂਟ ਜਨਰਲ ਜੇ. ਐਸ. ਢਿੱਲੋਂ ਅਤੇ ਡੀਐਸਪੀ ਮਲਕੀਤ ਸਿੰਘ ਨੇ ਆਪਣੇ ਪ੍ਰਦਰਸ਼ਨ ਨਾਲ ਸਭ ਦਾ ਧਿਆਨ ਖਿੱਚਿਆ। ਉਨ੍ਹਾਂ ਦਾ ਅਨੁਸ਼ਾਸਨ ਅਤੇ ਖੇਡ ਪ੍ਰਤੀ ਸਮਰਪਣ ਸ਼ਲਾਘਾਯੋਗ ਰਿਹਾ। ਇਸ ਤੋਂ ਇਲਾਵਾ ਸਭ ਤੋਂ ਲੰਬੀ ਡ੍ਰਾਈਵ ਦਾ ਇਨਾਮ ਡਾ. ਗੁਰਿੰਦਰ ਸਿੰਘ ਬਾਜਵਾ ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਆਪਣੀ ਵਿਸ਼ੇਸ਼ ਡ੍ਰਾਈਵ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਅਤੇ ਇਸ ਸ਼੍ਰੇਣੀ ਵਿੱਚ ਜਿੱਤ ਹਾਸਿਲ ਕੀਤੀ। ਜਹਾਨ ਖੇਲਾਂ ਗੋਲਫ ਕਲੱਬ ਦੇ ਕਪਤਾਨ ਮਨਿੰਦਰ ਪਾਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਇਹ ਟੂਰਨਾਮੈਂਟ ਕਲੱਬ ਦੀ ਇੱਕ ਨਿਯਮਿਤ ਪਰੰਪਰਾ ਹੈ, ਜੋ ਹਰ ਮਹੀਨੇ ਆਯੋਜਿਤ ਕੀਤਾ ਜਾਵੇਗਾ। ਇਸਦਾ ਮਕਸਦ ਸਿਰਫ ਖੇਤਰ ਵਿੱਚ ਗੋਲਫ ਖੇਡ ਨੂੰ ਉਤਸ਼ਾਹਿਤ ਕਰਨਾ ਹੀ ਨਹੀਂ, ਸਗੋਂ ਨਵੇਂ ਖਿਡਾਰੀਆਂ ਨੂੰ ਇੱਕ ਮੰਚ ਪ੍ਰਦਾਨ ਕਰਨਾ ਵੀ ਹੈ।



# ਚਾਰ ਡਾਕਟਰ ਤੇ ਗੂਗਲ ਕੌਰ !

ਮਰਦਮ ਸ਼ੁਮਾਰੀ ਵਾਲ਼ੇ ਕਰਮਚਾਰੀ ਨੇ ਇਕ ਘਰ ਦੇ ਵਿਹੜੇ 'ਚ ਬੈਠੇ ਬਾਪੂ ਨੂੰ ਪੁੱਛਿਆ ਕਿ ਬਜ਼ੁਰਗੋ ਕਿੰਨੇਂ ਪੁੱਤਰ ਨੇ ਤੁਹਾਡੇ? ਬਜ਼ੁਰਗ ਕਹਿੰਦਾ-ਚਾਰ !

ਕੀ ਕਰਦੇ ਨੇ? ਕਰਮਚਾਰੀ ਨੇ ਫਿਰ ਪੁੱਛਿਆ।

ਬਾਪੂ ਕਹਿੰਦਾ-ਚਾਰੇ ਹੀ 'ਡਾਕਟਰ' ਆ ਜੀ !

ਬਜ਼ੁਰਗ ਦੀ ਸਧਾਰਨ ਹਾਲਤ ਅਤੇ ਖਸਤਾ ਹਾਲ ਘਰ ਵੱਲ੍ਹ ਦੇਖ ਕੇ ਸ਼ੱਕ ਜਿਹੇ ਨਾਲ ਕਰਮਚਾਰੀ ਕਹਿੰਦਾ ਕਿ ਬਾਪੂ ਜੀ ਤੁਹਾਨੂੰ ਕਿੱਦਾਂ ਪਤਾ ਕਿ ਚਾਰੇ ਮੁੰਡੇ ਡਾਕਟਰ ਹਨ ?

ਬਾਪੂ ਬੋਲਿਆ-ਜਿਹਨੂੰ ਵੀ ਮੈਂ 'ਵਾਜ ਮਾਰਾਂ,ਉਹੀ ਕਹਿੰਦਾ-"ਹਾਂ,ਕਿਆ ਬਿਮਾਰੀ ਆ ?"

ਘਰ ਵਿਚ ਸੁਰਖੀ-ਬਿੰਦੀ ਲਾਈ ਘੁੰਮਦੀ ਇਕ ਬੀਬੀ ਵੱਲ੍ਹ ਦੇਖ ਕੇ ਕਰਮਚਾਰੀ ਨੇ ਬਾਪੂ ਨੂੰ ਪੁੱਛਿਆ ਕਿ ਇਹ ਬੀਬਾ ਜੀ ਕੌਣ ਨੇ ?

ਬਾਪੂ ਕਹਿੰਦਾ-ਸਾਡੀ ਨੂੰਹ ਆਂ ਜੀ !

ਕੀ ਨਾਂ ਬੀਬੀ ਦਾ ? ਕਰਮਚਾਰੀ ਨੇ ਰਜਿਸਟਰ 'ਤੇ ਵੇਰਵੇ ਦਰਜ ਕਰਦਿਆਂ ਪੁੱਛਿਆ।

'ਗੂਗਲ ਕੌਰ' ਆ ਜੀ ਨਾਂ ਇਹਦਾ !

ਬਾਪੂ ਮੂੰਹੋਂ ਇਹ ਅਜ਼ੀਬ ਜਿਹਾ ਨਾਂ ਸੁਣਕੇ ਕਰਮਚਾਰੀ ਹੈਰਾਨ ਹੁੰਦਿਆਂ ਬੋਲਿਆ-'ਪੇਕਿਆਂ ਤੋਂ ਇਹੀ ਨਾਮ ਚੱਲਿਆ ਆ ਰਿਹਾ ਹੈ ਜਾਂ ਤੁਸੀਂ ਬਦਲਿਆ ਐ ?'

ਬਜ਼ੁਰਗ ਕਹਿੰਦਾ- "ਭਰਾਵਾ ਪਹਿਲਾਂ ਤਾਂ ਇਹਦਾ ਕੋਈ ਹੋਰ ਨਾਂ ਸੀਗਾ ਪਰ ਸਾਡੇ ਘਰ ਆ ਕੇ ਇਹ 'ਇੱਕ ਦੀਆਂ ਛੱਤੀ' ਸੁਣਾਉਣ ਲੱਗ ਪਈ ! ਸਾਡੇ ਖਾਨਦਾਨ ਦੀਆਂ ਉਹ ਗੱਲਾਂ ਦੱਸਦੀ ਐ ਜਿਨ੍ਹਾਂ ਦਾ ਸਾਨੂੰ ਵੀ ਨਹੀਂ ਪਤਾ! ਸਾਡਾ ਸਵਾਲ ਇਕ, ਜਵਾਬ ਇਹਦੇ ਦਸ ਹੁੰਦੇ ਆ!!"

**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**



# ਜੱਚਾ ਬੱਚਾ ਹਸਪਤਾਲ ਬਰਨਾਲਾ ਬਣਿਆ ਡਾਕਟਰਾਂ ਦੀ ਲੁੱਟ ਦਾ ਅੱਡਾ: ਜਨਤਕ ਜਥੇਬੰਦੀਆਂ

**ਬਰਨਾਲਾ, (ਦਲਜੀਤ ਕੌਰ)** ਸਿਵਲ ਹਸਪਤਾਲ ਬਚਾਓ ਕਮੇਟੀ ਬਰਨਾਲਾ ਦੀ ਮੀਟਿੰਗ ਸੋਹਣ ਸਿੰਘ ਮਾਝੀ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਪਾਰਕ ਬਰਨਾਲਾ ਵਿਖੇ ਹੋਈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਬੁਲਾਰੇ ਨਰਾਇਣ ਦੱਤ ਨੇ ਦੱਸਿਆ ਕਿ ਮਹੀਨੇ ਭਰ ਤੋਂ ਜੱਚਾ ਬੱਚਾ ਹਸਪਤਾਲ ਬਰਨਾਲਾ ਵਿੱਚ ਬਣੇ ਹੋਏ ਆਪਰੇਸ਼ਨ ਥੀਏਟਰ ਨੂੰ ਰੈਨੋਵੇਸ਼ਨ (ਨਵੀਨੀਕਰਨ) ਦੇ ਨਾਂ ਥੱਲੇ ਬੰਦ ਕੀਤਾ ਹੋਇਆ ਹੈ। ਜਿਸ ਦੇ ਸਿੱਟੇ ਵਜੋਂ ਗਰੀਬ ਮੱਧ ਵਰਗੀ ਪਰਿਵਾਰਾਂ ਦੀਆਂ ਔਰਤਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਜਣੇਪੇ ਕਰਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਿਵਲ ਹਸਪਤਾਲ ਬਚਾਓ ਕਮੇਟੀ ਨੇ ਹੰਗਾਮੀ ਮੀਟਿੰਗ ਸੱਦ ਕੇ ਇਸ ਮਸਲੇ ਨੂੰ ਗੰਭੀਰਤਾ ਵਿਚਾਰਿਆ ਅਤੇ ਇਸ ਸਿੱਟੇ ਤੇ ਪੁੱਜੀ ਕਿ ਅਜਿਹਾ ਸਾਰਾ ਕੁੱਝ ਜੱਚਾ ਬੱਚਾ ਹਸਪਤਾਲ ਵਿੱਚ ਤੈਨਾਤ ਡਾਕਟਰਾਂ ਅਤੇ ਉੱਚ ਅਧਿਕਾਰੀਆਂ ਦੀ ਮਿਲੀ ਭੁਗਤ ਤੋਂ ਬਿਨ੍ਹਾਂ ਸੰਭਵ ਨਹੀਂ ਹੈ। ਸਿਵਲ ਹਸਪਤਾਲ ਵਿੱਚ ਤੈਨਾਤ ਔਰਤਾਂ ਦੀਆਂ ਮਾਹਰ ਡਾਕਟਰਾਂ ਵੱਲੋਂ ਪ੍ਰਾਈਵੇਟ ਤੌਰ 'ਤੇ ਔਰਤਾਂ ਦੇ ਕੀਤੇ ਜਾ ਰਹੇ ਜਣੇਪੇ ਕਿਸੇ ਵੀ ਸੂਰਤ ਵਿੱਚ ਦਰੁਸਤ ਨਹੀਂ ਹਨ। ਇੱਕ ਪਾਸੇ ਇਹ ਡਾਕਟਰ ਸਰਕਾਰ ਪਾਸੋਂ ਐਨਪੀਏ ਦੇ ਹਰ ਮਹੀਨੇ ਹਜਾਰਾਂ ਰੁਪਏ ਵਸੂਲਦੇ ਹਨ ਤੇ ਦੂਜੇ ਪਾਸੇ ਪ੍ਰਾਈਵੇਟ ਪ੍ਰੈਕਟਿਸ ਕਰਕੇ ਮਰੀਜਾਂ ਦੀ ਸ਼ਰੇਆਮ ਲੁੱਟ ਕਰਦੇ ਹਨ। ਹੁਣ ਸਰਕਾਰੀ ਜੱਚਾ ਬੱਚਾ ਹਸਪਤਾਲ ਸਿਰਫ ਨਾਂ ਦਾ ਹੀ ਹਸਪਤਾਲ ਹੈ। ਸਿਵਲ ਹਸਪਤਾਲ ਬਚਾਓ ਕਮੇਟੀ ਬਰਨਾਲਾ ਨੇ ਅੱਜ ਸਿਵਲ ਸਰਜਨ ਬਰਨਾਲਾ ਅਤੇ ਡੀਸੀ ਬਰਨਾਲਾ ਨੂੰ ਵਫਦ ਦੇ ਰੂਪ 'ਚ ਮਿਲਕੇ ਜੱਚਾ ਬੱਚਾ ਸਿਵਲ ਹਸਪਤਾਲ ਬਰਨਾਲਾ ਵਿੱਚ ਰੈਨੋਵੇਸ਼ਨ (ਨਵੀਨੀਕਰਨ) ਕਰਨ ਦੇ ਨਾਂ ਹੇਠ ਬੰਦ ਕੀਤਾ ਅਪਰੇਸ਼ਨ ਥੀਏਟਰ ਤੁਰੰਤ ਚਾਲੂ ਕਰਨ, ਅਪਰੇਸ਼ਨ ਥੀਏਟਰ ਬੰਦ ਕਰਨ ਦੀ ਜਾਂਚ ਕਰਨ ਅਤੇ ਜਣੇਪੇ ਦੌਰਾਨ ਔਰਤਾਂ ਦੇ ਗੰਭੀਰ ਆਪਰੇਸ਼ਨ ਤੁਰੰਤ ਚਾਲੂ ਕਰਨ, ਜਾਣ ਬੁੱਝ ਕੇ ਆਪਰੇਸ਼ਨ ਥੀਏਟਰ ਬੰਦ ਕਰਨ ਵਾਲੇ ਜਿੰਮੇਵਾਰ ਅਧਿਕਾਰੀਆਂ ਖਿਲਾਫ਼ ਸਖ਼ਤ ਕਾਰਵਾਈ ਕਰਨ, ਜੱਚਾ ਬੱਚਾ ਸਿਵਲ ਹਸਪਤਾਲ ਬਰਨਾਲਾ ਵਿਖੇ ਤੈਨਾਤ ਲੇਡੀ ਡਾਕਟਰਾਂ ਵੱਲੋਂ ਆਪਣੇ ਆਪਣੇ ਪ੍ਰਾਈਵੇਟ ਕਲੀਨਕਾਂ ਵਿੱਚ ਕੀਤੇ ਜਾ ਰਹੇ ਜੱਚਾ ਬੱਚਾ ਆਪਰੇਸ਼ਨਾਂ/ਜਣੇਪਿਆਂ ਦੀ ਜਾਂਚ ਕਰਕੇ ਸਖ਼ਤ ਕਾਰਵਾਈ ਕਰਨ, ਜੱਚਾ ਬੱਚਾ ਹਸਪਤਾਲ ਵਿੱਚ ਬੰਦ ਪਈ ਬੱਚਿਆਂ ਦੀ ਨਰਸਰੀ ਚਾਲੂ ਕਰਨ, ਸਿਵਲ ਹਸਪਤਾਲ ਬਰਨਾਲਾ ਖਾਲੀ ਪਈਆਂ ਡਾਕਟਰਾਂ, ਨਰਸਿੰਗ ਸਟਾਫ ਅਤੇ ਪੈਰਾ ਮੈਡੀਕਲ ਸਟਾਫ ਪੋਸਟਾਂ ਭਰਨ, ਹਸਪਤਾਲ ਵਿੱਚ ਫੈਲੇ ਭਰਿਸ਼ਟਾਚਾਰ ਨੂੰ ਨੱਥ ਪਾਉਣ ਦੀ ਮੰਗ ਕੀਤੀ।



ਇਸ ਮੀਟਿੰਗ ਵਿੱਚ ਰਾਜੀਵ ਕੁਮਾਰ, ਖੁਸ਼ੀਆ ਸਿੰਘ, ਗੁਰਪ੍ਰੀਤ ਸਿੰਘ ਰੂੜੇਕੇ, ਗੁਰਚਰਨ ਸਿੰਘ, ਸੁਖਵਿੰਦਰ ਸਿੰਘ ਠੀਕਰੀਵਾਲਾ, ਸਤਨਾਮ ਸਿੰਘ ਬਰਨਾਲਾ, ਜਗਜੀਤ ਢਿੱਲਵਾਂ, ਬਹਾਦਰ ਸਿੰਘ ਸੰਘੇੜਾ, ਜੱਗਾ ਸਿੰਘ ਧਨੌਲਾ ਆਦਿ ਆਗੂਆਂ ਨੇ ਕਿਹਾ ਕਿ ਜੱਚਾ ਬੱਚਾ ਹਸਪਤਾਲ ਵਿੱਚ ਪਿਛਲੇ ਸਾਲ 2023 ਵਿੱਚ ਹਰ ਮਹੀਨੇ ਔਸਤ 300 ਜਣੇਪੇ ਦੇ ਅਪਰੇਸ਼ਨ ਕੀਤੇ ਜਾਂਦੇ ਰਹੇ ਹਨ ਜਿਸ ਦੀ ਗਿਣਤੀ ਹੁਣ ਘਟਕੇ ਔਸਤ 150 ਤੱਕ ਸੀਮਤ ਹੋ ਗਈ ਹੈ। ਸਤੰਬਰ ਮਹੀਨੇ ਤਾਂ ਹੱਦ ਹੀ ਹੋ ਗਈ ਕਿ ਇਹ ਗਿਣਤੀ 20 ਤੱਕ ਸੁੰਗੜ ਗਈ। ਇਸ ਤਰ੍ਹਾਂ ਇੱਥੇ ਤੈਨਾਤ ਲੇਡੀ ਡਾਕਟਰਾਂ ਨੇ ਪ੍ਰਾਈਵੇਟ ਤੌਰ 'ਤੇ ਇਹ ਜਣੇਪੇ ਕਰਕੇ ਲੱਖਾਂ ਰੁਪਏ ਆਮ ਲੋਕਾਈ ਦੀ ਜੇਬਾਂ 'ਤੇ ਡਾਕਾ ਮਾਰ ਲਿਆ। ਆਗੂਆਂ ਕਿਹਾ ਕਿ ਕਿੱਡੀ ਹੈਰਾਨੀ ਦੀ ਗੱਲ ਹੈ ਕਿ ਬਿਨ੍ਹਾਂ ਕੋਈ ਬਦਲਵਾਂ ਪ੍ਰਬੰਧ ਕੀਤਿਆਂ ਹੀ ਨਵੀਨੀਕਰਨ ਦੇ ਨਾਂ ਹੇਠ ਅਪਰੇਸ਼ਨ ਥੀਏਟਰ ਹੀ ਬੰਦ ਕਰ ਦਿੱਤਾ ਗਿਆ। ਅਜਿਹਾ ਸਾਰਾ ਕੁੱਝ ਕਿਸੇ ਵੱਡੀ ਸਾਜਿਸ਼ ਤਹਿਤ ਹੀ ਕੀਤਾ ਜਾ ਰਿਹਾ ਹੈ। ਇਸ ਜੱਚਾ ਬੱਚਾ ਹਸਪਤਾਲ ਨੂੰ ਬਨਵਾਉਣ ਵਿੱਚ ਸਿਵਲ ਹਸਪਤਾਲ ਬਚਾਓ ਕਮੇਟੀ ਦੀ ਅਗਵਾਈ ਹੇਠ ਚੱਲੇ ਸੰਘਰਸ਼ ਦੌਰਾਨ ਜਨਤਕ ਜਮਹੂਰੀ ਜਥੇਬੰਦੀਆਂ, ਸ਼ਹਿਰੀ/ਪਿੰਡਾਂ ਦੇ ਲੋਕਾਂ ਦਾ ਵੱਡਾ ਯੋਗਦਾਨ ਹੈ। ਆਗੂਆਂ ਇਹ ਵੀ ਕਿਹਾ ਕਿ ਇਸ ਜੱਚਾ ਬੱਚਾ ਹਸਪਤਾਲ ਨੂੰ ਲੁੱਟ ਦਾ ਅੱਡਾ ਨਹੀਂ ਬਨਣ ਦਿੱਤਾ ਜਾਵੇਗਾ। ਜਲਦ ਹੀ ਵੱਡਾ ਇਕੱਠ ਸੱਦਕੇ ਲੁੱਟ ਦੇ ਤੰਤਰ ਦਾ ਪਰਦਾਫਾਸ਼ ਕੀਤਾ ਜਾਵੇਗਾ।

## ਬੀਕੇਯੂ ਏਕਤਾ (ਡਕੌਂਦਾ) ਜ਼ਿਲ੍ਹਾ ਬਰਨਾਲਾ ਦੀ ਮਹੀਨਾਵਾਰ ਬੈਠਕ 'ਚ ਅਗਲੇ ਸੰਘਰਸ਼ਾਂ ਦਾ ਐਲਾਨ

**ਬਰਨਾਲਾ, (ਦਲਜੀਤ ਕੌਰ)** ਅੱਜ, ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਜ਼ਿਲ੍ਹਾ ਕਮੇਟੀ ਬਰਨਾਲਾ ਦੀ ਮਹੀਨਾਵਾਰ ਮੀਟਿੰਗ, ਜਥੇਬੰਦੀ ਦੇ ਠੀਕਰੀਵਾਲਾ ਰੋਡ ਸਥਿਤ ਦਫ਼ਤਰ ਵਿੱਚ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਭਦੌੜ ਦੀ ਪ੍ਰਧਾਨਗੀ ਹੇਠ ਹੋਈ। ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਨਾਲ ਸ਼ੁਰੂ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਲਈ ਜਾਰੀ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਸਤਨਾਮ ਸਿੰਘ ਬਰਨਾਲਾ ਨੇ ਦੱਸਿਆ ਕਿ ਅੱਜ ਯਾਨੀ 3 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਸ਼ਹੀਦਾਂ ਦੀ ਯਾਦ ਵਿੱਚ ਪਿੰਡਾਂ ਵਿੱਚ ਮੋਮਬੱਤੀ ਮਾਰਚ ਕੱਢੇ ਜਾਣਗੇ ਅਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੁਲਰੀਆਂ ਵਿਖੇ ਚੱਲ ਰਹੇ ਸੰਘਰਸ਼ ਵਿੱਚ ਸ਼ਾਮਲ ਹੋਣ ਲਈ, ਬਰਨਾਲਾ ਜ਼ਿਲ੍ਹੇ ਦੇ ਤਿੰਨਾਂ ਬਲਾਕਾਂ ਵਿੱਚੋਂ ਵੱਡੇ ਕਾਫ਼ਲੇ 5 ਅਕਤੂਬਰ ਨੂੰ ਕੁਲਰੀਆਂ ਲਈ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਬੁੱਧ ਰਾਮ ਦੀ ਸ਼ਹਿ 'ਤੇ ਭੌਂ-ਮਾਫ਼ੀਏ ਦਾ ਸਰਗਨਾ ਕੁਲਰੀਆਂ ਪਿੰਡ ਦਾ ਸਾਬਕਾ ਸਰਪੰਚ ਵਿੱਚ ਰਾਜੂ ਅਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਜ਼ਬਰੀ ਕਬਜਾ ਕਰਨ ਦੀ ਕੋਸ਼ਿਸ਼ਾਂ ਕਰ ਰਿਹਾ ਹੈ, ਜਿਸ ਦੇ ਖ਼ਿਲਾਫ਼ ਆਬਾਦਕਾਰ ਕਿਸਾਨਾਂ ਵੱਲੋਂ ਲੰਮੇ ਸਮੇਂ ਤੋਂ ਜ਼ੋਰਦਾਰ ਸੰਘਰਸ਼ ਲੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਜਮੀਨਾਂ ਬਚਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਬਰਨਾਲਾ ਜ਼ਿਲ੍ਹੇ ਦੀ ਸਭ ਪਿੰਡ ਇਕਾਈਆਂ ਆਪੋ ਆਪਣੇ ਸਾਧਨਾਂ ਰਾਹੀਂ 5 ਅਕਤੂਬਰ ਨੂੰ ਆਪੋ-ਆਪਣੇ ਪਿੰਡਾਂ ਤੋਂ ਤੁਰੇਗਾ ਤੇ ਇਹ ਸਾਰੇ ਕਾਫ਼ਲੇ ਭੀਖੀ ਵਿਖੇ ਇਕੱਠੇ ਹੋਣ ਤੋਂ ਬਾਅਦ ਵੱਡੇ ਕਾਫ਼ਲੇ ਦੀ ਸ਼ਕਲ ਵਿਚ ਕੁਲਰੀਆਂ ਪਹੁੰਚਣਗੇ। ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖ਼ਰੀਦ ਲਈ ਅਜੇ ਤੱਕ ਕੋਈ ਪੁਖਤਾ ਪ੍ਰਬੰਧ ਨਾ ਕਰਨ ਅਤੇ ਕਣਕ ਦੀ ਬਿਜਾਈ ਲਈ ਕਿਸਾਨਾਂ ਨੂੰ ਡੀਏਪੀ ਨਾ ਮਿਲਣ ਉੱਤੇ ਜ਼ੋਰਦਾਰ ਰੋਹ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ ਮਾਂਗੇਵਾਲ, ਹਰਮੰਡਲ ਸਿੰਘ ਜੋਧਪੁਰ, ਸੰਦੀਪ ਸਿੰਘ ਚੀਮਾ, ਕੁਲਵੰਤ ਸਿੰਘ ਹੰਡਿਆਇਆ, ਮਨਜੀਤ ਕੌਰ ਸੰਧੂ ਕਲਾਂ, ਬਾਬੂ ਸਿੰਘ ਖੁੱਡੀਕਲਾਂ, ਭੋਲਾ ਸਿੰਘ ਛੰਨਾ ਤੇ ਨਾਨਕ ਸਿੰਘ ਅਮਲਾ ਸਿੰਘ, ਕੁਲਵਿੰਦ ਸਿੰਘ ਉੱਪਲੀ, ਗੁਰਪ੍ਰੀਤ ਸਿੰਘ ਸਹਿਜੜਾ, ਰਾਮ ਸਿੰਘ ਸ਼ਹਿਣਾ, ਅਮਨਜੀਤ ਕਾਲਾ ਰਾਏਸਰ, ਸੱਤਾ ਮੂੰਮ, ਸੁਖਵਿੰਦਰ ਸਿੰਘ ਉੱਪਲੀ, ਗੋਪਾਲ ਕ੍ਰਿਸ਼ਨ ਹਮੀਦੀ, ਸੁਖਦੇਵ ਸਿੰਘ ਕੁਰੜ, ਬਲਵੰਤ ਸਿੰਘ ਉੱਗੋਕੇ ਤੇ ਗੋਰਾ ਰਾਏਸਰ ਆਦਿ ਆਗੂ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।



## ਸੰਤ 108 ਨਰਾਇਣ ਦਾਸ ਬਲਾਇੰਡ ਸਕੂਲ ਵਿਖੇ ਮਹਾਤਮਾ ਗਾਂਧੀ ਜੈਯੰਤੀ ਮਨਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅਲਾਇੰਸ ਕਲੱਬ ਇੰਟਰਨੈਸ਼ਨ ਡਿਸਟ੍ਰਿਕ-119 ਵਲੋਂ ਸੰਤ-108 ਨਰਾਇਣ ਦਾਸ ਬਲਾਇੰਡ ਸਕੂਲ, ਬਾਹੋਵਾਲ ਵਿਖੇ



ਬਲਾਇੰਡ ਐਂਡ ਹੈਂਡੀਕੈਪਸ ਡਿਵੈਲਪਮੈਂਟ ਸੁਸਾਇਟੀ ਦੇ ਸਹਿਯੋਗ ਨਾਲ ਮਹਾਤਮਾ ਗਾਂਧੀ ਜਯੰਤੀ ਨੂੰ ਮਨਾਇਆ ਗਿਆ। ਇਸ ਮੌਕੇ ਤੇ ਐਲੀ ਰਮੇਸ਼ ਕੁਮਾਰ ਡਿਸਟ੍ਰਿਕ ਗਵਰਨਰ, ਬਰੇਲ ਦੇ ਐਕਸਪਰਟ ਚੰਦਰਭਾਨ ਦੁਬੇ, ਸੁਸਾਇਟੀ ਦੇ ਪ੍ਰਧਾਨ ਅੱਤਰ ਸਿੰਘ ਅਤੇ ਐਲੀ ਅਸ਼ੋਕ ਪੁਰੀ ਨੇ ਵਿਸ਼ੇਸ਼ ਤੌਰ ਤੇ ਬਲਾਇੰਡ ਵਿਦਿਆਰਥੀਆਂ ਨਾਲ ਸਾਂਝ ਪਾਈ। ਇਸ ਮੌਕੇ ਤੇ ਵਿਜੇ ਕੁਮਾਰ, ਅਵਨੀਤ ਸਿੰਘ, ਨਵਪ੍ਰੀਤ ਸਿੰਘ, ਸੁਖਮਨ, ਨਰੇਸ਼ ਬਾਲੀ, ਵਿਸ਼ਾਲ ਕੁਮਾਰ, ਸਿਰਾਜ ਕੌਂਡਲ, ਗੌਰਵ ਕੁਮਰ, ਗੋਬਿੰਦ ਕੁਮਾਰ, ਸਮਰ ਗੌਤਮ, ਆਸਿਫ ਮੁਹੰਮਦ ਅਤੇ ਹਰਜੋਤ ਸਿੰਘ ਸੰਘਾ ਨੇ ਭਗਤੀ ਗੀਤ ਗਾਏ। ਮਹਾਤਮਾ ਗਾਂਧੀ ਜੀ ਦਾ ਗੀਤ 'ਈਸ਼ਵਰ ਅੱਲਾ ਤੇਰੋ ਨਾਮ, ਸਭ ਕੋਂ ਸਨਮਤੀ ਦੇ ਭਗਵਾਨ' ਹਾਜਰ ਸਰੋਤਿਆਂ ਦੇ ਸਿਰ ਚੜ੍ਹ ਬੋਲਿਆ। ਸੁਸਾਇਟੀ ਦੇ ਪ੍ਰਧਾਨ ਅੱਤਰ ਸਿੰਘ ਨੇ ਅਲਾਇੰਸ ਕਲੱਬ ਦੇ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਨੂੰ ਅੱਜ ਦਾ ਦਿਨ ਸੰਗੀਤ ਦੇ ਬਲਾਇੰਡ ਵਿਦਿਆਰਥੀਆਂ ਨਾਲ ਸਾਂਝ ਕਰਨ ਤੇ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੰਤ ਨਰਾਇਣ ਦਾਸ ਬਲਾਇੰਡ ਸਕੂਲ ਵਲੋਂ ਇਲਾਕੇ ਦੇ ਬਲਾਇੰਡ ਵਿਦਿਆਰਥੀਆਂ ਵਿੱਚ ਸਿੱਖਿਆ ਦਾ ਸੰਚਾਰ ਅਤੇ ਕਿੱਤਾਮੁੱਖੀ ਕੰਮਾਂ ਨਾਲ ਜੋੜਨ ਦਾ ਕੰਮ ਕਰ ਰਹੀ ਹੈ। ਇਥੇ ਰੰਗਕਰਮੀ ਅਸ਼ੋਕ ਪੁਰੀ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾਂ ਸ਼੍ਰੀ ਗ੍ਰੇਸਾ ਫਿਲਮਜ਼ ਵਲੋਂ ਜਲਦੀ ਸ਼੍ਰੀ ਅਵੀਨਾਸ਼ ਰਾਏ ਖੰਨਾ ਜੀ ਦੀ ਕਹਾਣੀ 'ਗੋਲਡ ਮੈਡਲ ਦਾ ਦਾਜ' ਉਪਰ ਇਕ ਫਿਲਮ ਬਣਾਈ ਜਾ ਰਹੀ ਹੈ ਜੋ ਕਿ ਕਹਾਣੀ ਦੀ ਮੁੱਖ ਪਾਤਰ ਪ੍ਰਕਾਸ਼ ਕੌਰ ਜੋ ਕਿ ਬਲਾਇੰਡ ਹੈ, ਉਪਰ ਅਧਾਰਿਤ ਹੈ। ਇਸ ਸਕੂਲ ਨੂੰ ਚਲਾਉਣ ਵਿੱਚ ਯੋਗੇਸ਼, ਰਿਤੂ, ਮੋਨਾ, ਸੋਭਾ ਅਤੇ ਮਾਧੂਰੀ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਪ੍ਰੋਗਰਾਮ ਦੇ ਅਖੀਰ ਵਿੱਚ ਸੰਗੀਤ ਦੇ ਵਿਦਿਆਰਥੀਆਂ ਚੰਦਰਭਾਨ ਦੁਬੇ ਅਤੇ ਅੱਤਰ ਸਿੰਘ ਨੂੰ ਅਲਾਇੰਸ ਕਲੱਬ ਵਲੋਂ ਸਨਮਾਨਤ ਕੀਤਾ ਗਿਆ।

## ਡਿਪਟੀ ਕਮਿਸ਼ਨਰ ਨੇ ਦਾਣਾ ਮੰਡੀ ਹੁਸ਼ਿਆਰਪੁਰ ਵਿੱਚ ਝੋਨੇ ਦੀ ਖ਼ਰੀਦ ਸ਼ੁਰੂ ਕਰਵਾ ਕੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਦੀਆਂ 13 ਤੋਂ ਵੱਧ ਮੰਡੀਆਂ ਵਿੱਚ ਅੱਜ ਤੋਂ ਝੋਨੇ ਦੀ ਖ਼ਰੀਦ ਪ੍ਰਕਿਰਿਆ ਨਾਲ ਸ਼ੁਰੂ ਹੋ ਗਈ ਹੈ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਹੁਸ਼ਿਆਰਪੁਰ ਦੀ



ਦਾਣਾ ਮੰਡੀ ਵਿੱਚ ਝੋਨੇ ਦੀ ਖ਼ਰੀਦ ਦੀ ਪ੍ਰਕਿਰਿਆ ਦਾ ਸ਼ੁਭਾਰੰਭ ਕੀਤਾ ਅਤੇ ਸਾਰੀਆਂ ਸਹੂਲਤਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਮੰਗਲਵਾਰ ਤੋਂ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਸੁਚਾਰੂ ਖ਼ਰੀਦ ਸ਼ੁਰੂ ਹੋ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੀਆਂ ਕੁੱਲ 65 ਮੰਡੀਆਂ ਵਿੱ-ਚੋਂ ਹੁਸ਼ਿਆਰਪੁਰ, ਨਸਰਾਲਾ, ਫੁਗਲਾਨਾ, ਮਾਹਿਲਪੁਰ, ਪੱਦੀ ਸੂਰਾਂ ਸਿੰਘ, ਭੰਗਾਲਾ, ਹਰਸਾ ਮਾਨਸਰ, ਕੌਲਪੁਰ, ਮੁਕੇਰਿਆਂ, ਪੰਡੋਰੀ, ਦਸੂਹਾ, ਨੌਸ਼ਹਿਰਾ, ਪੰਜਧੇਰਕਲਾਂ ਅਤੇ ਹੋਰ ਮਹੱਤਵਪੂਰਨ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਛਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਨੂੰ ਯਕੀਨੀ ਬਣਾਇਆ ਗਿਆ ਹੈ, ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਮੰਡੀਆਂ ਵਿੱਚ ਖ਼ਰੀਦ ਪ੍ਰਬੰਧ ਦੇ ਇਲਾਵਾ, ਡਿਪਟੀ ਕਮਿਸ਼ਨਰ ਨੇ ਇਹ ਵੀ ਯਕੀਨੀ ਬਣਾਇਆ ਹੈ ਕਿ ਸਾਰੀਆਂ ਸਹੂਲਤਾਂ ਸਮੇਂ ਸਿਰ ਅਤੇ ਸੁਚਾਰੂ ਢੰਗ ਨਾਲ ਚੱਲਦੀਆਂ ਰਹਿਣ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਿਤ ਨਮੀ ਵਾਲਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਕੰਬਾਇਨ ਨਾਲ ਵਾਡੀ ਦਾ ਕੰਮ ਨਿਸ਼ਚਿਤ ਸਮੇਂ ਦੇ ਅੰਦਰ ਹੀ ਪੂਰਾ ਕਰਨ। ਜ਼ਿਲ੍ਹੇ ਵਿੱਚ ਝੋਨੇ ਦੀ ਕਟਾਈ ਲਈ ਪਹਿਲਾਂ ਜਾਰੀ ਕੀਤੇ ਹੁਕਮਾਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਦੱਸਿਆ ਕਿ ਰਾਤ 7:00 ਵਜੇ ਤੋਂ ਸਵੇਰੇ 10:00 ਵਜੇ ਤੱਕ ਕੰਬਾਇਨ ਮਸ਼ੀਨਾਂ ਨਾਲ ਕਟਾਈ 'ਤੇ ਪੂਰਨ ਤੌਰ 'ਤੇ ਰੋਕ ਲਗਾਈ ਗਈ ਹੈ।

## ਫਗਵਾੜਾ ਦੀ ਨਵੀਂ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਦਾ ਕੰਮ ਹੋਇਆ ਸ਼ੁਰੂ

**ਫਗਵਾੜਾ (ਬੀ. ਕੇ. ਰੱਤੂ)** ਬੀਤੇ ਦਿਨ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਪੰਜਾਬ ਦੀ ਹਾਜਰੀ 'ਚ ਸਰਕਾਰ ਅਤੇ ਆੜ੍ਹਤੀਆਂ ਵਿਚ ਹੋਏ ਆਪਸੀ ਸਮਝੌਤੇ ਤੋਂ ਬਾਅਦ ਅੱਜ ਫਗਵਾੜਾ ਦੀ ਹੁਸ਼ਿਆਰਪੁਰ ਰੋਡ ਸਥਿਤ ਮੁੱਖ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਦਾ ਕੰਮ ਐਸ।ਡੀ।ਐਮ। ਫਗਵਾੜਾ ਜਸ਼ਨਜੀਤ ਸਿੰਘ ਵਲੋਂ ਸ਼ੁਰੂ ਕਰਵਾਇਆ ਗਿਆ। ਇਸ ਦੌਰਾਨ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਉਹਨਾਂ ਨੇ ਐਸ।ਡੀ।ਐਮ। ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਤੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਫਸਲ ਦੀ ਖਰੀਦ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਲੋੜ ਅਨੁਸਾਰ ਬਾਰਦਾਨੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਕਿਸਾਨਾਂ ਅਤੇ ਮੰਡੀ ਮਜ਼ਦੂਰਾਂ ਦੀ ਸਹੂਲਤ ਲਈ ਵੀ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਇਹ ਭਰੋਸਾ ਵੀ ਦਿੱਤਾ ਕਿ ਫਸਲ ਦੀ ਕੀਮਤ ਸਮੇਂ ਸਿਰ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫਰ ਹੋਣਾ ਯਕੀਨੀ ਬਣਾਇਆ ਜਾਵੇਗਾ। ਉਹਨਾਂ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸਰਕਾਰੀ ਮਿਆਰ ਤੋਂ ਵੱਧ ਨਮੀ ਵਾਲੀ ਫ਼ਸਲ ਨੂੰ ਮੰਡੀ ਵਿੱਚ ਨਾ ਲਿਆਂਦਾ ਜਾਵੇ ਤਾਂ ਜੋ ਕਿਸੇ ਤਰ੍ਹਾਂ ਦੀ ਖੱਜਲ ਖੁਆਰੀ ਤੋਂ ਬਚਿਆ ਜਾ ਸਕੇ। ਉਹਨਾਂ ਝੋਨੇ ਦੇ ਇੱਕ-ਇੱਕ ਦਾਨੇ ਦੀ ਖਰੀਦ ਯਕੀਨੀ ਬਨਾਉਣ ਦਾ ਭਰੋਸਾ ਵੀ ਦਿੱਤਾ। ਇਸ ਦੇ ਨਾਲ ਹੀ ਕਿਹਾ ਕਿ ਜੇਕਰ ਕਿਸੇ ਕਿਸਾਨ ਜਾਂ ਵਪਾਰੀ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਨਿੱਜੀ ਤੌਰ 'ਤੇ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ ਤਾਂ ਜੋ ਹਰ ਸਮੱਸਿਆ ਨੂੰ ਸਮੇਂ ਸਿਰ ਹੱਲ ਕੀਤਾ ਜਾ ਸਕੇ। ਇਸ ਮੌਕੇ ਮਾਰਕਿਟ ਕਮੇਟੀ ਸਕੱਤਰ ਗੁਰਮੀਤ ਸਿੰਘ, ਪਰਮ ਪ੍ਰਕਾਸ਼ ਇੰਸਪੈਕਟਰ, ਗੁਰਵਿੰਦਰ ਸਿੰਘ ਅਕਾਊਂਟੈਂਟ, ਭੁਪਿੰਦਰ ਸਿੰਘ, ਇੰ-ਸਪੈਕਟਰ ਸ਼ਿਵਜੀਤ, ਹਰਮਨਦੀਪ ਸਿੰਘ ਸਮੇਤ ਵੱਖ-ਵੱਖ ਖਰੀਦ ਏਜੰਸੀਆਂ ਦੇ ਨੁਮਾਇੰਦੇ ਹਾਜ਼ਰ ਸਨ।



# ਦੇਸ਼ ਭਗਤ ਯੂਨੀਵਰਸਿਟੀ ਨੇ ਰੈਗਿੰਗ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**ਮੰਡੀ ਗੋਬਿੰਦਗੜ੍ਹ –** ਫੈਕਲਟੀ ਆਫ਼ ਐਗਰੀਕਲਚਰ ਐਂਡ ਲਾਈਫ਼ ਸਾਇੰਸਜ਼ ਅਤੇ ਟੈਕਨੋ ਕਲੱਬ ਆਫ਼ ਫੈਕਲਟੀ ਆਫ਼ ਇੰਜੀਨੀਅਰਿੰਗ ਟੈਕਨਾਲੋਜੀ ਦੇ ਸਹਿਯੋਗ ਨਾਲ ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਦੀ ਅਗਵਾਈ ਹੇਠ ਬੀ.ਐਸ.ਸੀ. ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵੱਲੋਂ ਐਗਰੀਕਲਚਰ ਆਨਰਜ਼ ਤੀਜਾ ਸਮੈਸਟਰ, ਐਮ ਐਸ ਸੀ ਪੰਜਵਾਂ ਬਾਗਬਾਨੀ ਪਹਿਲਾ, ਐਮ ਐਸ ਸੀ ਜਿਓਲੋਜੀ ਪਹਿਲਾ ਅਤੇ ਬੀ ਟੈਕ ਪਹਿਲਾ, ਬੀ ਟੈਕ ਤੀਜੇ ਸਮੈਸਟਰ ਦੇ ਵਿਦਿਆਰਥੀਆਂ ਲਈ ਐਂਟੀ ਰੈਗਿੰਗ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੇ ਕੋਆਰਡੀਨੇਟਰ ਡਾ: ਅਰਸ਼ਦੀਪ ਸਿੰਘ, ਸ਼੍ਰੀ ਰਵਿੰਦਰ ਸਿੰਘ ਅਤੇ ਮਿਸ ਸ਼ਿਵਾਂਗੀ ਸੂਦ, ਫੈਕਲਟੀ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਜ਼ ਅਤੇ ਫੈਕਲਟੀ ਆਫ ਇੰਜੀਨੀਅਰਿੰਗ ਟੈਕਨਾਲੋਜੀ ਦੇ ਮੈਂਬਰ ਹਾਜ਼ਰ ਸਨ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਐਂਟੀ ਰੈਗਿੰਗ ਬਾਰੇ ਜਾਗਰੂਕ ਕਰਨਾ ਸੀ। ਡਾ: ਅਰਸ਼ਦੀਪ ਸਿੰਘ ਨੇ ਐਂਟੀ ਰੈਗਿੰਗ ਬਾਰੇ ਆਪਣੀ ਪੇਸ਼ਕਾਰੀ ਦੀ ਸ਼ੁਰੂਆਤ ਕਰਦਿਆਂ ਵੱਖ-ਵੱਖ ਐਂਟੀ ਰੈਗਿੰਗ ਮੁੱਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਸਨੇ ਸਮਝਾਇਆ ਕਿ ਰੈਗਿੰਗ ਲਾਜ਼ਮੀ ਤੌਰ 'ਤੇ ਇੱਕ ਪੱਛਮੀ ਧਾਰਨਾ ਹੈ ਅਤੇ ਅਸਲ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਸੀਨੀਅਰਾਂ ਅਤੇ ਜੂਨੀਅਰਾਂ ਵਿਚਕਾਰ ਸਮਾਜਿਕ ਸੰਪਰਕ ਦਾ ਇੱਕ ਰੂਪ ਸੀ। ਹਾਲਾਂਕਿ, ਇਹ ਸੰਪਰਕ ਕਈ ਵਾਰ ਬਹੁਤ ਜ਼ਾਲਮ, ਅਣਮਨੁੱਖੀ ਅਤੇ ਸਮਾਜ ਵਿਰੋਧੀ ਰੂਪ ਧਾਰਨ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਕੁਝ ਉੱਚ ਨਾਮੀ ਕਾਲਜਾਂ ਅਤੇ ਸੰਸਥਾਵਾਂ ਦਾ ਰੈਗਿੰਗ ਦਾ ਭਿਆਨਕ ਇਤਿਹਾਸ ਹੈ। ਰੈਗਿੰਗ ਦੇ ਸਮਾਜਿਕ, ਭੌਤਿਕ, ਰਾਜਨੀਤਿਕ, ਆਰਥਿਕ, ਵਿਦਿਅਕ ਅਤੇ ਭੌਤਿਕ ਮਾਪ ਹਨ। ਉਨ੍ਹਾਂ ਨੇ ਡਰੈਸ ਕੋਡ, ਰੈਗਿੰਗ, ਜ਼ੁਬਾਨੀ ਦੁਰਵਿਵਹਾਰ, ਸਰੀਰਕ ਸ਼ੋਸ਼ਣ, ਜਿਨਸੀ ਸ਼ੋਸ਼ਣ, ਅਕਾਦਮਿਕ ਪ੍ਰਦਰਸ਼ਨ, ਐਂਟੀ-ਰੈਗਿੰਗ ਹੈਲਪਲਾਈਨ ਅਤੇ ਬੇਨਾਮ ਸ਼ਿਕਾਇਤਾਂ, ਵਿਵਾਦਾਂ, ਭਾਰਤ ਵਿੱਚ ਰੈਗਿੰਗ ਵਿਰੋਧੀ ਅੰਦੋਲਨ, ਮਾੜੇ ਨਤੀਜੇ, ਮੁੱਖ ਘਟਨਾਵਾਂ, ਕਾਨੂੰਨੀ ਢਾਂਚੇ ਸਮੇਤ ਮਹੱਤਵਪੂਰਨ ਮੁੱਦਿਆਂ ਬਾਰੇ ਵਿਸਥਾਰ ਪੂਰਵਕ ਦੱਸਿਆ। ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਐਂਟੀ-ਰੈਗਿੰਗ ਜਾਗਰੂਕਤਾ ਬਾਰੇ ਮਾਹਿਰ ਭਾਸ਼ਣਾਂ ਵਿੱਚ ਭਾਗ ਲਿਆ। ਇਸ ਮੌਕੇ ਵਿਦਿਆਰਥੀ ਰਾਜੂ ਕੁਮਾਰ, ਪ੍ਰਕਾਸ਼ ਕੁਮਾਰ, ਸ਼ਿਵਮ ਕੁਮਾਰ, ਰਾਹੁਲ ਰਾਜ, ਜੋਤੀ ਰਾਜ, ਰਾਹੁਲ ਕੁਮਾਰ ਰਾਜੂ ਕੁਮਾਰ, ਰਿਤੇਸ਼ ਕੁਮਾਰ, ਅਕਸ਼ੈ ਕੁਮਾਰ ਚੌਹਾਨ, ਸ਼ਕੀਲ ਅਹਿਮਦ, ਮਨੀਸ਼ ਕੁਮਾਰ ਚੌਧਰੀ, ਮੁਹੰਮਦ ਹਾਰੂਨ, ਕਿੰਗਸਟਨ ਜੇਆਰ ਅਲੈਗਜ਼ੈਂਡਰ ਕੇ, ਸਵੀਟੀ, ਕਮਲੇਸ਼, ਜਾਗ੍ਰਿਤੀ, ਅਵੰਤਿਕਾ, ਸ਼ਬਨਮ, ਅੰਜਲੀ ਤੋਂ ਇਲਾਵਾ ਹੋਰ ਵਿਦਿਆਰਥੀ ਅਤੇ ਫੈਕਲਟੀ ਮੈਂਬਰ ਪ੍ਰੋਫੈਸਰ ਐਚ।ਕੇ ਸਿੱਧ, ਡਾ: ਸਚਿਨ ਭਾਰਦਵਾਜ, ਡਾ: ਅਵਿਨਾਸ਼ ਕੁਮਾਰ ਭਾਟੀਆ, ਰਵਿੰਦਰ ਸਿੰਘ, ਮਿਸ ਸ਼ਿਵਾਂਗੀ ਸੂਦ, ਮਿਸ ਚੰਨਪ੍ਰੀਤ ਕੌਰ, ਸੁਨਿਧੀ, ਸੰਜੋਤ ਹਾਜ਼ਰ ਸਨ।




****

# ਗੁਰਸ਼ਰਨ ਭਾਅ ਜੀ ਦੀ ਜੀਵਨ ਸਾਥਣ ਸ੍ਰੀਮਤੀ ਕੈਲਾਸ਼ ਕੌਰ ਦੇ ਵਿਛੋੜੇ ’ਤੇ ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਸ਼ੋਕ ਪ੍ਰਗਟਾਵਾ

**ਜਲੰਧਰ–** ਇਨਕਲਾਬੀ ਰੰਗ ਮੰਚ ਦੇ ਸ਼੍ਰੋਮਣੀ ਨਾਟਕਕਾਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮਰਹੂਮ ਗੁਰਸ਼ਰਨ ਸਿੰਘ ਦੀ ਜੀਵਨ ਸਾਥਣ ਅਤੇ ਲੋਕ-ਪੱਖੀ ਰੰਗ ਮੰਚ ਦੇ ਅਦਾਕਾਰ ਸ੍ਰੀਮਤੀ ਕੈਲਾਸ਼ ਕੌਰ ਦੇ ਸਦੀਵੀ ਵਿਛੋੜੇ ’ਤੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫ਼ੋਂ ਗਹਿਰੇ ਸ਼ੋਕ ਦਾ ਇਜ਼ਹਾਰ ਕਰਦਿਆਂ ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਲੋਕ ਸਰੋਕਾਰਾਂ, ਲੋਕ ਪੀੜਾ ਅਤੇ ਲੋਕ-ਮੁਕਤੀ ਨਾਲ ਜੁੜੇ ਰੰਗ ਮੰਚ ਲਈ ਪੂਰਾ ਪਰਿਵਾਰ ਸਮਾਜ ਲੇਖੇ ਲਾਉਣ ਵਾਲੀ ਅਦਬੀ ਸਖ਼ਸ਼ੀਅਤ ਨੂੰ ਕਮੇਟੀ ਦਾ ਵਡੇਰਾ ਪਰਿਵਾਰ ਅਦਬ ਸਹਿਤ ਸਿਜਦਾ ਕਰਦਾ ਹੈ।



ਚੇਤੇ ਰਹੇ ਕਿ ਉਹਨਾਂ ਨੇ ਬੀਤੀ ਰਾਤ ਦਿੱਲੀ ਵਿਖੇ ਆਪਣੀ ਧੀ ਡਾ. ਨਵਸ਼ਰਨ ਅਤੇ ਪੁੱਤਾਂ ਤੋਂ ਪਿਆਰੇ ਜੁਆਈ ਪ੍ਰੋ. ਅਤੁਲ ਸੂਦ ਕੋਲ ਅੰਤਿਮ ਸਾਹ ਲਏ ਅਤੇ ਅੱਜ ਉਹਨਾਂ ਨੂੰ ਬੇਹੱਦ ਮਾਣ ਸਨਮਾਨ ਨਾਲ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ ਸਾਥੀਆਂ ਵੱਲੋਂ ਦਿੱਲੀ ਵਿਖੇ ਹੀ ਅੰਤਿਮ ਵਿਦਾਇਗੀ ਦਿੱਤੀ ਗਈ।

ਸ਼ੋਕ ਪ੍ਰਗਟਾਵੇ ਮੌਕੇ ਕਮੇਟੀ ਆਗੂਆਂ ਨੇ ਸ੍ਰੀਮਤੀ ਕੈਲਾਸ਼ ਕੌਰ ਦੇ ਜ਼ਿੰਦਗੀ ਭਰ ਦੇ ਰੰਗ ਮੰਚੀ ਸਫ਼ਰ ’ਤੇ ਮਾਣ ਕਰਦਿਆਂ ਕਿਹਾ ਕਿ ਉਹਨਾਂ ਦੀ ਪ੍ਰੇਰਨਾ ਸਦਕਾ ਸੈਂਕੜੇ ਹੀ ਨੌਜਵਾਨ ਮੁੰਡੇ-ਕੁੜੀਆਂ ਨੇ ਰੰਗ ਮੰਚ ਰਾਹੀਂ ਸਮਾਜ ਵਿੱਚ ਪਸਰੇ ਹਨੇਰੇ ਨੂੰ ਦੂਰ ਕਰਨ ਲਈ ਕਿਰਨਾਂ ਦਾ ਕਾਫ਼ਲਾ ਬਣਨ ਦਾ ਯਤਨ ਕੀਤਾ।

ਕਮੇਟੀ ਆਗੂਆਂ ਨੇ ਸ੍ਰੀਮਤੀ ਕੈਲਾਸ਼ ਕੌਰ ਦੇ ਹਵਾਲੇ ਨਾਲ ਦੱਸਿਆ ਕਿ ਉਹਨਾਂ ਦੀਆਂ ਅਸਥੀਆਂ ਹੁਸੈਨੀਵਾਲਾ ਵਿਖੇ ਸਤਲੁਜ ਕੰਢੇ ਜਲ ਪ੍ਰਵਾਹ ਕੀਤੀਆਂ ਜਾਣਗੀਆਂ ਅਤੇ ਉਹਨਾਂ ਦੇ ਜੀਵਨ ਸਫ਼ਰ ਬਾਰੇ ਗੰਭੀਰ ਵਿਚਾਰਾਂ ਕਰਨ ਲਈ ਭਵਿੱਖ ’ਚ ਵਿਚਾਰ ਕੇ ਸਮਾਗਮ ਕੀਤਾ ਜਾਏਗਾ।

# ਕਿਸਾਨਾਂ ਦੀ ਡੀ ਸੀ ਨਾਲ ਮੀਟਿੰਗ ਅੱਜ ਮਜ਼ਦੂਰ ਕੰਮ ਨਾ ਮਿਲਣ ਕਰਕੇ ਵਾਪਸ ਪਰਤਣ ਲੱਗੇ

**ਨਕੋਦਰ (ਸਤਨਾਮ ਸਿੰਘ ਸਹੂੰਗੜਾ)–** ਭਾਰਤੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਦੁਆਬਾ ਦੀ ਇਕ ਹੰਗਾਮੀ ਮੀਟਿੰਗ ਮਾਰਕੀਟ ਦੇ ਅਧਿਕਾਰੀਆਂ, ਖਰੀਦਦਾਰ ਇਜੰਸੀਆਂ ਦੇ ਇੰਸਪੈਕਟਰਾਂ, ਆੜਤੀ ਐਸੋਸੀਏਸ਼ਨ ਮਹਿਤਪੁਰ, ਸ਼ੈਲਰ ਮਾਲਕਾਂ ਵਿਚਕਾਰ ਹੋਈ। ਇਸ ਮੀਟਿੰਗ ਦੌਰਾਨ ਇਜੰਸੀਆਂ ਦੇ ਇੰਸਪੈਕਟਰਾਂ ਨੂੰ ਕਿਸਾਨ ਜਥੇਬੰਦੀਆਂ ਨੇ ਝੋਨੇ ਦੀ ਪਰਚੇਜ ਨਾ ਕਰਨ ਸਬੰਧੀ ਸਵਾਲ ਕੀਤਾ। ਜਿਸ ਤੇ ਇਨਸਪੈਟਰਾਂ ਨੇ ਜਵਾਬ ਦਿੰਦਿਆਂ ਆਖਿਆ ਕਿ ਆੜਤੀਆਂ, ਸ਼ੈਲਰ ਮਾਲਕਾਂ ਸਮੇਤ ਲੈਂਬਰ ਨੇ ਹੜਤਾਲ ਕੀਤੀ ਹੋਈ ਹੈ ਉਨ੍ਹਾਂ ਦੀ ਹੜਤਾਲ ਸਮਾਪਤੀ ਤੱਕ ਝੋਨੇ ਦੀ ਪਰਚੇਜ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਖਰੀਦ ਕੀਤਾ ਝੋਨਾ ਲਿਫਟਿੰਗ ਨਹੀਂ ਹੋ ਸਕਦਾ। ਝੋਨੇ ਦੀ ਭਰਾਈ ਸਬੰਧੀ ਕੀਤੇ ਸਵਾਲਾਂ ਦੇ ਜਵਾਬ ਦਿੰਦਿਆਂ ਆੜਤੀਆਂ ਨੇ ਕਿਹਾ ਕਿ ਸਾਡੀਆਂ ਮੰਗਾਂ ਪ੍ਰਵਾਨ ਹੋਣ ਤੱਕ ਝੋਨੇ ਦੀ ਭਰਾਈ ਨਹੀਂ ਕੀਤੀ ਜਾਵੇਗੀ। ਇਸ ਤਰ੍ਹਾਂ ਤਕਰੀਬਨ ਇਕ ਘਿੰਟਾ ਚੱਲੀ ਮੀਟਿੰਗ ਬੇਸਿੱਟਾ ਸਮਾਪਤ ਹੋਈ। ਇਸ ਮੌਕੇ ਜਿੰਮੀਦਾਰ ਸਭ ਤੋਂ ਵੱਧ ਪ੍ਰੇਸ਼ਾਨ ਹਨ ਕਿਉਂਕਿ ਮਾਰਕੀਟ ਕਮੇਟੀ ਵੱਲੋਂ ਸਰਕਾਰ ਦੀਆਂ ਹਦਾਇਤਾ ਅਨੁਸਾਰ ਜਿੰਮੀਦਾਰਾਂ ਉਤੇ ਗਿਲਾ ਝੋਨਾ ਲਿਆਉਣ ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਮੰਡੀ ਵਿਚ ਮੌਜੂਦ ਕੁਝ ਜਿੰਮੀਦਾਰਾਂ ਨੇ ਆਪਣਾ ਰੋਣਾ ਰੋਂਦੇ ਦੱਸਿਆ ਕਿ ਸਾਡਾ ਝੋਨਾ ਸੁਕਾ ਹੋਣ ਦੇ ਬਾਵਜੂਦ ਵੀ ਨੀ ਖਰੀਦ ਕੀਤਾ ਜਾ ਰਿਹਾ। ਉਧਰ ਕਿਸਾਨ ਯੂਨੀਅਨਾਂ ਵੱਲੋਂ ਵੀ ਕਿਸਾਨਾਂ ਨੂੰ ਮੰਡੀ ਵਿਚ ਝੋਨਾ ਸੁਕਾ ਕੇ ਲਿਆਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਝੋਨਾ ਲਿਆਉਣ ਤੋਂ ਕੋਈ ਨਹੀਂ ਰੋਕ ਸਕਦਾ ਕਿਉਂਕਿ ਮੰਡੀਆਂ ਕਿਸਾਨਾਂ ਦੀਆਂ ਹਨ, ਨਾ ਕਿ ਆੜਤੀਆਂ ਅਤੇ ਸ਼ੈਲਰ ਮਾਲਕਾਂ ਦੀਆਂ। ਇਸ ਮੌਕੇ ਪੰਜਾਬ ਸਰਕਾਰ ਮੁਰਦਾਬਾਦ, ਮੋਦੀ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਉਂਦਿਆਂ ਕਿਸਾਨ ਜਥੇਬੰਦੀਆਂ ਨੇ ਸਰਕਾਰਾਂ ਨੂੰ ਤਾੜਨਾ ਕੀਤੀ, ਕਿ ਇਸ ਮਸਲੇ ਨੂੰ ਜਲਦ ਤੋਂ ਜਲਦ ਹੱਲ ਕਰ ਲਿਆ ਜਾਵੇ ਅਤੇ ਕਿਸਾਨੀ ਨੂੰ ਰੁਲਣ ਤੋਂ ਬਚਾਇਆ ਜਾਏ, ਨਹੀਂ ਤਾਂ ਤਿੱਖਾ ਸੰਘਰਸ਼ ਆਰੰਭਿਆ ਜਾਵੇਗਾ। ਕਿਸਾਨ ਜਥੇਬੰਦੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੱਸਿਆ ਸਬੰਧੀ ਕਿਸਾਨ ਜਥੇਬੰਦੀਆਂ ਮਾਣਯੋਗ ਡੀ ਸੀ ਜਲੰਧਰ ਨੂੰ ਮਿਲਣ ਜਾ ਰਹੀਆਂ ਹਨ। ਜੇਕਰ ਕੋਈ ਸੁਣਵਾਈ ਨਾ ਹੋਈ ਤਾਂ ਜਥੇਬੰਦੀਆਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਜਾਵੇਗਾ।



ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਲਖਵਿੰਦਰ ਸਿੰਘ ਗੋਬਿੰਦਪੁਰ ਜ਼ਿਲ੍ਹਾ ਪ੍ਰਧਾਨ, ਨਰਿੰਦਰ ਸਿੰਘ ਬਾਜਵਾ ਕੋਰ ਕਮੇਟੀ ਮੈਂਬਰ ਪੰਜਾਬ, ਸੋਢੀ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ, ਕੁਲਦੀਪ ਸਿੰਘ ਆੜਤੀਆਂ, ਗੁਰਦੀਪ ਸਿੰਘ ਤਹਿਸੀਲ ਪ੍ਰਧਾਨ ਨਕੋਦਰ, ਰਮਨਜੀਤ ਸਿੰਘ ਸਮਰਾ ਯੂਥ ਪ੍ਰਧਾਨ, ਮਹਿੰਦਰਪਾਲ ਸਿੰਘ ਤਹਿਸੀਲ ਪ੍ਰਧਾਨ ਨੂਰਮਹਿਲ, ਸਤਨਾਮ ਸਿੰਘ ਲੋਹਗੜ੍ਹ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਯੂਨੀਅਨ ਦੇ ਸਿਮਰਨ ਪਾਲ ਸਿੰਘ ਬਲਾਕ ਪ੍ਰਧਾਨ, ਬਾਬਾ ਪਲਵਿੰਦਰ ਸਿੰਘ, ਭਾਰਤੀ ਜਨਤਾ ਪਾਰਟੀ ਦੁਆਬਾ ਦੇ ਬਲਾਕ ਪ੍ਰਧਾਨ ਕਸ਼ਮੀਰ ਸਿੰਘ ਪੰਨੂ, ਰਣਜੀਤ ਸਿੰਘ, ਜਸਪਾਲ ਸਿੰਘ, ਸੁਖਬੀਰ ਸਿੰਘ, ਕਰਮ ਸਿੰਘ ਗੋਬਿੰਦਪੁਰ, ਕਿਰਪਾਲ ਸਿੰਘ ਨੰਬਰਦਾਰ, ਮਹਿੰਦਰ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

# ਦਿਵਿਆਂਗਜਨ ਦੀ ਭਲਾਈ ਦੇ ਖੇਤਰ ਵਿਚ ਯੋਗਦਾਨ ਪਾਉਣ ਬਦਲੇ ਸਟੇਟ ਪੁਰਸਕਾਰਾਂ ਲਈ 30 ਤੱਕ ਮੰਗੀਆਂ ਅਰਜ਼ੀਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਰਾਜਕਿਰਨ ਕੌਰ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਦਿਵਿਆਂਗਜਨ ਵਿਅਕਤੀਆਂ, ਕਰਮਚਾਰੀਆਂ, ਖਿਡਾਰੀਆਂ ਤੇ ਸੰਸਥਾਵਾਂ ਜਿਨ੍ਹਾਂ ਵੱਲੋਂ ਦਿਵਿਆਂਗ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤੇ ਗਏ ਹਨ, ਨੂੰ 'ਸਟੇਟ ਐਵਾਰਡ ਟੂ ਫਿਜੀਕਲੀ ਹੈਂਡੀਕੈਪਡ' ਨਾਲ ਸਨਮਾਨਿਤ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਨਿਰਧਾਰਿਤ ਪ੍ਰੋਫਾਰਮੇ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼ਹੀਦ ਭਗਤ ਸਿੰਘ ਨਗਰ (ਤਹਿਸੀਲ ਕੰਪਲੈਕਸ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸ਼ਹੀਦ ਭਗਤ ਸਿੰਘ ਨਗਰ) ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਪੱਖੋਂ ਮੁਕੰਮਲ ਪ੍ਰੋਫਾਰਮੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੇ ਦਫ਼ਤਰ ਵਿਖੇ 30 ਅਕਤੂਬਰ 2024 ਤੱਕ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਧੂਰੇ ਅਤੇ ਮਿੱਥੀ ਤਰੀਕ ਤੋਂ ਬਾਅਦ ਜਮ੍ਹਾ ਕਰਵਾਏ ਗਏ ਬਿਨੈਪੱਤਰਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਚਾਰ ਸ਼੍ਰੇਣੀਆਂ ਦੇ ਐਵਾਰਡ ਦਿੱਤੇ ਜਾਣੇ ਹਨ, ਜਿਨ੍ਹਾਂ ਵਿਚ ਕਰਮਚਾਰੀ ਅਤੇ ਸਵੈ ਰੋਜ਼ਗਾਰ (ਬੈਸਟ ਇੰਪਲਾਈ ਜਾਂ ਸੈਲਫ ਇੰਪਲਾਈਡ ਵਿਦ ਡਿਸਏਬਿਲਟੀ), ਵਧੀਆ ਨਿਯੁਕਤੀ ਕਰਤਾ (ਐਵਾਰਡ ਫਾਰ ਬੈਸਟ ਇੰਪਲਾਇਰ), ਵਧੀਆ ਸਵੈ ਰੋਜ਼ਗਾਰ/ਐਨ.ਜੀ.ਓ ਤੇ ਵਿਅਕਤੀਗਤ/ਸੰਸਥਾਵਾਂ, ਅਤੇ ਚੌਥੀ ਸ਼੍ਰੇਣੀ 'ਹੈਂਡੀਕੈਪਡ ਸਪੋਰਟਸ ਪਰਸਨ' ਦੀ ਹੈ।

# ਸਰਪੰਚਾਂ ਲਈ 746 ਤੇ ਪੰਚਾਂ ਲਈ 2144 ਉਮੀਦਵਾਰ ਚੋਣ ਮੈਦਾਨ ਵਿਚ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿਚ 466 ਪੰਚਾਇਤਾਂ ਬਾਬਤ ਸਰਪੰਚਾਂ ਸਬੰਧੀ 651 ਤੇ ਪੰਚਾਂ ਸਬੰਧੀ 993 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 746 ਤੇ ਪੰਚਾਂ ਲਈ 2144 ਉਮੀਦ-ਵਾਰ ਚੋਣ ਮੈਦਾਨ ਵਿਚ ਹਨ। ਸਰਪੰਚਾਂ ਲਈ 150 ਤੇ ਪੰਚਾਂ ਸਬੰਧੀ 1762 ਉ-ਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।



ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਬਲਾਕ ਬੰਗਾ ਵਿਚ 88, ਨਵਾਂਸ਼ਹਿਰ ਵਿਚ 101, ਬਲਾਚੌਰ ਵਿਚ 131, ਔੜ ਵਿਚ 75 ਅਤੇ ਸੜੋਆ ਵਿਚ 71 ਗ੍ਰਾਮ ਪੰਚਾਇਤਾਂ ਹਨ।

ਉਨ੍ਹਾਂ ਦੱਸਿਆ ਕਿ ਬਲਾਕ ਬੰਗਾ ਵਿਚ ਸਰਪੰਚਾਂ ਸਬੰਧੀ 88 ਤੇ ਪੰਚਾਂ ਸਬੰਧੀ 150 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 184 ਤੇ ਪੰਚਾਂ ਲਈ 642 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 14 ਤੇ ਪੰਚਾਂ ਸਬੰਧੀ 271 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।

ਨਵਾਂਸ਼ਹਿਰ ਵਿਚ ਸਰਪੰਚਾਂ ਸਬੰਧੀ 122 ਤੇ ਪੰਚਾਂ ਸਬੰਧੀ 296 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 164 ਤੇ ਪੰਚਾਂ ਲਈ 609 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 32 ਤੇ ਪੰਚਾਂ ਸਬੰਧੀ 337 ਉ-ਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ। ਬਲਾਕ ਬਲਾ-ਚੌਰ ਵਿਚ ਸਰਪੰਚਾਂ ਸਬੰਧੀ 228 ਤੇ ਪੰਚਾਂ ਸਬੰਧੀ 240 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 170 ਤੇ ਪੰਚਾਂ ਲਈ 334 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 58 ਤੇ ਪੰਚਾਂ ਸਬੰਧੀ 558 ਉ-ਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ। ਬਲਾਕ ਔੜ ਵਿਚ ਸਰਪੰਚਾਂ ਸਬੰਧੀ 117 ਤੇ ਪੰਚਾਂ ਸਬੰਧੀ 154 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 136 ਤੇ ਪੰਚਾਂ ਲਈ 377 ਉਮੀਦ-ਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 16 ਤੇ ਪੰਚਾਂ ਸਬੰਧੀ 274 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।

ਬਲਾਕ ਸੜੋਆ ਵਿਚ ਸਰਪੰਚਾਂ ਸਬੰਧੀ 96 ਤੇ ਪੰਚਾਂ ਸਬੰਧੀ 153 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਸਰਪੰਚਾਂ ਲਈ 92 ਤੇ ਪੰਚਾਂ ਲਈ 182 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਥੇ ਸਰਪੰਚਾਂ ਲਈ 30 ਤੇ ਪੰਚਾਂ ਸਬੰਧੀ 322 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ।

# ਸੂਬੇ 'ਚ ਆਰਥਿਕ ਸੰਕਟ ਪੈਦਾ ਕਰਨ ਲਈ ਮਾਨ ਸਰਕਾਰ ਜ਼ਿੰਮੇਵਾਰ: ਅਰਵਿੰਦ ਖੰਨਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੀ ਆਰਥਿਕ ਮੰਦਹਾਲੀ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਲਿਖੀ ਚਿੱਠੀ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀ ਸਹੂਲਤ ਲਈ ਆਯੂਸ਼ਮਾਨ ਭਾਰਤ ਸਿਹਤ ਯੋਜਨਾ ਤਹਿਤ ਕੇਂਦਰ ਵੱਲੋਂ ਭੇਜੇ ਜਾਂਦੇ 500 ਕਰੋੜ ਦੇ ਫੰਡਾਂ ਦੀ ਦੁਰਵਰਤੋਂ ਕੀਤੀ ਗਈ ਹੈ, ਜਿਸ ਦਾ ਜਵਾਬ ਪੰਜਾਬ ਦੇ ਲੋਕ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਲਈ ਇਸ ਤੋਂ ਵੱਡੀ ਨਮੋਸ਼ੀ ਵਾਲੀ ਗੱਲ ਹੋਰ ਕੀ ਹੋਵੇਗੀ ਕਿ ਇਸ ਮਾਮਲੇ ਨੂੰ ਲੈ ਕੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਨੋਟਿਸ ਲੈਣਾ ਪਿਆ ਹੈ ਅਤੇ ਸਰਕਾਰ ਨੂੰ ਹਦਾਇਤ ਕਰਨੀ ਪਈ ਹੈ ਕਿ ਉਹ ਇਨ੍ਹਾਂ ਫੰਡਾਂ ਦੇ ਖਰਚ ਸਬੰਧੀ ਹਲਫੀਆ ਬਿਆਨ ਦੇਵੇ।



ਉਨ੍ਹਾਂ ਮੁੱਖ ਮੰਤਰੀ ਨੂੰ ਪੁੱਛਿਆ ਕਿ ਉਹ ਸਪੱਸ਼ਟ ਕਰਨ ਕਿ ਉਨ੍ਹਾਂ ਨੇ ਕਮਜ਼ੋਰ ਆਰਥਿਕ ਸਥਿਤੀ ਦੇ ਚੱਲਦਿਆਂ ਇਸ਼ਤਿਹਾਰਬਾਜ਼ੀ 'ਤੇ ਬੇਲੋੜਾ ਖਰਚ ਕਿਉਂ ਕੀਤਾ? ਉਨ੍ਹਾਂ ਕਿਹਾ ਕਿ ਸਰਕਾਰ ਇਹ ਵੀ ਸਪੱਸ਼ਟ ਕਰੇ ਕਿ ਆਪਣੇ ਮੰਤਰੀਆਂ, ਵਿਧਾਇਕਾਂ ਅਤੇ ਅਫ਼ਸਰਾਂ ਦੀਆਂ ਰਿਹਾਇਸ਼ਾਂ ਦੇ ਸੁੰਦਰੀਕਰਨ ਲਈ ਪੈਸੇ ਕਿਸ ਫੰਡ ਵਿੱਚੋਂ ਖਰਚ ਕੀਤੇ ਗਏ ਹਨ? ਇਸ ਤਰ੍ਹਾਂ ਹੀ ਨਵੀਆਂ ਗੱਡੀਆਂ 'ਤੇ ਫਾਲਤੂ ਦਾ ਖਰਚ ਕਰਨ ਦੀ ਕੀ ਜ਼ਰੂਰਤ ਪੈ ਗਈ ਸੀ। ਉਨ੍ਹਾਂ ਕਿਹਾ ਕਿ ਸਮਾਜ ਭਲਾਈ ਲਈ ਆਈਆਂ ਸਕੀਮਾਂ ਦੇ ਫੰਡਾਂ ਦੀ ਵੀ ਸਰਕਾਰ ਵੱਲੋਂ ਦੁਰਵਰਤੋਂ ਕੀਤੀ ਜਾ ਰਹੀ ਹੈ।

ਇਸ ਤਰ੍ਹਾਂ ਹੀ ਕਾਨੂੰਨੀ ਕੇਸਾਂ 'ਤੇ ਕੀਤੇ ਜਾ ਰਹੇ ਖਰਚਿਆਂ ਦਾ ਹਿਸਾਬ ਵੀ ਸਰਕਾਰ ਵੱਲੋਂ ਜਨਤਕ ਕੀਤਾ ਜਾਣਾ ਚਾਹੀਦਾ ਹੈ। ਸ਼੍ਰੀ ਖੰਨਾ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਸਰਕਾਰ ਹੋਵੇਗੀ ਜਿਸ ਦੀਆਂ ਨਾਕਾਮੀਆਂ ਨੇ ਪੂਰੇ ਸੂਬੇ ਦਾ ਸਿਰ ਸ਼ਰਮ ਨਾਲ ਝੁਕਾ ਕੇ ਰੱਖ ਦਿੱਤਾ ਹੈ। ਅਖੀਰ ਵਿਚ ਖੰਨਾ ਨੇ ਕਿਹਾ ਕਿ ਗਰੀਬ ਅਤੇ ਆਮ ਲੋਕਾਂ ਨੂੰ ਸਿਹਤ ਸਹੂਲਤ ਲਈ ਭਾਰਤ ਸਰਕਾਰ ਦੀ ਆਯੂਸ਼ਮਾਨ ਸਕੀਮ ਦਾ ਪੰਜਾਬ ਵਿੱਚ ਬੰਦ ਹੋ ਜਾਣਾ ਪੰਜਾਬ ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਹੈ, ਜਿਸ ਦੇ ਚਲਦਿਆਂ ਹਸਪਤਾਲਾਂ ਵਿੱਚ ਇਲਾਜ ਤੋਂ ਵਾਂਝੇ ਰਹਿ ਚੁੱਕੇ ਲੱਖਾਂ ਗ਼ਰੀਬ ਮਰੀਜ਼ਾਂ ਅਤੇ ਉਹਨਾਂ ਦੇ ਤੀਮਾਰਦਾਰਾਂ ਨੂੰ ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ।

# ਬੰਗਾ ਰੋਡ ਸੜਕ 'ਤੇ ਪਏ ਵੱਡੇ ਵੱਡੇ ਖੱਡੇ ਨਿੱਤ ਦੁਰਘਟਨਾਵਾਂ ਨੂੰ ਦੇ ਰਹੇ ਹਨ ਸੱਦਾ, ਫਿਰ ਵੀ ਪ੍ਰਸ਼ਾਸਨ ਨਹੀਂ ਦੇ ਰਿਹਾ ਕੋਈ ਧਿਆਨ

**ਫਗਵਾੜਾ (ਬੀ.ਕੇ.ਰੱਤੂ)–** ਫਗਵਾੜਾ ਤੋਂ ਮੇਨ ਬੰਗਾ ਰੋਡ ਨੂੰ ਜਾਂਦੀ ਸੜਕ ਜੋ ਅੱਗੋਂ ਚੰਡੀਗੜ੍ਹ ਵੱਲ ਜਾਂਦੀ ਹੈ ਦੇ ਮੰਦੜੇ ਹਾਲ ਹਨ, ਅਤੇ ਲੋਕ ਹਾਲੋਂ ਬੇਹਾਲ ਹੋਏ ਪਏ ਹਨ। ਸੜਕ ਵਿੱਚ ਥਾਂ-ਥਾਂ ਵੱਡੇ ਟੋਏ ਪਏ ਹੋਏ ਹਨ। ਤਿਉਹਾਰ ਦੁਸਿਹਰਾ, ਦੀਵਾਲੀ,





ਵਿਸ਼ਵਕਰਮਾ ਡੇ ਦੀਆਂ ਤਾਰੀਖਾਂ ਸਿਰ 'ਤੇ ਹਨ, ਪਰ ਇਸ ਸੜਕ ਨੂੰ ਬਾਵਜੂਦ ਵੱਡੇ ਵਾਅਦਿਆਂ ਦੇ ਇਸ ਸੜਕ ਨੂੰ ਢਾਈ ਸਾਲਾਂ ਤੋਂ ਮੁਰੰਮਤ ਹਾਸਲ ਨਹੀਂ ਹੋਈ। ਇਸ ਸੜਕ ਉੱਤੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ, ਬਾਬਾ ਵਿਸ਼ਵਕਰਮਾ ਮੰਦਰ ਅਤੇ ਹੋਰ ਧਾਰਮਿਕ ਸੰਸਥਾਨ ਹਨ, ਜਿਥੇ ਹਰ ਰੋਜ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸੰਗਤਾਂ ਜਾਂਦੀਆਂ ਹਨ।

ਇਸ ਸੜਕ ਦੀ ਤਰਸਯੋਗ ਹਾਲਤ ਦਾ ਬਿਆਨ ਕਰਦਿਆਂ ਬਾਬਾ ਵਿਸ਼ਵਕਰਮਾ ਮੰਦਰ ਕਮੇਟੀ ਬੰਗਾ ਰੋਡ ਦੇ ਪ੍ਰਧਾਨ ਪ੍ਰਦੀਪ ਧੀਮਨ ਨੇ ਕਿਹਾ ਕਿ ਟੁੱਟੀ ਸੜਕ ਕਰਕੇ ਲੰਮੇ ਸਮੇਂ ਤੋਂ ਲੋਕ ਔਖੇ ਹਨ। ਸ਼ਹਿਰ ਦੀ ਮੇਨ ਰੋਡ ਕਰਕੇ ਆਵਾਜਾਈ ਜਿਆਦਾ ਹੈ, ਨਿੱਤ ਦੁਰਘਟਨਾਵਾਂ ਹੁੰਦੀਆਂ ਹਨ। ਉਪਰੋਂ ਦੀਵਾਲੀ ਅਤੇ ਫਿਰ ਵਿਸ਼ਵਕਰਮਾ ਦਿਵਸ ਆ ਰਿਹਾ ਹੈ। ਸੰਗਤਾਂ ਬਾਬਾ ਵਿਸ਼ਵਕਰਮਾ ਮੰਦਰ ਅਤੇ ਗੁਰਦੁਆਰਾ ਸ੍ਰੀ ਗੁਰੂ ਸੁਖਚੈਨਆਣਾ ਸਾਹਿਬ ਵਿਸ਼ਵਕਰਮਾ ਦਿਵਸ ਅਤੇ ਦੀਵਾਲੀ ਤੇ ਲੱਖਾਂ ਦੀ ਗਿਣਤੀ 'ਚ ਸ਼ਰਧਾ ਦੇ ਫੁੱਲ ਭੇਂਟ ਕਰਦੀਆਂ ਹਨ। ਪਰ ਲੰਮੀ ਜੱਦੋਜਹਿਦ ਤੇ ਵਾਅਦਿਆਂ ਦੇ ਕੁੱਝ ਵੀ ਪੱਲੇ ਨਹੀਂ ਪਿਆ।

ਤਰਨਜੀਤ ਕਿੰਨੜਾ ਪ੍ਰਧਾਨ ਬੰਗਾ ਰੋੜ ਐਸੋਸੀਏਸ਼ਨ ਨੇ ਦੱਸਿਆ ਕਿ ਸੜਕ ਦੀ ਖਸਤਾ ਹਾਲਤ ਕਰਕੇ ਵਪਾਰੀ, ਰਾਹਗੀਰ, ਸੰਗਤਾਂ ਪ੍ਰੇਸ਼ਾਨ ਹਨ। ਉਹਨਾਂ ਕਿਹਾ ਕਿ ਉਹ ਕਹਾਵਤ ਸੱਚ ਹੋ ਰਹੀ ਹੈ ਕਿ ਤੇਰਾਂ ਵਰ੍ਹਿਆਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ, ਪਰ ਸਾਡੀ ਸੁਣਵਾਈ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਬਾਬਾ ਵਿਸ਼ਵਕਰਮਾ ਦਿਵਸ ਤੇ ਦੇਸ਼-ਵਿਦੇਸ਼ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਸੰਗਤਾਂ ਬਾਬਾ ਵਿਸ਼ਵਕਰਮਾ ਜੀ ਦੇ ਮੰਦਰ ਨਤਮਸਤਕ ਹੰਦੀਆਂ ਹਨ ਪਰ ਹਜੇ ਤੱਕ ਸੜਕ ਦੀ ਮੁੜ ਉਸਾਰੀ ਲਈ ਕੋਈ ਮਤਾ ਜਾਂ ਉਸਾਰੀ ਸ਼ੁਰੂ ਨਹੀਂ ਕੀਤੀ ਗਈ। ਬਾਰ-ਬਾਰ ਫਗਵਾੜਾ ਪ੍ਰਸ਼ਾਸਨ ਨੂੰ ਇਸ ਬਾਰੇ ਕਹਿ ਚੁੱਕੇ ਹਨ ।

ਉਹਨਾਂ ਮੈਂਬਰ ਪਾਰਲੀਮੈਂਟ ਰਾਜਕੁਮਾਰ ਚੱਬੇਵਾਲ, ਹਲਕਾ ਵਿਧਾਇਕ ਸ. ਬਲਵਿੰਦਰ ਸਿੰਘ ਧਾਲੀਵਾਲ, ਸਾਬਕਾ ਮੰਤਰੀ ਸ. ਜੋਗਿੰਦਰ ਸਿੰਘ ਮਾਨ ਤੋਂ ਮੰਗ





ਕੀਤੀ ਕਿ ਸੜਕ ਦੀ ਹਾਲਤ ਬਹੁਤ ਨਾਜ਼ੁਕ ਹੈ। ਬਾਬਾ ਵਿਸ਼ਵਕਰਮਾ ਦਿਵਸ ਤੋਂ ਪਹਿਲਾਂ ਇਸਦੀ ਮੁੜ ਉਸਾਰੀ ਕੀਤੀ ਜਾਵੇ।

ਦਵਿੰਦਰ ਕੁਲਥਮ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮੰਦਰ ਤੇ ਬੰਗਾ ਰੋਡ ਸ਼ੂਜ ਐਸੋਸੀਏਸ਼ਨ ਤੇ ਨੇ ਕਿਹਾ ਕਿ ਸੜਕ ਦੀ ਮੰਦੀ ਹਾਲਤ ਕਾਰਨ ਵਪਾਰ ਚੌਪਟ ਹੋਇਆ ਪਿਆ ਹੈ। ਵੱਡੀ ਗਿਣਤੀ ਵਿੱਚ ਸਰਦੀਆਂ ਵਿੱਚ ਵਿਦੇਸ਼ੀ ਲੋਕ ਫਗਵਾੜਾ ਦੇ ਬਾਜ਼ਾਰ ਵਿੱਚ ਖਰੀਦੋ-ਫਰੋਖਤ ਕਰਨ ਆਉਂਦੇ ਹਨ।ਆਸ-ਪਾਸ ਇਲਾਕੇ ਦੇ ਗਾਹਕ ਇਸ ਸੜਕ ਦੀ ਮੰਦੀ ਹਾਲਤ ਦੇਖਦਿਆਂ ਸ਼ਹਿਰ ਦੇ ਅੰਦਰ ਨਹੀਂ ਆਉਂਦੇ।

ਲਘੂ ਉਦਯੋਗ ਫਗਵਾੜਾ ਦੇ ਪ੍ਰਧਾਨ ਪੰਕਜ ਗੋਤਮ ਅਤੇ ਮੋਹਨ ਸਿੰਘ ਗਾਂਧੀ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਿੰਮਾ ਵਾਲਾ ਤੇ ਗਊਸ਼ਾਲਾ ਬਜਾਰ ਕਿਹਾ ਕਿ ਸੰਗਤਾਂ ਨੂੰ ਇਸ ਸੜਕ ਦੀ ਮੰਦੀ ਹਾਲਤ ਕਾਰਨ ਬਹੁਤ ਔਖਿਆਈ ਹੋ ਰਹੀ ਹੈ। ਲੋਕ ਪ੍ਰੇਸ਼ਾਨ ਹਨ। ਕੋਈ ਸੁਣਵਾਈ ਨਹੀਂ ਹੋ ਰਹੀ।ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਸੜਕ ਦੀ ਜਲਦੀ ਮੁੜ ਉਸਾਰੀ ਕਰਵਾਈ ਜਾਵੇ ਤਾਂ ਜੋ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ।

ਕਲਾਥ ਮਰਚੈਂਟ ਐਸੋਸੀਏਸ਼ਨ ਗਾਂਧੀ ਚੌਂਕ ਤੇ ਲੋਹਾ ਮੰਡੀ ਦੇ ਪ੍ਰਧਾਨ ਰਾਕੇਸ਼ ਬਾਂਗਾ ਨੇ ਕਿਹਾ ਕਿ ਫਗਵਾੜਾ ਐਨ ਆਰ ਆਈ ਦਾ ਗੜ੍ਹ ਹੈ ।ਬੰਗਾ ਰੋਡ ਮੇਨ ਰਸਤਾ ਹੋਣ ਕਰਕੇ ਆਮ ਰਾਹਗੀਰਾਂ ਦੇ ਨਾਲ-ਨਾਲ ਵਿਦੇਸ਼ੀ ਗ੍ਰਾਹਕਾਂ ਨੂੰ ਸੜਕ ਦੀ ਖਸਤਾ ਹਾਲਤ ਕਰਕੇ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਨੇ ਸਰਕਾਰ ਤੋ ਪੁਰਜੋਰ ਮੰਗ ਕੀਤੀ ਕਿ ਬਾਬਾ ਵਿਸ਼ਵਕਰਮਾ ਦੇ ਤੋਂ ਪਹਿਲਾਂ ਸੜਕ ਬਣਾਈ ਜਾਵੇ ਤਾਂ ਜੋ ਸੰਗਤਾਂ ਦੀ ਤੇ ਐਨ ਆਰ ਆਈ ਗ੍ਰਾਹਕਾਂ ਦੀ ਖੱਜਲ- ਖੁਆਰੀ ਨਾ ਹੋਵੇ।

# ਨਵੇਂ ਵਾਰਡ ਬਣਾ ਕੇ ਸਰਹੱਦ ਨਾਲ ਲੱਗਦੀਆਂ ਕਲੋਨੀਆਂ ਨੂੰ ਨਿਗਮ ਵਿੱਚ ਸ਼ਾਮਲ ਕੀਤਾ ਜਾਵੇਗਾ - ਮੰਤਰੀ ਰਵਜੋਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨਗਰ ਨਿਗਮ ਦੀ ਹੱਦ ਨਾਲ ਲੱਗਦੀਆਂ ਕਲੋਨੀਆਂ ਦੇ ਵਸਨੀਕਾਂ ਨੇ ਸਮਾਜ ਸੇਵੀ ਸੰਸਥਾ ਨਵੀਂ ਸੋਚ ਦੇ ਬਾਨੀ ਪ੍ਰਧਾਨ ਅਸ਼ਵਨੀ ਗੈਂਦ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਡਾ: ਰਵਜੋਤ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਮੰਤਰੀ ਬਣਨ 'ਤੇ ਵਧਾਈ ਦਿੱਤੀ ਅਤੇ ਮੰਗ ਪੱਤਰ ਸੌਂਪਦਿਆਂ ਉਨ੍ਹਾਂ ਕਿਹਾ ਕਿ ਸਰਹੱਦ ਨਾਲ ਲੱਗਦੀਆਂ ਕਲੋਨੀਆਂ ਨੂੰ ਨਗਰ ਨਿਗਮ ਨੂੰ ਦਿੱਤਾ ਜਾਵੇ। ਇਸ ਮੌਕੇ ਹੁਸ਼ਿਆਰਪੁਰ ਇਨਕਲੇਵ, ਅਰੋੜਾ ਕਲੋਨੀ, ਗਰੀਨ ਵੈਲੀ, ਸੂਰਿਆ ਐਨਕਲੇਵ, ਕ੍ਰਿਸ਼ਨਾ ਵੈਲੀ, ਹਰਿਆਣਾ ਰੋਡ ਕੱਕਾਣੋਂ ਆਦਿ ਇਲਾਕਿਆਂ ਦੇ ਨੁਮਾਇੰਦੇ ਅਤੇ ਵਸਨੀਕ ਹਾਜ਼ਰ ਸਨ। ਸ੍ਰੀ ਗੈਂਦ ਨੇ ਕਿਹਾ ਕਿ ਪੁੱਡਾ ਵੱਲੋਂ ਕਲੋਨੀਆਂ ਮਨਜ਼ੂਰ ਹੋਣ ਦੇ ਬਾਵਜੂਦ ਉਕਤ ਕਲੋਨੀਆਂ ਦੇ ਵਸਨੀਕ ਪਿਛਲੇ 25 ਸਾਲਾਂ ਤੋਂ ਅਸੁਵਿਧਾਵਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਮੰਤਰੀ ਰਵਜੋਤ ਨੂੰ ਕਿਹਾ ਕਿ ਇਹ ਕਲੋਨੀਆਂ ਨਿਗਮ ਦੀ ਹੱਦ ਦੇ ਨਾਲ ਲੱਗਦੀਆਂ ਹਨ ਅਤੇ ਇਨ੍ਹਾਂ ਨੂੰ ਨਗਰ ਨਿਗਮ ਵਿੱਚ ਸ਼ਾਮਲ ਕਰਕੇ ਪਾਣੀ ਦੀ ਸਪਲਾਈ, ਸੀਵਰੇਜ, ਸੜਕਾਂ, ਸਟਰੀਟ ਲਾਈਟਾਂ ਆਦਿ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਵਫ਼ਦ ਨੂੰ ਵਿਸ਼ਵਾਸ ਦਿਵਾਉਂਦਿਆਂ ਡਾ: ਰਵਜੋਤ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ ਅਤੇ ਨਵੀਂ ਵਾਰਡਬੰਦੀ ਵਿਚ ਇਨ੍ਹਾਂ ਇਲਾਕਿਆਂ ਨੂੰ ਨਗਰ ਨਿਗਮ ਵਿਚ ਜ਼ਰੂਰ ਸ਼ਾਮਿਲ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਸ। ਨਿਗਮ ਦੀਆਂ ਸਹੂਲਤਾਂ ਤੋਂ ਵਾਂਝੇ ਰਹਿਣ ਵਾਲਿਆਂ ਨੂੰ ਸਾਰੀਆਂ ਸਹੂਲਤਾਂ ਮਿਲ ਸਕਦੀਆਂ ਹਨ। ਇਸ 'ਤੇ ਸਾਰਿਆਂ ਨੇ ਮੰਤਰੀ ਰਵਜੋਤ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਜਸਵਿੰਦਰ ਸਿੰਘ ਸੰਧੂ, ਸਕੱਤਰ ਨਰਿੰਦਰ ਸੈਣੀ, ਸੰਜੀਵ ਗੁਪਤਾ, ਸ਼ਮਿੰਦਰ ਬੇਦੀ, ਪੰਕਜ ਡਡਵਾਲ, ਸ਼ਮਸ਼ੇਰ ਸਿੰਘ ਭਾਰਦਵਾਜ, ਦਾਗੀਰ ਦਾਸ, ਸੰਜੀਵ ਗੁਪਤਾ, ਸੁਨੀਲ ਕੁਮਾਰ, ਵਿਜੇ ਕੁਮਾਰ ਬੱਧਣ, ਕਰਮ ਸਿੰਘ, ਹਰਭਜਨ ਸਿੰਘ, ਸਰਬਜੀਤ ਸਿੰਘ, ਹੈਪੀ, ਕੁਲਵਿੰਦਰ। ਕੁਮਾਰ, ਵਿੱਕੀ ਠਾਕੁਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪਦ-ਉਨਤ ਲੈਕਚਰਾਰਾਂ ਨੂੰ ਸਟੇਸ਼ਨ ਚੋਣ ਦਾ ਇੱਕ ਹੋਰ ਮੌਕਾ ਦੇਣ ਲਈ ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਦਾ ਵਫ਼ਦ ਵਿਧਾਇਕ ਰਮਨ ਅਰੋੜਾ ਨੂੰ ਮਿਲਿਆ

**ਫਗਵਾੜਾ (ਬੀ. ਕੇ. ਰੱਤੂ)–** ਐਸ.ਸੀ.ਬੀ.ਸੀ. ਸਮਾਜ ਅਤੇ ਮੁਲਾਜ਼ਮ ਵਰਗ ਦੀ ਸਿਰਮੌਰ ਜਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਦਾ ਇੱਕ ਵਫਦ ਜ਼ਿਲ੍ਹਾ ਪ੍ਰਧਾਨ ਅਤੇ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਸ੍ਰੀ ਸਤਵੰਤ ਸਿੰਘ ਟੂਰਾ ਅਤੇ ਜਲੰਧਰ ਜ਼ਿਲ੍ਹੇ ਦੇ ਪ੍ਰਧਾਨ ਪਰਮਜੀਤ ਜੌੜਾ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੇ ਜਲੰਧਰ ਸੈਂਟਰਲ ਦੇ ਵਿਧਾਇਕ ਸ੍ਰੀ ਰਮਨ ਅਰੋੜਾ ਜੀ ਨੂੰ ਜਲੰਧਰ ਵਿਖੇ ਉਨ੍ਹਾਂ ਦੇ ਦਫਤਰ ਵਿੱਚ ਮਿਲਿਆ, ਜਿਸ ਵਿੱਚ ਹਾਲ ਹੀ ਵਿੱਚ ਮਾਸਟਰ ਕਾਡਰ ਤੋਂ ਵੱਖ-ਵੱਖ ਵਿਸ਼ਿਆਂ ਦੀਆਂ ਲੈਕਚਰਾਰਾਂ ਦੀਆਂ ਜੋ ਸਿੱਖਿਆ ਵਿਭਾਗ ਵੱਲੋਂ ਪਦ ਉਨਤੀਆਂ ਕੀਤੀਆਂ ਜਾ ਰਹੀਆਂ ਹਨ ਉਹਨਾਂ ਵਿੱਚ ਪਿੰਡਾਂ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਜੋ ਬੱਚੇ ਪੜ੍ਹ ਰਹੇ ਹਨ ਉਹਨਾਂ ਸਕੂਲਾਂ ਵਿੱਚ ਵੱਖ ਵੱਖ ਵਿਸ਼ਿਆਂ ਦੀਆਂ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਟੇਸ਼ਨ ਚੋਣ ਸਮੇਂ ਸਕਰੀਨ ਉੱਪਰ ਨਾ ਦਿਖਾਏ ਜਾਣ ਸੰਬੰਧੀ ਗੱਲਬਾਤ ਕੀਤੀ। ਜਿਸ ਨਾਲ ਬਹੁਤ ਸਾਰੇ ਨਵੇਂ ਪਦ ਉਨਤ ਲੈਕਚਰਾਰਾਂ ਨੇ ਦੁਖੀ ਮਨ ਨਾਲ ਸਟੇਸ਼ਨ ਬਹੁਤ ਜਿਆਦਾ ਦੂਰ ਹੋਣ ਕਾਰਨ ਮੌਕੇ ਤੇ ਹੀ ਪ੍ਰਮੋਸ਼ਨ ਲੈਣ ਤੋਂ ਇਨਕਾਰੀ ਫਾਰਮ ਭਰ ਦਿੱਤਾ ਤੇ ਬਹੁਤ ਸਾਰੇ ਅਧਿਆਪਕਾਂ ਨੇ ਮਜਬੂਰੀ ਵਿੱਚ ਸਟੇਸ਼ਨ ਦੀ ਚੋਣ ਤਾਂ ਕੀਤੀ ਕਿ ਸ਼ਾਇਦ ਪੰਜਾਬ ਸਰਕਾਰ ਇੱਕ ਹੋਰ ਮੌਕਾ ਸਟੇਸ਼ਨ ਚੋਣ ਦਾ ਦੇ ਦੇਵੇਗੀ ਦੀ ਆਸ ਨਾਲ ਕੀਤੀ। ਸਟੇਸ਼ਨ ਚੋਣ ਕਰ ਤੋਂ ਬਾਅਦ ਉਹਨਾਂ ਵਿੱਚੋਂ ਬਹੁਤ ਸਾਰੇ ਨਵੇਂ ਪਦ ਉਨਤ ਲੈਕਚਰਾਰ ਬਤੌਰ ਲੈਕਚਰਾਰ ਡਿਊਟੀ ਤੇ ਹਾਜ਼ਰ ਨਹੀਂ ਹੋਣਗੇ। ਸ੍ਰੀ ਟੂਰਾ ਨੇ ਮਾਣਯੋਗ ਹਲਕਾ ਵਿਧਾਇਕ ਨੂੰ ਬੇਨਤੀ ਕੀਤੀ ਕਿ ਬਹੁਤੇ ਅਧਿਆਪਕਾਂ ਨੂੰ ਤਰੱਕੀ 27-28 ਸਾਲਾਂ ਦੀ ਨੌਕਰੀ ਤੋਂ ਬਾਅਦ ਹੀ ਨਸੀਬ ਹੁੰਦੀ ਹੈ ਤੇ ਬਹੁਤੇ ਲੈਕਚਰਾਰ ਆਉਣ ਵਾਲੇ ਇੱਕ ਦੋ ਸਾਲਾਂ ਅੰਦਰ ਹੀ ਸੇਵਾ ਮੁਕਤ ਹੋ ਜਾਣਗੇ। ਸੋ ਪਿੰਡਾਂ ਦੇ ਗਰੀਬ ਵਰਗ ਦੇ ਬੱਚੇ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹਨ ਉਹਨਾਂ ਦੇ ਭਵਿੱਖ ਨਾਲ ਸਰਕਾਰ ਵੱਲੋਂ ਵਿਸ਼ਾ ਮਾਹਰ ਲੈਕਚਰਾਰਾਂ ਦੀਆਂ ਖਾਲੀ ਪੋਸਟਾਂ ਨਾ ਭਰਨ ਤੋਂ ਗੁਰੇਜ਼ ਕਰਕੇ ਖਿਲਵਾੜ ਕੀਤਾ ਜਾ ਰਿਹਾ ਹੈ ।ਫੈਡਰੇਸ਼ਨ ਵੱਲੋਂ ਵਿਧਾਇਕ ਸ੍ਰੀ ਰਮਨ ਅਰੋੜਾ ਜੀ ਨੂੰ ਅਪੀਲ ਕੀਤੀ ਕਿ ਉਹ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਜੀ ਨਾਲ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਜੀ ਨਾਲ ਗੱਲ ਕਰਕੇ ਧੜਾ-ਧੜ ਡੀ ਬਾਰ ਹੋ ਰਹੇ ਲੈਕਚਰਾਰਾਂ ਦਾ ਮਸਲਾ ਉਹਨਾਂ ਨਾਲ ਜਰੂਰ ਸਾਂਝਾ ਕਰਨ। ਨਾਲ ਹੀ ਪਿੰਡਾਂ ਅਤੇ ਸ਼ਹਿਰਾਂ ਦੀਆਂ ਸਾਰੇ ਸੀਨੀਅਰ ਸੈਕੈਂਡਰੀ ਸਕੂਲਾਂ ਵਿੱਚ ਖਾਲੀ ਪਈਆਂ ਪੋਸਟਾਂ ਦੇ ਸਟੇਸ਼ਨ ਸ਼ੋਅ ਕਰਕੇ ਡੀ ਬਾਰ ਹੋ ਰਹੇ ਅਧਿਆਪਕਾਂ ਨੂੰ ਸਟੇਸ਼ਨ ਚੋਣ ਦਾ ਦੁਬਾਰਾ ਮੌਕਾ ਦਿੱਤਾ ਜਾਵੇ। ਉਹਨਾਂ ਅੱਗੇ ਕਿਹਾ ਕਿ ਬਹੁਤੇ ਸਕੂਲ ਅਜਿਹੇ ਵੀ ਹਨ ਜਿੱਥੇ ਕੋਈ ਵੀ ਲੈਕਚਰਾਰ ਨਹੀਂ, ਸਾਰੀਆਂ ਹੀ ਪੋਸਟਾਂ ਖਾਲੀ ਹਨ ਜਾਂ ਸਿਰਫ ਇੱਕ ਲੈਕਚਰਾਰ ਪੜਾ ਰਿਹਾ ਹੈ। ਪਰ ਵਿਭਾਗ ਵੱਲੋਂ ਇਹ ਸਟੇਸ਼ਨ ਵੀ ਸ਼ੋਅ ਨਹੀਂ ਕੀਤੇ ਗਏ । ਸੋ ਉਹਨਾਂ ਸਾਰਿਆਂ ਪਦ ਉਨਤ ਲੈਕਚਰਾਰਾਂ ਨੂੰ ਦੁਬਾਰਾ ਤੋਂ ਸਟੇਸ਼ਨ ਚੋਣ ਦਾ ਹੋਰ ਮੌਕਾ ਦਿੱਤਾ ਜਾਵੇ। ਜਿਸ ਉੱਪਰ ਹਲਕਾ ਵਿਧਾਇਕ ਰਮਨ ਅਰੋੜਾ ਜੀ ਵੱਲੋਂ ਸਾਰੀਆਂ ਹੀ ਗੱਲਾਂ ਨੂੰ ਹੱਲ ਕਰਵਾਉਣ ਲਈ ਹਾਂ ਪੱਖੀ ਹੁੰਗਾਰਾ ਭਰਿਆ ਗਿਆ ਅਤੇ ਕਿਹਾ ਕਿ ਜਲਦ ਹੀ ਮਾਣਯੋਗ ਸਿੱਖਿਆ ਮੰਤਰੀ ਜੀ ਨੂੰ ਮਿਲ ਕੇ ਇਸ ਮਸਲੇ ਦਾ ਹੱਲ ਕਰਵਾਉਣ ਦਾ ਯਤਨ ਕਰਾਂਗੇ। ਅਖੀਰ ਵਫਦ ਵੱਲੋਂ ਉਹਨਾਂ ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਜੀ ਨਾਮ ਇੱਕ ਮੰਗ ਪੱਤਰ ਦਿੱਤਾ ਗਿਆ। ਵਫਦ ਵਿੱਚ ਲਖਵੀਰ ਚੰਦ, ਜਸਵਿੰਦਰ ਸਿੰਘ, ਬਲਵਿੰਦਰ ਨਿਧੜਕ, ਸੋਹਣ ਲਾਲ, ਅਜੀਤ ਸਿੰਘ ,ਸੁਖਦੇਵ ਸਿੰਘ ਕੁਲਦੀਪ ਰਾਮ, ਜਸਵੀਰ ਕੁਮਾਰ, ਪਵਨ ਕੁਮਾਰ, ਗੁਰਸੇਵਕ ਸਿੰਘ ਹੋਰ ਬਹੁਤ ਸਾਰੇ ਸਾਥੀ ਸ਼ਾਮਿਲ ਸਨ।



# ਪਿੰਡ ਰਣੀਆਂ 'ਚ ਮੋਮੀ ਗੋਤ ਜਠੇਰੇ ਦੀ ਸਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਬਾਬਾ ਮੀਖੋ ਜੀ ਦੀ ਯਾਦ 'ਚ ਮੋਮੀ ਗੋਤ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਮਿਤੀ 30 ਅਕਤੂਬਰ ਤੋ 1 ਨਵੰਬਰ ਨੂੰ ਪਿੰਡ ਰਣੀਆਂ ਜਿਲਾ ਲੁਧਿਆਣਾ ਵਿਖੇ ਬਾਬਾ ਮੀਖੋ ਜੀ ਦੇ ਅਸਥਾਨ ਤੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਅੱਜ ਸਮਾਗਮ ਦੀਆਂ ਤਿਆਰੀਆਂ ਸਬੰਧੀ ਬਾਬਾ ਮੀਖੋ ਜੀ ਮੋਮੀ ਗੋਤ ਜਠੇਰੇ ਪ੍ਰਬੰਧਕ ਕਮੇਟੀ ਦੀ ਮੀਟਿੰਗ ਪਿੰਡ ਰਣੀਆਂ ਵਿਖੇ ਹੋਈ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਧਾਇਕ ਜੀਵਨ ਸਿੰਘ ਸੰਗੋਵਾਲ, ਪ੍ਰਧਾਨ ਹਰਵਿੰਦਰ ਸਿੰਘ ਬਿੰਦਰ ਰਣੀਆਂ, ਜਸਵੀਰ ਸਿੰਘ ਸੈਕਟਰੀ, ਰਾਮ ਲਾਲ ਸਰਪੰਚ ਨੇ ਦੱਸਿਆ ਕਿ ਮਿਤੀ 30 ਅਕਤੂਬਰ 2024 ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਇਕ ਨਵੰਬਰ ਨੂੰ ਦਿਵਾਲੀ ਵਾਲੇ ਦਿਨ ਸਵੇਰੇ 10 ਵਜੇ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ ਉਪਰੰਤ ਰਾਗੀ ਢਾਡੀ ਅਤੇ ਕੀਰਤਨੀ ਜੱਥੇ ਗੁਰੂ ਜੱਸ ਕੀਰਤਨ ਦਰਬਾਰ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਮੌਕੇ ਤਿੰਨੋ ਦਿਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਅੱਜ ਮੋਮੀ ਗੋਤ ਜਠੇਰੇ ਪ੍ਰਬੰਧਕ ਕਮੇਟੀ ਅਤੇ ਪਤਵੰਤੇ ਸੱਜਣਾਂ ਵੱਲੋਂ ਬਾਬਾ ਮੀਖੋ ਜੀ ਦੀ ਯਾਦ ਨੂੰ ਸਮਰਪਿਤ ਕੈਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਹਰਵਿੰਦਰ ਸਿੰਘ ਬਿੰਦਰ ਰਣੀਆਂ ਪ੍ਰਧਾਨ, ਗੁਰਮੀਤ ਸਿੰਘ ਖਜਾਨਚੀ, ਜਸਵੀਰ ਸਿੰਘ ਸੈਕਟਰੀ, ਰਾਮ ਲਾਲ ਸਰਪੰਚ ਭਾਰਸਿੰਘਪੁਰਾ,ਪਾਲੀ ਰਾਮ ਮੈਂਬਰ, ਮੋਹਣ ਲਾਲ, ਰਾਜਿੰਦਰ ਕੁਮਾਰ, ਦਵਿੰਦਰ ਸਿੰਘ ਮੋਮੀ, ਹਿੰਮਤ ਸਿੰਘ ਮੋਮੀ, ਚੰਦ ਸਿੰਘ, ਚਰਨਜੀਤ ਸਿੰਘ ਠੇਕੇਦਾਰ, ਰਣਵੀਰ ਸਿੰਘ ਰਾਣਾ, ਅਵਤਾਰ ਸਿੰਘ ਮਿੰਟੂ, ਕਰਤਾਰ ਸਿੰਘ ਸੰਗੋਵਾਲ, ਠੇਕੇਦਾਰ ਮਨਜੀਤ ਸਿੰਘ ਸੰਗੋਵਾਲ, ਕੁਲਵਿੰਦਰ ਸਿੰਘ ਸੰਨੀ ਰਣੀਆਂ, ਵਿੱਕੀ ਰਣੀਆਂ ਆਦਿ ਹਾਜ਼ਰ ਸਨ।

# ਗੁਰਸ਼ਰਨ ਭਾਅ ਜੀ ਦੀ ਜੀਵਨ ਸਾਥਣ ਸ੍ਰੀਮਤੀ ਕੈਲਾਸ਼ ਕੌਰ ਦੇ ਵਿਛੋੜੇ 'ਤੇ

**ਜਲੰਧਰ (ਵਿਵੇਕ ਭਾਟੀਆ)** ਇਨਕਲਾਬੀ ਰੰਗ ਮੰਚ ਦੇ ਸ਼੍ਰੋਮਣੀ ਨਾਟਕਕਾਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮਰਹੂਮ ਗੁਰਸ਼ਰਨ ਸਿੰਘ ਦੀ ਜੀਵਨ ਸਾਥਣ ਅਤੇ ਲੋਕ-ਪੱਖੀ ਰੰਗ ਮੰਚ ਦੇ ਅਦਾਕਾਰ ਸ੍ਰੀਮਤੀ ਕੈਲਾਸ਼ ਕੌਰ ਦੇ ਸਦੀਵੀ ਵਿਛੋੜੇ 'ਤੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫ਼ੋਂ ਗਹਿਰੇ ਸ਼ੋਕ ਦਾ ਇਜ਼ਹਾਰ ਕਰਦਿਆਂ ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਲੋਕ ਸਰੋਕਾਰਾਂ, ਲੋਕ ਪੀੜਾ ਅਤੇ ਲੋਕ-ਮੁਕਤੀ ਨਾਲ ਜੁੜੇ ਰੰਗ ਮੰਚ ਲਈ ਪੂਰਾ ਪਰਿਵਾਰ ਸਮਾਜ ਲੇਖੇ ਲਾਉਣ ਵਾਲੀ ਅਦਬੀ ਸਖ਼ਸ਼ੀਅਤ ਨੂੰ ਕਮੇਟੀ ਦਾ ਵਡੇਰਾ ਪਰਿਵਾਰ ਅਦਬ ਸਹਿਤ ਸਿਜਦਾ ਕਰਦਾ ਹੈ। ਚੇਤੇ ਰਹੇ ਕਿ ਉਹਨਾਂ ਨੇ ਬੀਤੀ ਰਾਤ ਦਿੱਲੀ ਵਿਖੇ ਆਪਣੀ ਧੀ ਡਾ। ਨਵਸ਼ਰਨ ਅਤੇ ਪੁੱਤਾਂ ਤੋਂ ਪਿਆਰੇ ਜੁਆਈ ਪ੍ਰੋ. ਅਤੁਲ ਸੂਦ ਕੋਲ ਅੰਤਿਮ ਸਾਹ



ਲਏ ਅਤੇ ਅੱਜ ਉਹਨਾਂ ਨੂੰ ਬੇਹੱਦ ਮਾਣ ਸਨਮਾਨ ਨਾਲ ਪਰਿਵਾਰ, ਸਾਕ-ਸਬੰਧੀਆਂ ਅਤੇ ਸੰਗੀ ਸਾਥੀਆਂ ਵੱਲੋਂ ਦਿੱਲੀ ਵਿਖੇ ਹੀ ਅੰਤਿਮ ਵਿਦਾਇਗੀ ਦਿੱਤੀ ਗਈ।

ਸ਼ੋਕ ਪ੍ਰਗਟਾਵੇ ਮੌਕੇ ਕਮੇਟੀ ਆਗੂਆਂ ਨੇ ਸ੍ਰੀਮਤੀ ਕੈਲਾਸ਼ ਕੌਰ ਦੇ ਜ਼ਿੰਦਗੀ ਭਰ ਦੇ ਰੰਗ ਮੰਚੀ ਸਫ਼ਰ 'ਤੇ ਮਾਣ ਕਰਦਿਆਂ ਕਿਹਾ ਕਿ ਉਹਨਾਂ ਦੀ ਪ੍ਰੇਰਨਾ ਸਦਕਾ ਸੈਂਕੜੇ ਹੀ ਨੌਜਵਾਨ ਮੁੰਡੇ-ਕੁੜੀਆਂ ਨੇ ਰੰਗ ਮੰਚ ਰਾਹੀਂ ਸਮਾਜ ਵਿੱਚ ਪਸਰੇ ਹਨੇਰੇ ਨੂੰ ਦੂਰ ਕਰਨ ਲਈ ਕਿਰਨਾਂ ਦਾ ਕਾਫ਼ਲਾ ਬਣਨ ਦਾ ਯਤਨ ਕੀਤਾ।

ਕਮੇਟੀ ਆਗੂਆਂ ਨੇ ਸ੍ਰੀਮਤੀ ਕੈਲਾਸ਼ ਕੌਰ ਦੇ ਹਵਾਲੇ ਨਾਲ ਦੱਸਿਆ ਕਿ ਉਹਨਾਂ ਦੀਆਂ ਅਸਥੀਆਂ ਹੁਸੈਨੀਵਾਲਾ ਵਿਖੇ ਸਤਲੁਜ ਕੰਢੇ ਜਲ ਪ੍ਰਵਾਹ ਕੀਤੀਆਂ ਜਾਣਗੀਆਂ ਅਤੇ ਉਹਨਾਂ ਦੇ ਜੀਵਨ ਸਫ਼ਰ ਬਾਰੇ ਗੰਭੀਰ ਵਿਚਾਰਾਂ ਕਰਨ ਲਈ ਭਵਿੱਖ਼ 'ਚ ਵਿਚਾਰ ਕੇ ਸਮਾਗਮ ਕੀਤਾ ਜਾਏਗਾ।

(9 ਅਕਤੂਬਰ ਪ੍ਰੀਨਿਰਵਾਣ ਦਿਵਸ ਤੇ ਵਿਸ਼ੇਸ਼)

# ਭਾਰਤੀ ਰਾਜਨੀਤੀ ਦਾ ਮੱਘਦਾ ਸੂਰਜ ਸੀ ਸਾਹਿਬ ਕਾਂਸ਼ੀ ਰਾਮ



ਸਾਹਿਬ ਕਾਂਸ਼ੀ ਰਾਮ ਦਲਿਤ ਵਿਹੜਿਆਂ ਦਾ ਉਹ ਮੱਘਦਾ ਸੂਰਜ ਸੀ ਜਿਸਨੇ ਜ਼ਿੰਦਗੀ ਦੀ ਸੱਜਰੀ ਪ੍ਰਭਾਤ ਛੱਪਰਾਂ ਤੇ ਢਾਰਿਆਂ ਵਿਚ ਲਿਆਂਦੀ। ਉਹ ਦਲਿਤ ਚੇਤਨਾ ਦਾ ਤੇਜ਼, ਸ਼ੂਕਦਾ, ਅਮੁੱਕ ਵਗਦਾ ਦਰਿਆ ਸੀ, ਜਿਸਨੇ ਚੇਤਨਾ ਦੀ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਦਿੱਤਾ। ਅਣਗੌਲੇ ਤੇ ਮੂਕ ਲੋਕਾਂ ਦੇ ਮਹਾਂ ਨਾਇਕ ਵਜੋਂ ਸਿਆਸੀ ਰੰਗਮੰਚ ਤੇ 80ਵਿਆਂ ਦੇ ਮੁੱਢਲੇ ਸਾਲਾਂ ਚ ਪ੍ਰਗਟ ਹੋਏ ਉਸ ਮਹਾਂ- ਮਾਨਵ ਨੇ ਰਵਾਇਤੀ ਸਿਆਸਤ ਦਾ ਮੂੰਹ- ਮੁਹਾਂਦਰਾ ਬਦਲ ਕੇ ਰੱਖ ਦਿੱਤਾ। ਉਹਨਾਂ ਨੇ ਦਲਿਤਾਂ- ਸ਼ੋਸ਼ਿਤਾਂ, ਗ਼ਰੀਬ- ਗੁਰਬਿਆਂ ਤੇ ਰੀਂਘ ਰੀਂਘ ਕੇ ਜ਼ਿੰਦਗੀ ਦੇ ਦਿਨ ਕਟੀ ਕਰਦੇ ਵਰਗਾਂ ਵਿਚ ਰਾਜਨੀਤਕ ਚੇਤਨਾ ਦੀ ਅਜਿਹੀ ਚਿਣਗ ਲਾਈ ਜੋ ਲਟ ਲਟ ਬ਼ਲਦੀ ਮਿਸ਼ਾਲ ਬਣ ਕੇ ਸਾਹਮਣੇ ਆਈ। ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ 'ਚ ਉਹਨਾਂ ਨੇ ਨਵੇਂ ਯੁੱਗ ਦਾ ਮੁੱਢ ਬੰਨ੍ਹਿਆਂ। ਉਹਨਾਂ ਦੀ ਰਹਿਨੁਮਾਈ 'ਚ ਚੜ੍ਹੀ ਆਉਂਦੀ ਕਾਂਗ ਨੂੰ ਮੁੱਢਲੇ ਸਾਲਾਂ 'ਚ ਅਣਗੌਲਿਆਂ ਰੱਖਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ।, ਪ੍ਰੰਤੂ ਜਦੋਂ ਕਾਬਜ਼ ਧਿਰਾਂ ਦੇ ਰਾਜਸੀ ਮਹੱਲਾਂ ਨੂੰ ਖੋਰਾ ਲੱਗਣਾ ਸ਼ੁਰੂ ਹੋਇਆ ਤਾਂ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸੁਯੋਗ ਵੈਦ ਦੀ ਤਰ੍ਹਾਂ ਸਮੇਂ ਦੀ ਨਬਜ਼ ਪਛਾਣ ਕੇ ਸਾਹਿਬ ਕਾਂਸ਼ੀ ਰਾਮ ਨੇ ਨਿਰਜਿੰਦ ਤੇ ਮੁਰਦਾ ਹੋ ਚੁੱਕੇ ਸਮਾਜ ਅੰਦਰ ਨਵੀਂ ਰੂਹ ਫੂਕ ਦਿੱਤੀ। ਰਾਜਸੀ ਖੇਤਰ ਵਿਚ ਉਹਨਾਂ ਦੇ ਪ੍ਰਵੇਸ਼ ਨਾਲ ਆਧੁਨਿਕ ਰਾਜਨੀਤਕ ਯੁੱਗ ਦਾ ਆਗਾਜ਼ ਹੋਇਆ। ਸਿਆਸੀ ਖੇਤਰ ਵਿਚ ਉਹਨਾਂ ਦੀ ਹਾਜ਼ਰੀ ਮੌਲਿਕ ਰਾਜਸੀ ਆਗੂ ਵਜੋਂ ਜਾਣੀ ਜਾਂਦੀ ਰਹੇਗੀ। ਪਿਛਲੱਗੂ ਅਤੇ ਨਕਲਚੀ ਸੋਚ ਦੇ ਉਲਟ ਉਹਨਾਂ ਨੇ ਆਪਣੇ ਵਲੋਂ ਬਣਾਏ ਸੰਗਠਨਾਂ ਨੂੰ ਬਿਲਕੁਲ ਨਵਾਂ ਤੇ ਵੱਖਰਾ ਨਾਮ ਤੇ ਚਿਹਰਾ ਮੁਹਰਾ ਦੇ ਕੇ ਬਹੁਜਨ ਲਹਿਰ ਨੂੰ ਨਵੀਂ ਧਰਾਤਲ ਪ੍ਰਦਾਨ ਕੀਤੀ। ਉਹਨਾਂ ਦੀ ਅਗਵਾਈ 'ਚ ਨਵੇਂ ਸੰਗਠਨ ਤੇ ਨਵੇਂ ਨਵੇਂ ਨਾਅਰੇ ਹੋਂਦ 'ਚ ਆਏ।



ਲਾਲ ਸਿੰਘ ਸੁਲਹਾਣੀ
91-98721-55120

ਸਾਹਿਬ ਕਾਂਸ਼ੀ ਰਾਮ ਦੇ ਰਾਜਨੀਤੀ ਚ ਆਗਾਜ਼ ਤੋਂ ਪਹਿਲਾਂ ਭਾਰਤ ਦੇ ਦਲਿਤਾਂ ਸ਼ੋਸ਼ਿਤਾਂ, ਪਛੜੇ ਵਰਗਾਂ ਤੇ ਮਜ਼੍ਹਬੀ ਅਕਲੀਅਤਾਂ ਵਿਚ ਇਕ ਸਹਿਮ ਪਾਇਆ ਜਾਂਦਾ ਸੀ ਕਿ ਹਿੰਦੂ ਬਹੁਗਿਣਤੀ ਵਰਗ ਹੈ। ਉਹਨਾਂ ਦੀ ਇਸ ਮਿੱਥ ਨੂੰ ਤੋੜ ਕੇ ਸਾਹਿਬ ਕਾਂਸ਼ੀ ਰਾਮ ਨੇ ਜੇਬ ਵਿਚਲੇ ਪੈੱਨ ਦੀ ਮਦਦ ਨਾਲ ਪੂਰੇ ਦੇਸ਼ ਦੇ ਲੋਕਾਂ ਨੂੰ ਸੁਚੇਤ ਕੀਤਾ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਗਲਬਾ ਪਾਈ ਬੈਠਾ ਕਾਬਜ਼ ਟੋਲਾ ਮੁੱਠੀ ਭਰ 15 ਕੁ ਫ਼ੀਸਦੀ ਤੋਂ ਵੀ ਘੱਟ ਹੈ। ਜੇਕਰ ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਤੇ ਪਛੜੇ ਵਰਗ ਧਾਰਮਿਕ ਘੱਟ ਗਿਣਤੀਆਂ (ਸਿੱਖ, ਈਸਾਈ, ਮੁਸਲਮਾਨ, ਬੋਧੀ ਤੇ ਪਾਰਸੀ) ਵਜੋਂ ਜਾਣੇ ਜਾਂਦੇ ਵਰਗ ਇੱਕਠੇ ਹੋ ਜਾਣ ਤਾਂ ਇਹ ਬਹੁਤ ਗਿਣਤੀ ਯਾਨੀ 85 ਫੀਸਦੀ ਤੋਂ ਵੀ ਵਧੇਰੇ ਲੋਕਾਂ ਦਾ ਸਮਾਜ ਬਣ ਜਾਂਦਾ ਹੈ।

ਜਿਹਨਾਂ ਨੂੰ ਜਾਤ ਪਾਤ ਦੇ ਨਾਂ ਤੇ ਟੁਕੜੇ ਟੁਕੜੇ ਕਰਕੇ ਰੱਖਿਆ ਗਿਆ ਹੈ। ਲੀਰੋ ਲੀਰ ਕੀਤਾ ਗਿਆ ਸਮਾਜ ਭਾਈਚਾਰੇ ਦੇ ਸੀਮੈਂਟ ਨਾਲ ਜੁੜ ਕੇ ਇਕ ਸ਼ਕਤੀਸ਼ਾਲੀ ਸੰਗਠਨ ਦਾ ਰੂਪ ਅਖ਼ਤਿਆਰ ਕਰ ਸਕਦਾ ਹੈ। ਉਹਨਾਂ ਨੇ ਆਪਣੀ ਮੌਲਿਕ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਉਪ੍ਰੋਕਤ ਵਰਗਾਂ ਦੇ ਪੜ੍ਹੇ ਲਿਖੇ ਕਰਮਚਾਰੀਆਂ ਦਾ ਸੰਗਠਨ ਤਿਆਰ ਕੀਤਾ ਜਿਸ ਦਾ ਨਾਂ ਬਾਮਸੇਫ BAMCEF (SC.+ST.+ OBC & iMnoirty Commuinites Employees Federaiton) ਰੱਖਿਆ ਤੇ ਉਹਨਾਂ ਵਿਚ ਫਐ ਬਅਚਕ ਟੋ ਸੋਚਿਏਟੇ ਦੀ ਭਾਵਨਾ ਪੈਦਾ ਕੀਤੀ ਸਾਹਿਬ ਕਾਂਸ਼ੀ ਰਾਮ ਨੇ ਬਾਮਸੇਫ ਨੂੰ ਇਸ ਗੱਲ ਲਈ ਰਜ਼ਾਮੰਦ ਕਰ ਲਿਆ --

"ਅਸੀਂ ਆਪਣੇ ਦਿਮਾਗ, ਆਪਣੇ ਹੁਨਰ ਅਤੇ ਆਪਣੇ ਪੈਸੇ ਨਾਲ ਅੱਗੇ ਵਧਣਾ ਹੈ।"

ਬਾਮਸੇਫ ਨੂੰ ਪਰਛਾਵੇਂ ਵਰਗੀ (Shadow orgainzaiton) ਜਥੇਬੰਦੀ ਦਾ ਰੂਪ ਦਿੰਦਿਆਂ ਇਸ ਨੂੰ ਗੈਰ ਰਾਜਨੀਤਕ, ਸੰਘਰਸ਼ ਰਹਿਤ ਰਹਿਣ ਲਈ ਪ੍ਰੇਰਿਤ ਕੀਤਾ। ਕਰਮਚਾਰੀਆਂ ਦੇ ਇਸ ਸੰਗਠਨ ਨੂੰ ਵਾਧੂ ਸਮੇਂ ਚ ਸਮਾਜ ਨੂੰ ਜਾਗਰੂਕ ਕਰਨ ਅਤੇ ਆਪਣੀ ਆਮਦਨ ਚੋਂ ਘੱਟੋ ਘੱਟ ਇਕ ਫ਼ੀਸਦੀ ਉਸ ਸਮਾਜ ਦੇ ਲੇਖੇ ਲਾਉਣ ਦੀ ਭਾਵਨਾ ਪੈਦਾ ਕੀਤੀ, ਜਿਸ ਵਰਗ ਵਿਚੋਂ ਉਹ ਉਪਰ ਉੱਠੇ ਹਨ।

ਡੀ ਐਸ ਫ਼ੋਰ (ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ) DS4 (Dailt sosiht samaj sangharsh samatit) ਬਣਾ ਕੇ ਉਹਨਾਂ ਨੇ ਬਾਮਸੇਫ ਦੀ ਅਗਵਾਈ 'ਚ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ।

ਉਪਰੋਕਤ ਦੋਵਾਂ ਸੰਗਠਨਾਂ ਦੇ ਸੁਮੇਲ ਤੋਂ ਬਹੁਜਨ ਸਮਾਜ ਪਾਰਟੀ ਦਾ ਜਨਮ 14 ਅਪ੍ਰੈਲ 1984 ਨੂੰ ਹੋਇਆ। ਸਾਹਿਬ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਨੂੰ ਅਹਿਸਾਸ ਕਰਵਾਇਆ ਕਿ ਲੋਕਤੰਤਰ ਵਿਚ ਵੋਟ ਭਾਰੀ ਕੀਮਤ ਰੱਖਦੀ ਹੈ। ਬਹੁਜਨ ਸਮਾਜ ਕੋਲ ਵੋਟਾਂ ਦੀ ਕਮੀਂ ਨਹੀਂ ਹੈ। ਜੇ ਇਹ ਸਮਾਜ ਇਹ ਧਾਰ ਲਵੇ ਕਿ-

ਵੋਟ ਹਮਾਰਾ ਰਾਜ ਤੁਮ੍ਹਾਰਾ ਨਹੀਂ ਚਲੇਗਾ ਨਹੀਂ ਚਲੇਗਾ ਤਾਂ ਮੁੱਠੀ ਭਰ ਲੁੱਟਣ ਤੇ ਕੁੱਟਣ ਵਾਲੇ ਕਾਬਜ਼ ਧੜੇ ਨੂੰ ਸੱਤਾ ਤੋਂ ਲਾਂਭੇ ਕੀਤਾ ਜਾ ਸਕਦਾ ਹੈ। ਕੇਵਲ ਬਹੁਜਨ ਸਮਾਜ ਦਾ ਹਿਤ ਪਾਲਣ ਵਾਲਾ ਦਲ ਹੀ ਦਿੱਲੀ ਦੇ ਤਖ਼ਤ ਦਾ ਮਾਲਕ ਬਣ ਸਕੇਗਾ-

"ਜੋ ਬਹੁਜਨ ਕੀ ਬਾਤ ਕਰੇਗਾ
ਵੋਹ ਦਿੱਲੀ ਤੇ ਰਾਜ ਕਰੇਗਾ।"

ਭਾਰਤੀ ਰਾਜਨੀਤੀ ਨੂੰ ਨਵੀਂ ਦਿਸ਼ਾ ਵਿਚ ਉਭਾਰਨ ਲਈ ਵੱਖਰੇ ਰਾਜਸੀ ਅੰਦਾਜ਼ ਵਿਚ ਬਹੁਜਨ ਸਮਾਜ ਨੂੰ

"ਤਖ਼ਤ ਬਦਲ ਦਿਓ ਤਜ ਬਦਲ ਦਿਓ
ਬੇਈਮਾਨਾਂ ਦਾ ਰਾਜ ਬਦਲ ਦਿਓ।"

ਵਰਗੀ ਨਵੀਂ ਤੇ ਵਿਲੱਖਣ ਸੁਰ ਪ੍ਰਦਾਨ ਕੀਤੀ। ਉਹਨਾਂ ਨੇ ਡੰਕੇ ਦੀ ਚੋਟ ਤੇ ਕਿਹਾ "ਸਾਡਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਹੈ।"

ਉਹਨਾਂ ਨੇ ਜ਼ੋਰ ਦੇਕੇ ਆਖਿਆ ਕਿ ਅਸੀਂ ਨਾ ਵਿਕਣ ਵਾਲਾ ਹੁਕਮਰਾਨ ਸਮਾਜ ਬਣਨਾ ਹੈ। ਉਹਨਾਂ ਨੇ ਆਪਣੇ ਜੀਵਨ ਦੌਰਾਨ ਕੀਤੇ ਸੰਘਰਸ਼ ਸਦਕਾ ਬਹੁਜਨ ਸਮਾਜ ਪਾਰਟੀ ਨੂੰ ਨਾ ਸਿਰਫ਼ ਤੀਸਰੀ ਵੱਡੀ ਅਤੇ ਕੌਮੀ ਪੱਧਰ ਦੀ ਪਾਰਟੀ ਵਜੋਂ ਮਾਨਤਾ ਪ੍ਰਾਪਤ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ ਸਗੋਂ ਉਤਰ ਪ੍ਰਦੇਸ਼ ਵਰਗੇ ਹਿੰਦੂਤਵੀ ਗੜ੍ਹ ਚ ਰਾਜ ਪਾਟ ਪ੍ਰਾਪਤ ਕਰਨ ਦੀ ਸ਼ਕਤੀ ਤੇ ਸਮਰੱਥਾ ਵੀ ਪ੍ਰਾਪਤ ਕਰ ਲਈ। ਉਹਨਾਂ ਨੇ ਸਾਰੇ ਮਨੂਵਾਦੀ ਦਲਾਂ ਨੂੰ ਗੋਡਿਆਂ ਪਰਨੇ ਕਰ ਦਿਤਾ ਅਤੇ ਸਮਝੌਤਿਆਂ ਦੀ ਰਾਜਨੀਤੀ ਦਾ ਮੁੱਢ ਬੰਨ੍ਹਿਆਂ।

ਭਾਰਤੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਣ ਵਾਲਾ ਦਰਵੇਸ਼ ਸਿਆਸਤਦਾਨ, ਮਜ਼ਲੂਮਾਂ ਤੇ ਮੂਕ ਲੋਕਾਂ ਦੀ ਆਵਾਜ਼, ਕਰੋੜਾਂ ਬਹੁਜਨਾਂ ਦੀ ਮੁਕਤੀ ਦਾ ਤਲਬਗਾਰ, ਬੇਗਮਪੁਰੇ ਦਾ ਸੁਪਨਸਾਜ਼, ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਸੁਪਨਿਆਂ ਦਾ ਸੱਚਾ ਆਸ਼ਕ, ਸਵੈਮਾਣ ਤੇ ਅਣਖ ਦਾ ਪ੍ਰਤੀਕ, ਦਲਿਤਾਂ ਸ਼ੋਸ਼ਿਤਾਂ ਦੀ ਆਜ਼ਾਦੀ ਦਾ ਮੁੱਦਈ ਯੋਧਾ ਜ਼ਿੰਦਗੀ ਦੇ ਆਖਰੀ ਪੜਾਅ ਤੇ ਅਣਹੋਣੀਆਂ ਸਾਹਵੇਂ ਮਿਰਜ਼ੇ ਵਾਂਗ ਇਕੱਲਾ ਘਿਰ ਕੇ ਰਹਿ ਗਿਆ। ਐਸੇ ਮਹੌਲ ਵਿਚ "ਕਾਂਸ਼ੀ ਰਾਮ ਸੰਘਰਸ਼ ਕਰੋ, ਹਮ ਤੁਮ੍ਹਾਰੇ ਸਾਥ ਹੈਂ" ਵਰਗੇ ਨਾਅਰੇ ਮਾਰਨ ਵਾਲੀਆਂ ਭੀੜਾਂ ਬੇਬਸ ਤੇ ਕਿਧਰੇ ਗੁੰਮ ਹੋ ਕੇ ਰਹਿ ਗਈਆਂ। ਭਾਰਤੀ ਰਾਜਨੀਤੀ ਤੇ ਬੱਬਰ ਸ਼ੇਰ ਬਣ ਕੇ ਉੱਭਰੀ ਸਾਹਿਬ ਕਾਂਸ਼ੀ ਰਾਮ ਦੀ ਬੇਬਾਕ ਆਵਾਜ਼ 9 ਅਕਤੂਬਰ 2006 ਨੂੰ ਹਮੇਸ਼ਾ ਲਈ ਸ਼ਾਂਤ ਹੋ ਗਈ। ਕੰਮੀਆਂ ਦੇ ਵਿਹੜਿਆਂ ਦਾ ਮੱਘਦਾ ਸੂਰਜ ਹਮੇਸ਼ਾ ਲਈ ਅਸਤ ਹੋ ਗਿਆ।


# ਸਾਈਬਰ ਠੱਗੀ ਤੋਂ ਸੁਚੇਤ ਹੋਣਾ ਤਕਨੀਕੀ ਸਮੇਂ ਦੀ ਲੋੜ



ਡਾ. ਮੁਨੀਸ਼ ਮੋਹਨ ਸ਼ਰਮਾ
91-70093-83137

ਅਜੋਕੇ ਸਮੇਂ ਵਿੱਚ ਸਾਈਬਰ ਕਰਾਇਮ ਆਪਣੀ ਪਕੜ ਮਜਬੂਤ ਕਰ ਰਿਹਾ ਹੈ, ਦੇਸ਼ ਵਿੱਚ ਸਾਈਬਰ ਧੋਖਾਧੜੀ ਤੋਂ ਬਚਣ ਦੇ ਤਮਾਮ ਪ੍ਰਬੰਧ ਛੋਟੇ ਨਜਰ ਆ ਰਹੇ ਹਨ, ਆਏ ਦਿਨ ਸਾਈਬਰ ਠੱਗੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ, ਓ.ਟੀ.ਪੀ. ਫਰਾਡ, ਕ੍ਰੈਡਿਟ ਕਾਰਡ ਧੋਖਾਧੜੀ, ਈ-ਕਾਮਰਸ, ਫਰਜੀ ਪਛਾਣ ਪੱਤਰ ਬਨਾਉਣਾ, ਖਾਤੇ ਵਿੱਚੋਂ ਪੈਸੇ ਨਿਕਲਣਾ, ਫਰਜੀ ਮੋਬਾਇਲ ਸੰਪਰਕ, ਬਿਜਲੀ ਬਿੱਲ ਸਬੰਧੀ, ਆਧਾਰ ਕਾਰਡ ਅਪਡੇਟ ਕਰਨ ਸੰਬੰਧੀ ਆਦਿ ਅਨੇਕਾਂ ਘਟਨਾਵਾਂ ਸਾਇਬਰ ਠੱਗੀ ਦਾ ਕਾਰਨ ਬਣ ਗਿਆ ਹੈ। ਦੂਜੇ ਪਾਸੇ ਡਿਜੀਟਲ ਇੰਡੀਆ ਰਾਹੀਂ ਸਭ ਕੁੱਝ ਇੰਟਰਨੈਂਟ ਰਾਹੀਂ ਜੁੜ ਗਿਆ ਹੈ। ਲੈਣ-ਦੇਣ, ਬੈਂਕਿੰਗ ਪ੍ਰਣਾਲੀ ਇਸ ਦਾ ਮੁੱਖ ਹਿੱਸਾ ਹਨ, ਪਰ ਸਾਇਬਰ ਠੱਗੀ ਨੇ ਲੋਕਾਂ ਦੇ ਖਾਤੇ ਖਾਲੀ ਕਰ ਦਿੱਤੇ ਹਨ। ਹੁਣ ਨਕਦੀ ਦੇ ਨਾਲ ਨਾਲ ਸਾਈਬਰ ਠੱਗ ਇੰਟਰਨੈਂਟ ਡਾਟਾ ਵੀ ਚੋਰੀ ਕਰ ਰਹੇ ਹਨ, ਜਾਮਤਾੜਾ ਸੀਰੀਅਲ ਨੇ ਇਸ ਦੀ ਵਧੀਆ ਜਾਣਕਾਰੀ ਪੇਸ਼ ਕਰ ਦਿੱਤੀ ਹੈ। ਡਿਜੀਟਲ ਸੰਨ੍ਹਮਾਰੀ ਦੀ ਇੱਕ ਕਿਸਮ ਹੈ ਫਿਸਿੰਗ ਅਰਥਾਤ ਬੈਂਕਾਂ ਦੇ ਕ੍ਰੈਡਿਟ ਆਦਿ ਜਾਣਕਾਰੀ ਚੁਗ ਕੇ ਰਕਮ ਉਡਾ ਲੈਣੀ, ਦੂਜੀ ਕਿਸਮ ਹੈ ਰੈਸਮਵੇਅਰ ਯਾਨੀ ਫਿਰੋਤੀ। ਇਸ ਚ ਲੋਕਾਂ, ਕੰਪਨੀਆਂ ਅਦਾਰਿਆਂ ਦੇ ਕੰਪਿਊਟਰ ਨੈੱਟਵਰਕ ਤੋਂ ਸਾਇਬਰ ਹਮਲਾ ਕਰਕੇ ਆਪਣੇ ਕਬਜੇ ਵਿੱਚ ਕਰ ਲੈਣਾ, ਫਿਰ ਬਦਲੇ ਵਿੱਚ ਫਿਰੋਤੀ ਮੰਗਣਾ ਫਿਸਿੰਗ ਅਤੇ ਰੈਸਮਵੇਅਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਹਰ ਦੂਸਰਾ ਆਦਮੀ ਸਾਇਬਰ ਠੱਗੀ ਦਾ ਸ਼ਿਕਾਰ ਹੋ ਰਿਹਾ ਹੈ। ਅਮਰੀਕਾ ਵਰਗੇ ਮਹਾ ਸ਼ਕਤੀਸ਼ਾਲੀ ਦੇਸ਼ ਵਿੱਚ ਹਵਾਈ ਅੱਡਿਆਂ ਤੇ ਜਹਾਜ ਪ੍ਰਣਾਲੀ ਤੇ ਸਾਇਬਰ ਅਟੈਕ ਦੀ ਤਾਜਾ ਘਟਨਾ ਹੈ। ਅਨੇਕਾਂ ਜਹਾਜ ਰੂਟ ਪਲਾਨ ਤੋਂ ਭਟਕ ਗਏ।

ਸਾਇਬਰ ਠੱਗ ਅਨੇਕਾਂ ਪ੍ਰਕਾਰ ਦੇ ਨਵੇਂ ਤਰੀਕੇ ਲੱਭ ਕੇ ਜਨਤਾ ਨਾਲ ਠੱਗੀ ਮਾਰ ਰਹੇ ਹਨ। ਵਿਦੇਸ਼ਾਂ ਤੋਂ ਰਿਸ਼ਤੇਦਾਰ ਬਣ ਕੇ, ਗੂਗਲ ਪੇ ਦੀ ਮੰਗ ਕਰਕੇ, ਜਨਤਾ ਦੇ ਖਾਤਿਆਂ ਤੱਕ ਸੇਧ ਲਾ ਰਹੇ ਹਨ। ਲੋਕਾਂ ਦਾ ਡਾਟਾ ਜਿਵੇਂ ਮੋਬਾਇਲ ਨੰਬਰ ਆਦਿ ਵੇਚਣ ਅਤੇ ਖਰੀਦਣ ਦਾ ਵਪਾਰ ਅਰਬਾਂ ਰੁਪਏ ਦੀ ਗੱਲ ਸੁਣਦੇ ਹਾਂ। ਕਈ ਵਾਰ ਹੈਰਾਨੀ ਹੁੰਦੀ ਹੈ ਜਦੋਂ ਕਿਸੇ ਕੰਪਨੀ ਆਦਿ ਦਾ ਫੋਨ ਆਉਂਦਾ ਹੈ ਕੀ ਇਹ ਉਤਪਾਦ ਲਵੋ ਜੀ ਇਹ ਸੇਵਾਵਾਂ ਪੇਸ਼ ਕਰ ਰਹੇ ਹਾਂ ਆਦਿ। ਜਦ ਕੀ ਅਸੀਂ ਕਦੇ ਵੀ ਇਹਨਾਂ ਨਾਲ ਜੁੜੇ ਨਹੀਂ ਹੁੰਦੇ। ਇਸ ਲਈ ਸਾਇਬਰ ਠੱਗਾਂ ਤੋਂ ਬਚਣ ਲਈ ਕਦੇ ਵੀ ਕਿਸੇ ਆਫਰ ਦੇ ਲਾਲਚ ਵਿੱਚ ਨਾ ਆਵੋ, ਮੋਬਾਇਲ ਤੇ ਆਈ.ਪੀ. ਓ.ਟੀ.ਪੀ. ਕਿਸੇ ਨਾਲ ਸਾਂਝੀ ਨਾ ਕਰੋ, ਉਸ ਨੀਲੇ ਲਿੰਕ ਨੂੰ ਟੱਚ ਨਾ ਕਰੋ ਜਿਸ ਵਾਰੇ ਤੁਸੀਂ ਜਾਣਦੇ ਨਹੀਂ। ਆਈ.ਟੀ.ਸੀ. ਵਿੰਗ ਇਸ ਕਾਰਜ ਨੂੰ ਬਾਖੂਬੀ ਨਿਭਾ ਰਿਹਾ ਹੈ। ਪੰਜਾਬ ਦੇ ਸਮੂਹ ਸਰਕਾਰੀ ਸਕੂਲ ਵਿੱਚ ਸਾਇਬਰ ਠੱਗੀ ਸੰਬੰਧੀ ਵਿਦਿਆਰਥੀ ਵਰਗ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਜਿਲ੍ਹਾ ਬਰਨਾਲਾ ਵਿੱਚ ਜਿਲ੍ਹਾ ਆਈ.ਟੀ.ਸੀ. ਕੋਆਰਡੀਨੇਟਰ ਸ੍ਰੀ ਮਹਿੰਦਰ ਪਾਲ ਇਸ ਕਾਰਜ ਦੀ ਸਮੂਹ ਸਕੂਲ ਵਿੱਚ ਕੰਪਿਊਟਰ ਅਧਿਆਪਕਾਂ ਰਾਹੀਂ



ਸਾਇਬਰ ਜਾਗਰੂਕਤਾ ਦਾ ਕਾਰਜ ਕਰ ਰਹੇ ਹਨ। ਇਸ ਤਰ੍ਹਾਂ ਪ੍ਰੇਰਣਾ ਪ੍ਰਦਾਨ ਕਰ ਰਹੇ ਹਨ ਜੋ ਵਿਦਿਆਰਥੀ ਵਰਗ ਵੀ ਸਮਾਜ ਲਈ ਪ੍ਰੇਰਣਾ ਬਣ ਰਹੀ ਹੈ।

**ਸਾਈਬਰ ਸੁਰੱਖਿਆ ਦਾ ਪ੍ਰਣ**

ਅੱਜ ਦੇ ਡਿਜੀਟਲ ਯੁੱਗ ਵਿੱਚ, ਮੈਂ ਇੰਟਰਨੈਂਟ ਦੀ ਵਰਤੋਂ ਕਰਦੇ ਹੋਏ ਹਮੇਸ਼ਾਂ ਆਪਣੇ ਆਪ ਨੂੰ ਸਾਈਬਰ ਖਤਰਿਆਂ ਤੋਂ ਬਚਾਉਣ ਅਤੇ ਇੰਟਰਨੈਂਟ ਦੀ ਦੁਨੀਆਂ ਵਿੱਚ ਸਾਈਬਰ ਨੈਤਿਕਤਾ ਦੀ ਪਾਲਣਾ ਕਰਨ ਦਾ ਪ੍ਰਣ ਲੈਂਦਾ/ਲੈਂਦੀ ਹਾਂ ਕਿ :

1. ਮੈਂ, ਮੋਬਾਇਲ ਤੇ ਪ੍ਰਾਪਤ ਮੈਸੇਜ, ਈ-ਮੇਲ, ਫੇਕ ਜਾਂ ਜਾਲੀ ਕਾਲਾਂ, ਸੋਸ਼ਲ ਮੀਡੀਆ ਜਾਂ ਕਿਸੇ ਵੀ ਆਨਲਾਈਨ ਪਲੇਟਫਾਰਮ ਤੇ ਪ੍ਰਾਪਤ ਹੋਣ ਵਾਲੇ ਮੁਨਾਫੇ ਦੀਆਂ ਪੇਸ਼ਕਸ਼ਾਂ ਦੁਆਰਾ ਲਾਲਚ ਨਹੀਂ ਕਰਾਂਗਾ ਅਤੇ ਇਹਨਾਂ ਦਾ ਸ਼ਿਕਾਰ ਹੋ ਕੇ ਕਦੇ ਵੀ ਬੈਂਕ ਵੇਰਵੇ, ਓਟੀਪੀ ਜਾਂ ਕਿਸੇ ਵੀ ਨਿੱਜੀ ਜਾਣਕਾਰੀ ਨੂੰ ਧੋਖਾਧੜੀ ਕਰਨ ਵਾਲਿਆਂ ਨਾਲ ਸਾਂਝਾ ਨਹੀਂ ਕਰਾਂਗਾ/ਕਰਾਂਗੀ।
2. ਮੈਂ ਸੋਸ਼ਲ ਮੀਡੀਆ ਦੀ ਵਰਤੋਂ ਪੂਰੀ ਸਾਵਧਾਨੀ ਨਾਲ ਕਰਾਂਗਾ/ਕਰਾਂਗੀ ਅਤੇ ਆਪਣੀ ਨਿੱਜੀ ਜਾਣਕਾਰੀ ਨੂੰ ਸੋਸ਼ਲ ਮੀਡੀਆ ਤੇ ਕਿਸੇ ਨਾਲ ਸਾਂਝਾ ਨਹੀਂ ਕਰਾਂਗਾ/ਕਰਾਂਗੀ।
3. ਮੈਂ ਇੰਟਰਨੈਂਟ ਤੇ ਮੇਰੇ ਹਰੇਕ ਮਹੱਤਵਪੂਰਨ ਖਾਤੇ ਲਈ ਇੱਕ ਮਜ਼ਬੂਤ ਪਾਸਵਰਡ ਰੱਖਾਂਗਾ/ਰੱਖਾਂਗੀ ਅਤੇ ਕਿਸੇ ਵੀ ਸਥਿਤੀ ਵਿੱਚ ਕਿਸੇ ਨਾਲ ਪਾਸਵਰੜ ਸਾਂਝਾ ਨਹੀਂ ਕਰਾਂਗਾ/ਕਰਾਂਗੀ।
4. ਮੈਂ, ਮੋਬਾਇਲ ਤੇ ਪ੍ਰਾਪਤ ਮੈਸੇਜ, ਈ-ਮੇਲ, ਸੋਸ਼ਲ ਮੀਡੀਆ ਜਾਂ ਕਿਸੇ ਵੀ ਸਰੋਤ ਤੋਂ ਪ੍ਰਾਪਤ ਸੰਦੇਸ਼ ਜਾਂ ਲਿੰਕ ਤੇ ਕਲਿੱਕ ਕਰਕੇ ਆਪਣੇ ਮੋਬਾਇਲ ਤੇ ਕੋਈ ਐਪ ਇੰਸਟਾਲ ਨਹੀਂ ਕਰਾਂਗਾ/ਕਰਾਂਗੀ।
5. ਮੈਂ ਆਪਣੇ ਸਾਰੇ ਬੈਂਕ ਨਾਲ ਸਬੰਧਤ ਜਾਂ ਕੋਈ ਹੋਰ ਯੂਜ਼ਰਨੇਮ ਅਤੇ ਪਾਸਵਰਡ ਆਪਣੇ ਮੋਬਾਇਲ ਜਾਂ ਕੰਪਿਊਟਰ ਤੇ ਸੁਰੱਖਿਅਤ ਨਹੀਂ ਕਰਾਂਗਾ/ਕਰਾਂਗੀ ਅਤੇ ਨਾ ਹੀ ਲਿਖਾਂਤੀ ਅਤੇ ਉਹਨਾਂ ਨੂੰ ਯਾਦ ਰੱਖਣ ਦੀ ਪੂਰੀ ਕੋਸ਼ਿਸ਼ ਕਰਾਂਗਾ/ਕਰਾਂਗੀ।
8. ਮੈਂ, ਜੇਕਰ ਆਪਣੇ ਆਪ ਨੂੰ ਇੰਟਰਨੈਂਟ ਤੇ ਅਸੁਰੱਖਿਅਤ ਪਾਉਂਦਾ/ਪਾਉਂਦੀ ਹਾਂ ਜਾਂ ਕੋਈ ਵਿਅਕਤੀ ਮੈਨੂੰ ਇੰਟਰਨੈਂਟ ਤੇ ਧਮਕੀਆਂ ਦਿੰਦਾ ਹੈ, ਡਰਾਉਂਦਾ ਹੈ ਜਾਂ ਬਲੈਕਮੇ।ਲ ਕਰਦਾ ਹੈ, ਤਾਂ ਮੈਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਇਸ ਬਾਰੇ ਦੱਸਾਂਗਾ/ਦੱਸਾਂਗੀ ਅਤੇ ਜੇਕਰ ਲੋੜ ਲਈ ਤਾਂ ਮੈਂ ਪੁਲਿਸ ਨੂੰ ਰਿਪੋਰਟ ਕਰਾਂਗਾ/ਕਰਾਂਗੀ।
9. ਮੈਂ, ਖੁਦ, ਕਦੇ ਵੀ ਇੰਟਰਨੈਂਟ, ਸੋਸ਼ਲ ਮੀਡੀਆ ਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ, ਅਫਵਾਹ ਫੈਲਾਉਣ, ਦੰਗਾ ਭੜਕਾਉਣ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੋਵ-ਾਂਗਾ/ਹੋਵਾਂਗੀ, ਅਤੇ ਕਦੇ ਵੀ ਇਸ ਵਿੱਚ ਸ਼ਾਮਿਲ ਨਹੀਂ ਹੋਵਾਂਗਾ/ਹੋਵਾਂਗੀ।
10. ਅੰਤ ਵਿੱਚ, ਮੈਂ ਇੱਕ ਵਾਰ ਫਿਰ ਸਹੁੰ ਚੁੱਕਦਾ/ਚੁੱਕਦੀ ਹਾਂ ਕਿ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ, ਮੈਂ ਆਪਣੇ ਆਪ ਨੂੰ ਆਪਣੇ ਪਰਿਵਾਰ ਨੂੰ ਅਤੇ ਆਪਣੇ ਦੇਸ਼ ਨੂੰ ਸਾਈਬਰ ਸੁਰੱਖਿਅਤ ਰੱਖਾਂਗਾ/ਰੱਖਾਂਗੀ, ਤਾਂ ਜੋ ਮੇਰਾ ਦੇਸ਼ ਡਿਜ਼ੀਟਲ ਸੰਸਾਰ ਵਿੱਚ ਇੱਕ ਸ਼ਕਤੀਸ਼ਾਲੀ ਤਰੀਕੇ ਨਾਲ ਅੱਗੇ ਵਧ ਸਕੇ।

**ਇੰਨ੍ਹਾਂ ਗੱਲਾਂ ਦਾ ਰੱਖੋ ਖਾਸ ਧਿਆਨ ...**

ਸੋਸ਼ਲ ਮੀਡੀਆ ਤੇ ਘੱਟ ਤੋਂ ਘੱਟ ਐਪ ਡਾਊਨਲੋਡ ਕਰੋ।
ਸੋਸ਼ਲ ਮੀਡੀਆ ਸਾਈਟ ’ਚ ਨਿਜੀ ਜਾਣਕਾਰੀ ਦਾ ਉਪਯੋਗ ਸੀਮਿਤ ਕਰੋ।
ਆਪਣੇ ਬੈਂਕ ਖਾਤੇ ਦੀ ਨਿਗਰਾਨੀ ਨਿਯਮਤ ਰੂਪ ਨਾਲ ਕਰੋ।
ਸਿਰਫ ਵਿਸ਼ਵਾਸ ਵਾਲੀ ਵੈਬਸਾਈਟ ਦਾ ਉਪਯੋਗ ਕਰੋ। ਕਿਸੇ ਵੀ ਅਣਜਾਣ ਲਿੰਕ ਤੇ ਕਲਿੱਕ ਨਾ ਕਰੋ।
ਮਜ਼ਬੂਤ ਪਾਸਵਰਡ ਦਾ ਇਸਤੇਮਾਲ ਕਰੋ ਤੇ ਅਲੱਗ ਅਲੱਗ ਬੈਂਕ ਖਾਤਿਆਂ ਦੇ ਲਈ ਅਲੱਗ ਅਲੱਗ ਪਾਸਵਰਡ ਦਾ ਉਪਯੋਗ ਕਰੋ।
ਅਣਜਾਨ ਲੋਕਾਂ ਦੀ ਫਰੈਂਡ ਰਿਕਵੈਸਟ ਸਵੀਕਾਰ ਨਾ ਕਰੋ।
ਆਨਲਾਈਨ ਖਰੀਦਦਾਰੀ ਕਰਦੇ ਸਮੇਂ ਅਦਾਇਗੀ ਆਨ ਡਵਿਲਰੀ ਕਰੋ।
ਨਿਊਡ ਕਾਲ ਆਉਣ ਤੇ ਆਪਣੇ ਮੋਬਾਇਲ ਦਾ ਕੈਮਰਾ ਬੰਦ ਕਰ ਦਿਓ।
ਕੋਈ ਵੀ ਐਨੀਡੈਸਕ ਰਿਮੋਟ ਅਕਸੈਸ ਮੋਬਾਇਲ ਐਪ ਡਾਊਨਲੋਡ ਨਾ ਕਰੋ।

ਜੇ ਕਿਸੇ ਨਾਲ ਧੋਖਾਧੜੀ ਹੁੰਦੀ ਹੈ ਤਾਂ ਹੈਲਪਲਾਈਨ ਨੰਬਰ 1930 ਤੇ ਕਾਲ ਕਰੋ। ਸੋ ਜਰੂਰਤ ਹੈ ਜਾਗਰੂਕਤਾ ਨੂੰ ਅਪਨਾਉਣ ਦੀ।

****

# ਲਾਸ ਏਂਜਲਸ ਖੇਤਰ ਵਿਚ ਨਸਲੀ ਨਫਰਤ ਫੈਲਾਉਣ ਵਾਲਿਆਂ ਵਿਰੁੱਧ ਵੱਡੀ ਕਾਰਵਾਈ ਤਹਿਤ 'ਵਾਈਟ ਸੁਪਰਮੇਸੀ ਗੈਂਗ' ਨਾਲ ਸਬੰਧਤ 68 ਸ਼ੱਕੀ ਗ੍ਰਿਫਤਾਰ, ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਘਰੇਲੂ ਅੱਤਵਾਦ ਸਬੰਧੀ ਜਾਂਚ ਤਹਿਤ ਕੈਲੀਫੋਰਨੀਆ ਦੇ ਲਾਸ ਏਂ-ਜਲਸ ਖੇਤਰ ਵਿਚ ਇਕ ਵੱਡੀ ਕਾਰਵਾਈ ਕਰਦਿਆਂ 'ਵਾਈਟ ਸੁਪਰਮੇਸੀ ਗੈਂਗ' ਨਾਲ ਸਬੰਧਤ 68 ਸ਼ੱਕੀ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸੰਘੀ ਵਕੀਲਾਂ ਨੇ ਕੀਤਾ ਹੈ। ਅਧਿਕਾਰੀਆਂ ਅਨੁਸਾਰ ਪੈਕਰਵੁੱਡਜ ਗਿਰੋਹ ਦੇ ਮੈਂਬਰਾਂ ਤੇ ਉਨਾਂ ਦੇ ਜੋਟੀਦਾਰਾਂ ਵਿਰੁੱਧ ਸੰਘੀ ਦੋਸ਼ ਆਇਦ ਕੀਤੇ ਗਏ ਹਨ ਜਿਨਾਂ ਵਿਚ ਫਿਰੌਤੀ ਮੰਗਣਾ, ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਵਿਤੀ ਧੋਖਾਧੜੀ ਦੇ ਦੋਸ਼ ਵੀ ਸ਼ਾਮਿਲ ਹਨ। ਯੂ ਐਸ ਅਟਾਰਨੀ ਸੈਂਟਰਲ ਡਿਸਟ੍ਰਿਕਟ ਕੈਲੀਫੋਰਨੀਆ ਮਾਰਟਿਨ ਏਸਟਰਾਡਾ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗਿਰੋਹ ਦੀ ਨਸਲੀ, ਜਾਤੀ ਤੇ ਧਾਰਮਿੱਕ ਘੱਟ ਗਿਣਤੀਆਂ ਵਿਰੁੱਧ ਹਮਲੇ ਕਰਨ



ਦੀ ਯੋਜਨਾ ਸੀ। ਇਸ ਤੋਂ ਪਹਿਲਾਂ ਕਿ ਇਹ ਲੋਕ ਆਪਣੀ ਯੋਜਨਾ ਨੂੰ ਸਿਰੇ ਚਾੜਦੇ ਇਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨਾਂ ਕਿਹਾ ਕਿ ਅਸੀਂ ਦੁਖਾਂਤ ਵਾਪਰਨ ਦੀ ਉਡੀਕ ਨਹੀਂ ਸੀ ਕਰ ਸਕਦੇ। ਏਸਟਰਾਡਾ ਨੇ ਕਿਹਾ ਕਿ 40 ਤੋਂ ਵਧ ਪੈਕਰਵੁੱਡਜ ਸ਼ੱਕੀ ਮੈਂਬਰਾਂ ਤੇ ਉਨਾਂ ਦੇ ਜੋਟੀਦਾਰਾਂ ਨੂੰ ਬੁੱਧਵਾਰ ਗ੍ਰਿਫਤਾਰ ਕੀਤਾ ਗਿਆ ਹੈ ਤੇ ਕੁਝ ਪਹਿਲਾਂ ਹੀ ਹਿਰਾਸਤ ਵਿਚ ਸਨ।

ਉਨਾਂ ਕਿਹਾ ਕਿ ਨਿਆਂ ਵਿਭਾਗ ਦੇ ਇਤਿਹਾਸ ਵਿਚ ਨਵ-ਨਾਜ਼ੀ, ਵਾਈਟ ਸੁਪਰਮੇਸਿਸਟ ਜਾਂ ਕਿਸੇ ਅੱਤਵਾਦੀ ਸੰਗਠਨ ਵਿਰੁੱਧ ਇਹ ਇਕ ਸਭ ਤੋਂ ਵੱਡੀ ਕਾਰਵਾਈ ਹੈ। ਇਨਾਂ ਦੀ ਗ੍ਰਿਫਤਾਰੀ ਵਿਚ ਕਾਨੂੰਨ ਵਿਵਸਥਾ ਬਣਾਈ ਰਖਣ ਨਾਲ ਸਬੰਧਤ ਸੰਘੀ ਤੇ ਸਥਾਨਕ ਅਧਿਕਾਰੀਆਂ ਤੋਂ ਇਲਾਵਾ ਹੋਰ ਕਈ ਏਜੰਸੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ।

## ਜੱਜ ਹੱਤਿਆ ਮਾਮਲੇ ਵਿਚ ਅਦਾਲਤ ਵਿੱਚ ਵੀਡੀਓ ਵੇਖੀ, ਸਾਬਕਾ ਸ਼ੈਰਿਫ ਵਿਰੁੱਧ ਚੱਲੇਗਾ ਪਹਿਲਾ ਦਰਜਾ ਹੱਤਿਆ ਦਾ ਮਾਮਲਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕੈਂਟੂਕੀ ਰਾਜ ਦੇ ਜੱਜ ਦੀ ਉਸ ਦੇ ਚੈਂਬਰ ਵਿਚ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਵਿਚ ਮੁੱਢਲੀ ਸੁਣਵਾਈ ਦੌਰਾਨ ਅਦਾਲਤ ਵਿਚ ਘਟਨਾ ਦੀ ਵੀਡੀਓ ਵੇਖੀ ਗਈ ਜਿਸ ਨੂੰ ਵੇਖਣ ਤੋਂ ਬਾਅਦ ਜੱਜ ਰੁਪਰਟ ਵਿਲਹੋਇਟ ਨੇ ਕਿਹਾ ਕਿ ਸੰਭਾਵੀ ਤੌਰ 'ਤੇ ਮਾਮਲਾ ਪਹਿਲਾ ਦਰਜਾ ਹੱਤਿਆ ਦਾ ਬਣਦਾ ਹੈ ਜਿਸ ਦੀ ਸੁਣਵਾਈ ਵਿਸ਼ਾਲ ਜਿਊਰੀ ਕਰੇਗੀ। ਬਚਾਅ ਪੱਖ ਦੇ ਵਕੀਲਾਂ ਨੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ ਸ਼ੈਰਿਫ ਸ਼ਾਨ ਮਿੱਕੀ ਸਟੀਨਸ (43) ਨੇ ਡਿਸਟ੍ਰਿਕਟ ਜੱਜ ਕੈਵਿਨ ਮੁਲਿਨਸ (54) ਨੂੰ ਗੋਲੀ ਮਾਰੀ ਹੈ ਪਰੰਤੂ ਨਾਲ ਹੀ ਕਿਹਾ ਕਿ ਇਸ ਗੱਲ ਨੂੰ ਧਿਆਨ ਵਿਚ ਰਖਿਆ ਜਾਵੇ ਕਿ ਗੋਲੀ ਮਾਰਨ ਸਮੇ ਸਟੀਨਸ ਬਹੁਤ ਹੀ ਜਜ਼ਬਾਤੀ ਪਲਾਂ ਵਿਚੋਂ ਗੁਜਰ ਰਿਹਾ ਸੀ। ਸਟੀਨਸ ਨੇ ਪਿਛਲੇ ਹਫਤੇ ਅਦਾਲਤ ਵਿਚ ਦਰਖਾਸਤ ਦਾਇਰ ਕੀਤੀ ਸੀ ਕਿ ਉਹ ਪਹਿਲਾ ਦਰਜਾ ਹੱਤਿਆ ਦਾ ਦੋਸ਼ੀ ਨਹੀਂ ਹੈ। ਸਟੀਨਸ ਨੇ ਬੀਤੇ ਸੋਮਵਾਰ ਲੈਚਰ ਕਾਊਂਟੀ ਦੇ ਸ਼ੈਰਿਫ ਵਜੋਂ ਅਸਤੀਫਾ ਦੇ ਦਿੱਤਾ ਸੀ ਤੇ ਉਹ ਅਦਾਲਤ ਵਿਚ ਜੇਲ ਦੀ ਵਰਦੀ ਵਿਚ ਪੇਸ਼ ਹੋਇਆ। ਪੇਸ਼ੀ ਸਮੇ ਉਸ ਦੇ ਹੱਥਕੜੀ ਲੱਗੀ ਹੋਈ ਸੀ। ਇਸਤਗਾਸਾ ਪੱਖ ਨੇ ਅਦਾਲਤ ਵਿਚ ਜੱਜ ਦੀ ਹੱਤਿਆ ਸਬੰਧੀ ਸਬੂਤ ਪੇਸ਼ ਕੀਤੇ ਜਿਨਾਂ ਵਿਚ ਇਕ ਵੀਡੀਓ ਵੀ ਸ਼ਾਮਿਲ ਹੈ। ਵੀਡੀਓ ਵਿਚ ਸਾਫ ਨਜਰ ਆ ਰਿਹਾ ਹੈ ਕਿ ਸਟੀਨਸ ਜੱਜ ਮੁਲਿਨਸ ਦੇ ਕਈਆਂ ਗੋਲੀਆਂ ਮਾਰਦਾ ਹੈ ਜਦ ਕਿ ਮੁਲਿਨਸ ਵੱਲੋਂ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਨਾਕਾਮ ਰਹਿੰਦੀ ਹੈ।



## ਕੈਲੀਫੋਰਨੀਆ ਵਿਚ ਭਾਰਤੀ ਮੂਲ ਦੇ ਵਿਅਕਤੀ ਦੀ ਈਕੋ ਕੰਪਨੀ ਨੇ ਇਲੈਕਟ੍ਰਿਕ ਬਾਈਕ ਸੜਕ 'ਤੇ ਉਤਾਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਬਾਈਕ ਕੰਪਨੀ ਜਿਸ ਦੀ ਅਗਵਾਈ ਭਾਰਤ ਦੇ ਲਖਨਊ ਸ਼ਹਿਰ ਵਿਚ ਪੈਦਾ ਹੋਏ ਰੇਫ ਹੁਸੈਨ ਦੇ ਹੱਥ ਵਿਚ ਹੈ, ਨੇ ਵਾਤਾਵਰਣ ਪੱਖੀ ਈਕੋ ਬਾਈਕ ਬਜ਼ਾਰ ਵਿਚ ਲਿਆਂਦੀ ਹੈ। ਇਸ ਇਲੈਕਟ੍ਰਿਕ ਬਾਈਕ ਨੂੰ ਜਾਰੀ ਕਰਨ ਲਈ ਕੋਰੋਨਾ ਸਿਟੀ ਕੌਂਸਲ ਹਾਲ ਵਿਚ ਸਮਾਗਮ ਹੋਇਆ। ਇਸ ਬਾਈਕ ਨੂੰ ਕੈਲੀਫੋਰਨੀਆ ਵੱਲੋਂ ਵਾਤਾਵਰਣ ਪੱਖੀ ਆਵਾਜਾਈ ਦੇ ਸਾਧਨ ਸੜਕਾਂ ਉਪਰ ਲਿਆਉਣ ਦੀਆਂ ਕੋਸ਼ਿਸ਼ਾਂ ਤਹਿਤ ਜਾਰੀ ਕੀਤਾ ਗਿਆ ਹੈ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕੋਰੋਨਾ ਸ਼ਹਿਰ ਦੇ ਮੇਅਰ ਟਾਮ ਰਿਚਿਨਸ ਹਾਜਰ ਸਨ ਜਿਨਾਂ ਨੇ ਕੈਲੀਬਾਈਕ ਕੰਪਨੀ ਦੇ ਦੂਰ ਅੰਦੇਸ਼ੀ ਦ੍ਰਿਸ਼ਟੀਕੋਨ ਨੂੰ ਸਰਾਹਿਆ। ਉਨਾਂ ਨੇ ਸ਼ਹਿਰ ਦੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਟਿਕਾਊ ਗਤੀਸ਼ੀਲ ਸਾਧਨਾਂ ਉਪਰ ਜੋਰ ਦਿੱਤਾ। ਮੇਅਰ ਨੇ ਭਵਿੱਖ ਨੂੰ ਹਰਿਆ ਭਰਿਆ ਬਣਾਈ ਰਖਣ ਲਈ ਕੈਲੀਬਾਈਕ ਵਰਗੀਆਂ ਕੰਪਨੀਆਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਰੇਫ ਹੁਸੈਨ ਨੇ ਇਸ ਮੌਕੇ ਕਿਹਾ ਕਿ ਕੈਲੀਬਾਈਕ ਵੱਡੀ ਪੱਧਰ 'ਤੇ ਹਰਿਆਵਲ ਵੱਲ ਵਧਣ ਦੀਆਂ ਕੋਸ਼ਿਸ਼ਾਂ ਦਾ ਇਕ ਹਿੱਸਾ ਹੈ। ਕੰਪਨੀ ਬਰਾਈਟਲਾਈਨ ਵੈਸਟ ਵਰਗੇ ਵੱਡੀ ਪੱਧਰ ਵਾਲੇ ਬੁਨਿਆਦੀ ਪ੍ਰਾਜੈਕਟ ਉਪਰ ਕੰਮ ਕਰ ਰਹੀ ਹੈ ਜਿਸ ਤਹਿਤ ਇਕ ਉੱਚ ਰਫਤਾਰ ਵਾਲੀ ਰੇਲ ਪ੍ਰਣਾਲੀ ਵਿਕਸਤ ਕੀਤੀ ਜਾਣੀ ਹੈ ਜੋ ਲਾਸ ਵੇਗਾਸ ਤੇ ਦੱਖਣੀ ਕੈਲੀਫੋਰਨੀਆ ਨੂੰ ਆਪਸ ਵਿਚ ਜੋੜੇਗੀ।

ਕੰਪਨੀ ਨੇ ਕੋਰੋਨਾ ਸ਼ਹਿਰ ਨੂੰ ਇਲੈਕਟ੍ਰਿਕ ਬਾਈਕਾਂ ਵੀ ਦਾਨ ਕੀਤੀਆਂ ਹਨ ਜੋ ਬਾਈਕਾਂ ਸ਼ਹਿਰ ਦੇ ਪਾਰਕ ਰੇਂਜਰਾਂ ਵੱਲੋਂ ਵਰਤੀਆਂ ਜਾਣਗੀਆਂ।




SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376



# ਪੰਜਾਬ 'ਚ ਪੰਚਾਇਤੀ ਚੋਣਾਂ, ਪੰਚਾਇਤੀ ਢਾਂਚਾ-ਉੱਠਦੇ ਸਵਾਲ



ਗੁਰਮੀਤ ਪਲਾਹੀ
91-98158-02070

ਪੰਜਾਬ ਚ ਪੰਚਾਇਤੀ ਚੋਣਾਂ ਨੂੰ ਲੈ ਕੇ ਪੂਰੀ ਗਰਮੋ-ਗਰਮੀ ਅਤੇ ਸਰਗਰਮੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਚੋਣਾਂ ਅਸਲ ਅਰਥਾਂ 'ਚ ਲੋਕਤੰਤਰ ਦੀ ਨੁਮਾਇਸ਼ ਹਨ। ਉਪਰੋਂ-ਉਪਰੋਂ ਇਹ ਇੰਵ ਹੀ ਜਾਪਦਾ ਹੈ, ਪਰ ਜਿਸ ਕਿਸਮ ਦਾ ਜਲੂਸ ਇਹਨਾਂ ਚੋਣਾਂ 'ਚ ਲੋਕਤੰਤਰ ਦਾ ਕੱਢਿਆ ਜਾਂਦਾ ਹੈ, ਉਹ ਵੀ ਆਪਣੇ ਆਪ ਵਿੱਚ ਇੱਕ ਉਦਾਹਰਣ ਹੈ। ਕੀ ਪੰਚਾਇਤਾਂ ਨੂੰ ਸਰਕਾਰਾਂ ਸੰਜੀਦਗੀ ਨਾਲ ਲੈਂਦੀਆਂ ਹਨ? ਕੀ ਚੁਣੀਆਂ ਹੋਈਆਂ ਪੰਚਾਇਤਾਂ ਦੇ ਅਧਿਕਾਰ ਉਹਨਾਂ ਪੱਲੇ ਸਿਆਸਤਦਾਨਾਂ, ਅਫ਼ਸਰਸ਼ਾਹੀ ਨੇ ਰਹਿਣ ਦਿੱਤੇ ਹਨ? ਕੀ ਪੰਚਾਇਤਾਂ ਨੂੰ ਪੰਗੂ ਨਹੀਂ ਬਣਾ ਦਿੱਤਾ ਗਿਆ? ਕੀ ਪਿੰਡਾਂ ਦੇ ਮੋਹਤਬਰਾਂ ਨੇ ਪੰਚ-ਾਇਤਾਂ ਹਥਿਆ ਨਹੀਂ ਲਈਆਂ ਹੋਈਆਂ? ਸਵਾਲ ਇਹ ਵੀ ਉੱਠਦਾ ਹੈ ਕਿ ਪੰਚੀ, ਸਰਪੰਚੀ ਧੜੇਬੰਦੀ ਅਤੇ ਧੌਂਸ ਤੋਂ ਬਿਨਾਂ ਕਿਸ ਕੰਮ ਆਉਂਦੀ ਹੈ? ਕੀ ਸਰਕਾਰਾਂ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਦਾ ਦਰਜਾ ਦਿੰਦੀਆਂ ਹਨ ,ਜਿਸ ਦੇ ਅਧਿਕਾਰ ਉਹਨਾਂ ਨੂੰ ਸੰਵਿਧਾਨ ਦੀ 73ਵੀਂ ਸੋਧ ਅਧੀਨ 1992 ਚ ਪਾਰਲੀਮੈਂਟ 'ਚ ਇੱਕ ਕਾਨੂੰਨ ਪਾਸ ਕਰਕੇ ਮਿਲੇ ਸਨ?

ਬਾਵਜੂਦ ਇਹਨਾਂ ਉੱਠਦੇ ਸਵਾਲਾਂ ਦੇ ਵਿਚਕਾਰ ਪਿੰਡਾਂ ਦੇ ਲੋਕਾਂ ਦੀ ਉਡੀਕ ਮੁੱਕੀ ਹੈ। ਪੰਜਾਬ 'ਚ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀਆਂ 13241 ਪੰਚਾਇਤਾਂ ਦੀ ਚੋਣ ਪਿੰਡਾਂ ਦੇ ਲੋਕ ਕਰਨਗੇ। ਸਰਪੰਚਾਂ, ਪੰਚਾਂ ਨੂੰ ਚੋਣ ਨਿਸ਼ਾਨ ਅਲਾਟ ਹੋ ਗਏ ਹਨ। ਧੜਿਆਂ,ਗਰੁੱਪਾਂ 'ਚ ਵੰਡੇ ਸਰਪੰਚਾਂ ਪੰਚਾਂ 'ਚ ਖਲਬਲੀ ਮਚੀ ਹੋਈ ਹੈ। ਆਪਸੀ ਸ਼ੰਕਾ, ਨਫ਼ਰਤੀ ਵਰਤਾਰਾ ਇਸ ਵੇਲੇ ਸਿਖਰਾਂ 'ਤੇ ਪਿੰਡਾਂ 'ਚ ਵੇਖਣ ਨੂੰ ਮਿਲ ਰਿਹਾ ਹੈ। ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਵਾਂਗਰ ਸਿਆਸੀ ਧੜਿਆਂ, ਗਰੁੱਪਾਂ ਵੱਲੋਂ ਲੋਕਾਂ ਨੂੰ ਲੁਭਾਉਣ, ਡਰਾਉਣ, ਧਮਕਾਉਣ ਦੇ ਯਤਨ ਆਰੰਭ ਹੋ ਗਏ ਹਨ। ਕੁਝ ਥਾਵਾਂ ਉੱਤੇ ਪੈਸਿਆਂ ਦੇ ਜ਼ੋਰ ਨਾ਼ਲ ਸਰਪੰਚੀ ਬੋਲੀ ਲਾ ਕੇ ਖਰੀਦਣ ਦੀਆਂ ਖਬਰਾਂ ਹਨ।ਪਰ ਕੁਝ ਥਾਵਾਂ ਉੱਤੇ ਸਰਬ-ਸੰਮਤੀ ਨਾ਼ਲ ਚੰਗੇ ਪਿਛੋਕੜ ਵਾਲੇ ਪਿੰਡ ਹਿਤੈਸ਼ੀ ਲੋਕ ਅੱਗੇ ਆ ਰਹੇ ਹਨ।

ਇਹ ਮੰਨਦਿਆਂ ਕਿ ਉਹਨਾਂ ਦਾ ਅਧਾਰ ਪਿੰਡਾਂ 'ਚ ਹੈ, ਸਿਆਸੀ ਪਾਰਟੀਆਂ ਦੇ ਆਗੂ ਸਿੱਧੇ,ਅਸਿੱਧੇ ਤੌਰ ਤੇ ਸਰਗਰਮ ਹਨ ਅਤੇ ਆਪਣੇ ਹਮਾਇਤੀਆਂ ਨੂੰ ਸਰਪੰਚੀ, ਪੰਚੀ ਦੀਆਂ ਚੋਣਾਂ ਲੜਾ ਰਹੇ ਹਨ। ਭਾਵੇਂ ਕਿ ਇੱਕ ਕਾਨੂੰਨ ਪਾਸ ਕਰਕੇ ਮੌਜੂਦਾ ਸਰਕਾਰਨੇ ਪੰਚਾਇਤੀ ਚੋਣਾਂ ਸਿਆਸੀ ਚੋਣ ਨਿਸ਼ਾਨ 'ਤੇ ਨਾ ਲੜਨ ਦਾ ਕਾਨੂੰਨ ਪਾਸ ਕੀਤਾ ਹੈ, ਪਰ ਇਹ ਖੁੱਲ੍ਹ ਦਿੱਤੀ ਹੈ ਕਿ ਉਮੀਦਵਾਰ ਆਪੋ-ਆਪਣੀ ਸਿਆਸੀ ਪਾਰਟੀ ਦੇ ਨੇਤਾ ਦੀ ਫੋਟੋ ਆਪਣੀ ਚੋਣ ਸਮੱਗਰੀ ਵਿੱਚ ਪ੍ਰਕਾਸ਼ਤ ਕਰ ਸਕਦਾ ਹੈ। ਅਸਲ ਵਿੱਚ ਵਿੰਗੇ ਢੰਗ ਨਾ਼ਲ ਇਹ ਪਿੰਡ ਪੰਚਾਇਤਾਂ 'ਚ ਆਪਣਾ ਸਿਆਸੀ ਅਧਾਰ ਵਿਖਾਉਣ ਜਾਂ ਵਧਾਉਣ ਦਾ ਯਤਨ ਹੈ।

ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਮਿਲਿਆ। ਇਸ ਦਾ ਮੰਤਵ ਭਾਰਤ ਵਿੱਚ ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਵਿੱਚ ਜਾਗ੍ਰਿਤੀ ਲਿਆਉਣਾ ਸੀ। ਸਥਾਨਕ ਸ਼ਾਸਨ ਨੂੰ ਇਸੇ ਕਰਕੇ ਸੰਵਿਧਾਨਿਕ ਮਾਨਤਾ ਦਿੱਤੀ ਗਈ ਅਤੇ ਉਨਾਂ ਨੂੰ ਹੋਰ ਜਿਆਦਾ ਪ੍ਰਸ਼ਾਸਨਿਕ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਗਈ। ਇਸ ਪਿੱਛੇ ਸੋਚ ਇਹ ਸੀ ਕਿ ਭਾਰਤ ਦਾ ਲੋਕਤੰਤਰੀ ਢਾਂਚਾ ਸਥਾਈ ਬਣਿਆ ਰਹੇ। ਲੋਕਾਂ ਨੂੰ ਸਥਾਨਕ ਸਮੱਸਿਆਵਾਂ ਦੇ ਹੱਲ ਕਰਨ ਅਤੇ ਦੇਸ਼ ਦੇ ਸਮਾਜਿਕ ਤੇ ਆਰਥਿਕ ਵਿਕਾਸ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨ ਦਾ ਸਥਾਨਕ ਸ਼ਾਸਨ ਰਾਹੀਂ ਮੌਕਾ ਮਿਲੇ। ਇਹ ਸਮਝਦਿਆਂ ਕਿ ਇਹ ਪੰਚਾਇਤੀ ਜਾਂ ਸ਼ਹਿਰੀ ਸੰਸਥਾਵਾਂ ਲੋਕਾਂ ਦੇ ਬਹੁਤ ਨੇੜੇ ਹੁੰਦੀਆਂ ਹਨ,ਇਹਨਾਂ ਨੂੰ ਸਥਾਨਕ ਲੋੜਾਂ ਨਾ਼ਲ ਅਤੇ ਵਿਕਾਸ ਕਾਰਜਾਂ ਨਾਲ ਜੋੜਿਆ ਜਾਵੇ। ਭਾਵੇਂ ਕਿ ਇਹ ਮੰਨਿਆ ਗਿਆ ਕਿ ਇਹ ਸੰਸਥਾਵਾਂ ਕਾਨੂੰਨ ਘਾੜਨੀ ਸੰਸਥਾਵਾਂ ਨਹੀਂ ਹਨ।

ਪੰਚਾਇਤੀ ਰਾਜ ਸੰਸਥਾਵਾਂ ਕਿਉਂਕਿ ਭਾਰਤ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਨ। ਕਿਸੇ ਸਮੇਂ ਸਥਾਨਕ ਪੰਚਾਇਤਾਂ ਕੋ਼ਲ ਕਾਨੂੰਨੀ ਅਧਿਕਾਰ ਵੀ ਸਨ। ਪਰ ਸੰਵਿਧਾਨਕ ਸੋਧ ਅਨੁਸਾਰ ਪੰਚਾਇਤੀ ਸੰਸਥਾਵਾਂ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ। ਮੁੱਢਲੀ ਇਕਾਈ ਗ੍ਰਾਮ ਸਭਾ ਮਿੱਥੀ ਗਈ।ਜਿਸ ਵਿੱਚ ਪਿੰਡ ਦੇ ਸਾਰੇ ਵੋਟਰ ਮੈਂਬਰ ਮਿੱਥੇ ਗਏ। ਇਸੇ ਗ੍ਰਾਮ ਸਭਾ ਨੇ ਗ੍ਰਾਮ ਪੰਚਾਇਤ ਦੀ ਚੋਣ ਕਰਨੀ ਹੈ। ਇਸੇ ਗ੍ਰਾਮ ਸਭਾ ਨੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ ਕਰਨੀ ਹੈ। ਗ੍ਰਾਮ ਸਭਾ ਨੂੰ ਪੰਚਾਇਤ ਖੇਤਰ ਦੇ ਵਿਕਾਸ ਲਈ ਸਲਾਨਾ ਯੋਜਨਾਵਾਂ ਬਣਾਉਣ,ਬਜਟ ਤਿਆਰ ਕਰਨ, ਜਨਤਕ ਜਾਇਦਾਦਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਅਤੇ ਸਮਾਜ ਦੇ ਸਾਰੇ ਤਬਕਿਆਂ ਵਿੱਚ ਏਕਤਾ ਅਤੇ ਸਦਭਾਵਨਾ ਨੂੰ ਬੜਾਵਾ ਦੇਣਾ ਮਿਥਿਆ ਗਿਆ। ਗ੍ਰਾਮ ਸਭਾ ਦੀਆਂ ਹਾੜੀ ਤੇ ਸਾਉਣੀ ਦੋ ਸਭਾਵਾਂ ਮਿੱਥੀਆਂ ਗਈਆਂ। ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਦੇ ਮੁੱਖ ਕੰਮ ਤੋਂ ਬਿਨਾਂ ਕੁਝ ਦੀਵਾਨੀ, ਮਾਲੀਆ ਅਤੇ ਨਿਆਂਇਕ ਅਧਿਕਾਰ ਵੀ ਮਿਲੇ। ਬਲਾਕ ਸੰਮਤੀਆਂ ਬਲਾਕ ਲਈ ਅਤੇ ਜ਼ਿਲ੍ਹਾ ਪਰਿਸ਼ਦਾਂ ਜ਼ਿਲ੍ਹੇ ਦੇ ਵਿਕਾਸ ਲਈ ਜ਼ਿੰਮੇਵਾਰ ਮਿੱਥੀਆਂ ਗਈਆਂ।




ਪਰ ਅਫ਼ਸੋਸ ਦੀ ਗੱਲ ਹੈ ਕਿ ਪੰਚਾਇਤਾਂ ਨੂੰ ਮਿਲੇ ਹੱਕ, ਸਿਆਸਤਦਾਨਾਂ, ਹਾਕਮਾਂ ਨੇ ਤਹਿਸ-ਨਹਿਸ ਕਰ ਦਿੱਤੇ। 73ਵੀਂ ਸੰਵਿਧਾਨਿਕ ਸੋਧ ਦੀਆਂ ਧੱਜੀਆਂ ਉਡਾਉਂਦਿਆਂ ਮੌਜੂਦਾ ਸਰਕਾਰ ਨੇ ਪਹਿਲਾ ਪੰਜ ਸਾਲ ਦੀ ਮਿਆਦ ਤੋਂ ਪਹਿਲਾਂ ਹੀ ਪੰਚਾਇਤਾਂ ਭੰਗ ਕਰ ਦਿੱਤੀਆਂ ਅਤੇ ਬਾਅਦ 'ਚ ਜਦ ਦਸੰਬਰ 23 ਜਾਂ ਜਨਵਰੀ 2024 'ਚ ਪੰਜ ਸਾਲਾਂ ਮਿਆਦ ਖਤਮ ਹੋਣ ਤੋਂ ਲਗਭਗ 10 ਮਹੀਨੇ ਬਾਅਦ ਮਸਾਂ ਚੋਣਾਂ ਕਰਵਾਈਆਂ। ਕੀ ਇਹ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨਾ਼ਲ ਮਜ਼ਾਕ ਨਹੀਂ ਸੀ?

ਇਹੋ-ਜਿਹੀ ਕਾਰਵਾਈ ਸਿਰਫ਼ ਮੌਜੂਦਾ ਸਰਕਾਰ ਨੇ ਹੀ ਨਹੀਂ ਕੀਤੀ, ਸਗੋਂ ਅਕਾਲੀ,ਕਾਂਗਰਸ ਸਰਕਾਰਾਂ ਵੱਲੋਂ ਵੀ ਪੰਚਾਇਤੀ ਚੋਣਾਂ ਨੂੰ ਲੈ ਕੇ ਲਾਪਰਵਾਹੀ, ਬੇਪਰਵਾਹੀ ਵਰਤੀ ਜਾਂਦੀ ਰਹੀ ਅਤੇ ਪੰਚਾਇਤਾਂ ਦੇ ਅਧਿਕਾਰ ਅਫ਼ਸਰਸ਼ਾਹੀ, ਬਾਬੂਸ਼ਾਹੀ ਰਾਹੀਂ ਹਥਿਆਏ ਜਾਂਦੇ ਰਹੇ।

ਇਹ ਰੁਝਾਨ ਹੁਣ ਵੀ ਲਗਾਤਾਰ ਵਧਿਆ ਹੈ। ਪਿਛਲੇ 10 ਮਹੀਨੇ ਪੰਚਾਇਤਾਂ ਦੇ ਪ੍ਰਬੰਧਕ ਲਗਾ ਕੇ ਸਥਾਨਕ ਸਰਕਾਰਾਂ ਦਾ ਸਾਰਾ ਕੰਮ-ਕਾਜ ਠੱਪ ਕਰ ਦਿੱਤਾ ਗਿਆ। ਵਿਕਾਸ ਕਾਰਜ ਰੁੱਕ ਗਏ, ਲੋਕ ਆਪਣੇ ਲਈ ਮਿਲੇ ਛੋਟੇ-ਮੋਟੇ ਹੱਕਾਂ ਤੋਂ ਵੀ ਵਿਰਵੇ ਹੋ ਗਏ, ਕਿਉਂਕਿ ਪੰਚਾਇਤ ਪ੍ਰਬੰਧਕਾਂ ਵੱਲੋਂ ਉਹਨਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭਿਆ ਗਿਆ। ਇਹਨਾਂ ਦਸ ਮਹੀਨਿਆਂ 'ਚ ਪਿੰਡਾਂ 'ਚ ਸਫ਼ਾਈ ਦਾ ਕੰਮ ਠੱਪ ਹੋਇਆ,ਪਿੰਡਾਂ 'ਚ ਕੰਮ ਕਰਦੇ ਪਾਰਟ ਟਾਈਮ ਸਫ਼ਾਈ ਕਾਮਿਆਂ ਨੂੰ ਤਨਖਾਹਾਂ ਨਾ ਮਿਲੀਆਂ, ਮਗਨਰੇਗਾ ਦੇ ਕਾਮੇ, ਕੰਮ ਤੋਂ ਵਾਂਝੇ ਹੋ ਗਏ।

ਉਪਰੋਂ ਹੁਣ ਜਦੋਂ ਪੰਚਾਇਤੀ ਚੋਣਾਂ ਕਦੋਂ ਹੋਣਗੀਆਂ, ਬਾਰੇ ਅਨਿਸ਼ਚਿਤਤਾ ਬਣੀ ਹੋਈ ਸੀ, ਇੱਕ ਸਸਪੈਂਸ ਬਣਿਆ ਹੋਇਆ ਸੀ, ਅਚਾਨਕ ਚੋਣਾਂ ਦਾ ਐਲਾਨ "ਝੋਨੇ ਦੇ ਸੀਜਨ" 'ਚ ਕਰ ਦਿੱਤਾ ਗਿਆ। ਪਿੰਡਾਂ ਚ ਜਿਵੇਂ ਤਹਿਲਕਾ ਮਚ ਗਿਆ।

ਕਾਗਜ਼ ਭਰਨ ਲਈ ਪੰਚੀ, ਸਰਪੰਚੀ ਉਮੀਦਵਾਰ ਸ਼ਹਿਰਾਂ ਵੱਲ ਦੌੜੇ। ਕੋਈ ਇਤਰਾਜ਼ ਨਹੀਂ ਸਰਟੀਫ਼ਿਕੇਟ, ਚੁੱਲ੍ਹਾ ਟੈਕਸ, ਬੈਂਕਾਂ ਦੇ ਬੈਲੈਂਸ, ਹਲਫੀਆ ਬਿਆਨ ਦੇਣ-ਲੈਣ ਦੀ ਹੋੜ ਲੱਗ ਗਈ। ਇੰਨੇ ਗੁੰਝਲਦਾਰ ਢੰਗ-ਤਰੀਕੇ ਨੇ ਪੇਂਡੂਆਂ ਨੂੰ ਪਰੇਸ਼ਾਨ ਕਰ ਦਿੱਤਾ। ਕਚਹਿਰੀਆਂ 'ਚ ਭੀੜਾਂ ਲੱਗੀਆਂ। ਲੋੜੋਂ ਵੱਧ ਐਫ-ਿਡੇਵਿਟ ਬਣਾਉਣ, ਅਟੈਸਟ ਕਰਾਉਣ 'ਤੇ ਮੂੰਹੋਂ ਮੰਗੀਆਂ ਫੀਸਾਂ ਲੱਗੀਆਂ। ਉਮੀਦਵਾਰਾਂ ਦੇ ਪੂਰੇ ਪੰਜਾਬ ਵਿੱਚ ਕਰੋੜਾਂ ਰੁਪਏ ਇਹਨਾਂ ਕਾਗਜ਼ਾਂ ਨੂੰ ਤਿਆਰ ਕਰਨ ਅਤੇ ਭਰਨ ਉੱਤੇ ਲੱਗੇ।

ਭਲਾ ਦੱਸੋ, ਕੋਈ ਸਧਾਰਨ ਬੰਦਾ,ਜਿਹੜਾ ਪੰਚੀ ਦੀ ਲੋੜ ਦੀ ਚੋਣ ਲੜਨ ਦਾ ਚਾਹਵਾਨ ਸੀ, ਇਸ ਖਰਚ ਦੀ ਝਾਲ ਝੱਲ ਸਕਿਆ ਹੋਏਗਾ? ਵੋਟਰ ਲਿਸਟਾਂ ਦੇ ਪੈਸੇ, ਟਾਈਪਿੰਗ ਦੇ ਪੈਸੇ ਅਤੇ ਆਉਣ-ਜਾਣ ਦੇ ਖਰਚੇ।

ਕਦੇ ਸਮਾਂ ਸੀ ਪੰਚਾਇਤਾਂ ਦੀਆਂ ਵੋਟਾਂ ਲਈ ਪੋਲਿੰਗ ਪਾਰਟੀਆਂ ਇੱਕ ਦਿਨ ਪਹਿਲਾਂ ਆਉਂਦੀਆਂ, ਕਾਗਜ਼ ਭਰੇ ਜਾਂਦੇ,ਕਾਗਜ਼ਾਂ ਦੀ ਪੜਤਾਲ ਹੁੰਦੀ, ਚੋਣ ਨਿਸ਼ਾਨ ਅਲਾਟ ਹੁੰਦੇ ਤੇ ਫਿਰ ਦੂਜੇ ਦਿਨ ਚੋਣ ਹੁੰਦੀ। ਜਿਸ ਵੀ ਬੰਦੇ ਨੇ ਕਾਗਜ਼ ਭਰਨੇ ਹੁੰਦੇ, ਤਜ਼ਵੀਜ਼ ਅਤੇ ਤਾਈਦ ਕਰਨ ਵਾਲੇ ਦੀ ਉਸਨੂੰ ਲੋੜ ਹੁੰਦੀ ਤੇ ਚੋਣ ਲੜੀ ਜਾਂਦੀ। ਪਰ ਇਹ ਖਰਚੀਲਾ ਢਾਂਚਾ ਕਿਸ ਲੋਕਤੰਤਰ ਦੀ ਗੱਲ ਕਰਦਾ ਹੈ? ਚੋਣਾਂ ਦੀ ਨਾਮਜ਼ਦਗੀ ਦੇ ਅੰਤਿਮ ਦਿਨ 4 ਅਕਤੂਬਰ 2024 ਨੂੰ ਚੋਣ ਲੜਨ ਵਾਲਿਆਂ ਦੀ ਭੀੜ ਆਪਣੇ ਸਮਰਥਨਾਂ ਸਮੇਤ ਸ਼ਹਿਰਾਂ 'ਚ ਅਫ਼ਸਰਾਂ ਦੇ ਦਫ਼ਤਰੀ ਢੁਕੀ ਵੇਖੀ।

ਬਿਨਾਂ ਸ਼ੱਕ ਪੰਚੀ ਸਰਪੰਚੀ ਦੀਆਂ ਇਹਨਾਂ ਚੋਣਾਂ 'ਚ ਪੋਲਿੰਗ ਵੱਧ ਤੋਂ ਵੱਧ ਹੋਏਗੀ। ਵੋਟਰ ਸਪੋਰਟਰ ਇਕੱਠੇ ਹੋਣਗੇ। ਧੜੇਬੰਦੀ ਵਧੇਗੀ। ਵੈਰ ਵਧੇਗਾ। ਇੱਕ ਦੂਜੇ ਪ੍ਰਤੀ ਮਨ-ਮੁਟਾਅ ਹੋਏਗਾ। ਚੋਣਾਂ 'ਚ ਝਗੜੇ ਵੀ ਹੋਣਗੇ, ਜਿਵੇਂ ਨਾਮਜ਼ਦਗੀ ਭਰਨ ਵੇਲੇ ਹੋਏ ਸਨ। ਪਰ ਕੀ ਇਹ ਚੋਣਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਗੀਆਂ? ਕੀ ਲੋਕ ਇਹ ਜਾਣ ਸਕਣਗੇ ਕਿ ਉਹਨਾਂ ਵੱਲੋਂ ਚੁਣੀ ਪੰਚਾਇਤ ਆਖਰ ਕਰਦੀ ਕੀ ਹੈ? ਕਿ ਉਹਨਾਂ ਵੱਲੋਂ ਚੁਣੀ ਪੰਚਾਇਤ ਨੂੰ ਨੇਤਾ ਲੋਕ ਕਿਸੇ ਬਾਗ਼ ਦੀ ਮੂਲੀ ਸਮਝਦੇ ਵੀ ਹਨ?

ਪਿੰਡ ਦੀ ਤਾਮੀਰ ਤੇ ਤਾਸੀਰ ਸਦਾ ਮਿੱਠੀ ਰਹੀ ਹੈ। ਆਪਸੀ ਭਾਈਚਾਰਾ ਡੂੰਘਾ ਰਿਹਾ ਹੈ। ਸੱਥਾਂ 'ਚ ਪੰਚਾਇਤਾਂ ਉਹ ਫ਼ੈਸਲੇ ਨਿਬੇੜਦੀਆਂ ਰਹੀਆਂ ਹਨ, ਜਿਹੜੇ ਅਦਾਲਤਾਂ 'ਚ ਹੱਲ ਨਹੀਂ ਸਨ ਹੁੰਦੇ। ਪੰਚਾਇਤਾਂ ਆਮ ਲੋਕਾਂ ਦੇ ਭਲੇ ਲਈ ਪਾਬੰਦ ਸਨ। ਉਹ ਵਿਰਵੇ ਜਾਂ ਥੋੜ੍ਹੇ ਸਾਧਨਾਂ ਵਾਲੇ ਲੋਕਾਂ ਦੇ ਹੱਕ 'ਚ ਖੜਨ ਵਾਲੀਆਂ ਰਹਿੰਦੀਆਂ ਸਨ। ਪਰ ਕੀ ਹੁਣ ਇਹ ਪੰਚਾਇਤਾਂ ਉਹ ਪੰਚਾਇਤਾਂ ਰਹੀਆਂ ਹਨ ਜਾਂ ਨੇਤਾਵਾਂ ਦੀ ਭੇਟ ਚੜ੍ਹ ਗਈਆਂ ਹਨ?

ਪਿੰਡਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਗ੍ਰਾਂਟਾਂ ਦੀ ਕਾਣੀ ਵੰਡ ਅਤੇ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਆਪਣੇ ਖ਼ਾਸ ਕਾਰਕੁੰਨਾਂ ਰਾਹੀਂ ਚੁਣੀਆਂ ਪੰਚਾਇਤਾਂ ਦੇ ਕੰਮਾਂ 'ਚ ਦਖਲ ਨੇ, ਚੰਗੇ ਪੰਚਾਇਤੀ ਪ੍ਰਬੰਧਨ ਦਾ ਲੱਕ ਤੋੜ ਦਿੱਤਾ। ਪਿੰਡ ਦੇ ਲੋਕਾਂ ਨੂੰ ਥਾਣੇ- ਕਚਹਿਰੀਆਂ ਦੇ ਚੱਕਰ 'ਚ ਪਾ ਕੇ ਪਿੰਡਾਂ ਦਾ ਭਾਈਚਾਰਾ ਨਸ਼ਟ ਕਰਨ ਦਾ ਯਤਨ ਵੀ ਸਿਆਸੀ ਲੋਕਾਂ ਦਾ ਆਪਣੇ ਹਿੱਤ ਪੂਰਨ ਲਈ ਵੱਡਾ ਕਾਰਾ ਹੈ।

ਅੱਜ ਵੀ ਕਈ ਵੱਡੇ ਮੋਹਤਬਰਾਂ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜਮੀਨਾਂ ਤੇ ਨਜਾਇਜ਼ ਕਬਜ਼ੇ ਹਨ। ਅੱਜ ਵੀ ਪਿੰਡ ਪੰਚਾਇਤਾਂ ਦੀ ਵਾਹੀ ਯੋਗ ਜ਼ਮੀਨ ਮਾਲੀਏ ਉੱਤੇ ਦਿੱਤੀ ਜਾਂਦੀ ਹੈ ਤਾਂ ਤਕੜਿਆਂ ਦਾ ਸੱਤੀ ਵੀਹੀਂ ਸੌ ਰਹਿੰਦਾ ਹੈ, ਜੋ ਤਕੜੀ ਬੋਲੀ ਲਾ ਕੇ ਵਰ੍ਹਿਆਂ ਤੋਂ ਜ਼ਮੀਨ ਹਥਿਆਈ ਬੈਠੇ ਹਨ। ਪਿੰਡਾਂ ਦੇ ਉਹਨਾਂ ਸਰਪੰਚਾਂ ਦੀ ਸਰਕਾਰੇ ਦਰਬਾਰੇ ਕਦਰ ਨਹੀਂ ਰਹਿੰਦੀ, ਜਦੋਂ ਉਹਨਾਂ ਨੂੰ ਬਲਾਕ ਵਿਕਾਸ ਦਫ਼ਤਰਾਂ ਦੇ ਚੱਕਰ ਆਪਣੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਲਈ ਪੰਚਾਇਤ ਸਕੱਤਰਾਂ ਕੋ਼ਲ ਲਾਉਣੇ ਪੈਂਦੇ ਹਨ, ਜਿਹੜੇ ਬਹੁਤੀ ਵੇਰ ਸਰਪੰਚਾਂ ਦੀ ਪਰਵਾਹ ਨਹੀਂ ਕਰਦੇ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਰਪੰਚਾਂ ਜਾਂ ਪੰਚਾਇਤਾਂ ਨੂੰ ਆਪਣੇ ਪਿੰਡ ਦੀ ਆਮਦਨ ਆਪ ਖਰਚਣ ਦਾ ਅਧਿਕਾਰ ਨਹੀਂ, ਉਹ ਵੀ ਸਕੱਤਰ, ਬਲਾਕ ਪੰਚਾਇਤ ਅਫ਼ਸਰਾਂ ਦੀ ਮਨਜ਼ੂਰੀ ਅਤੇ ਦਸਤਖਤਾਂ ਬਿਨਾਂ ਖਰਚੀ ਨਹੀਂ ਜਾ ਸਕਦੀ, ਤਾਂ ਫਿਰ ਇਹੋ-ਜਿਹੀਆਂ ਪੰਚਾਇਤਾਂ, ਜਿਨ੍ਹਾਂ ਨੂੰ ਭਾਰਤੀ ਲੋਕਤੰਤਰ ਦਾ ਅਸੀਂ ਥੰਮ੍ਹ ਗਰਦਾਨਦੇ ਹਾਂ, ਉੱਪਰ ਉਸ ਦੀ ਅਸਲ ਸਥਿਤੀ ਵੇਖ ਕੇ ਕਈ ਸਵਾਲ ਜਾਂ ਸ਼ੰਕੇ ਤਾਂ ਖੜੇ ਹੋਣਗੇ ਹੀ।

ਪਿਛਲੇ ਦਿਨੀਂ ਪਿੰਡਾਂ ਦੇ ਲੋਕਾਂ ਨੂੰ ਪੰਚਾਇਤਾਂ ਦੇ ਹੱਕਾਂ, ਗ੍ਰਾਮ ਸਭਾ ਆਦਿ ਬਾਰੇ ਜਾਗਰੂਕ ਕਰਨ ਦਾ ਇੱਕ "ਪੰਜਾਬ ਬਚਾਓ ਕਾਫ਼ਲਾ" ਪਿੰਡਾਂ 'ਚ ਘੁੰਮ ਰਿਹਾ ਹੈ। ਉਸ ਵੱਲੋਂ ਅਸਲ ਵਿੱਚ ਸਰਬ-ਸੰਮਤ ਪੰਚਾਇਤਾਂ ਦੀ ਚੋਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਮੌਜੂਦਾ ਸਰਕਾਰ ਵੀ ਸਰਬ- ਸੰਮਤੀ ਦੀ ਗੱਲ ਕਰਦੀ ਹੈ। ਪਰ ਵੇਖਣਾ ਇਹ ਹੋਵੇਗਾ ਕਿ ਅਸੀਂ ਪਿੰਡ ਦੀ ਰੂਹ "ਭਾਈਚਾਰੇ" ਤੋਂ ਬੇਮੁਖ ਤਾਂ ਨਹੀਂ ਹੋ ਗਏ? ਕੀ ਅਸੀਂ ਆਪਣੇ ਪਿੰਡ ਨਾਲ ਗ਼ੱਦਾਰੀ ਤਾਂ ਨਹੀਂ ਕਰ ਰਹੇ?

ਉਂਵ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ, ਬਾਵਜੂਦ ਉੱਠ ਰਹੇ ਵੱਡੇ ਸਵਾਲਾਂ ਦੇ ਪਿੰਡ ਅੱਜ ਵੀ ਜਿਊਂਦਾ ਹੈ ਅਤੇ ਜਿਊਂਦਾ ਵੀ ਰਹੇਗਾ!

## .ਗ਼ਜ਼ਲ/ ਭਾਰਤ ਵਰਗਾ ਦੇਸ਼ ਨਾ ਕੋਈ

ਸਾਰੀ ਦੁਨੀਆ ਘੁੰਮ ਕੇ ਆਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੋਂ ਦੀ ਮਿੱਟੀ ਸਮਝਾਏ ਭਾਰਤ ਵਰਗਾ ਦੇਸ਼ ਨਾ ਕੋਈ।

ਜਨਮ-ਮਰਨ ਤੇ ਵਿਆਹ-ਸ਼ਾਦੀ ਵਿਚ ਸਭ ਧਰਮਾਂ ਦਾ ਭਾਈਚਾਰਾ,
ਤਨ-ਮਨ-ਧਨ ਤੋਂ ਸਾਥ ਨਿਭਾਏ ਭਾਰਤ ਵਰਗਾ ਦੇਸ਼ ਨਾ ਕੋਈ।

ਲਲਕ-ਪਲਕ ਤੇ ਹਾਸ ਠਿਠੋਲੀ, ਗਿੱਧੇ, ਭੰਗੜੇ ਤੇ ਕਿਲਕਾਰੀ,
ਤੁਰਲੇ ਵਾਲਾ ਹੇਕ 'ਚ ਗਾਏ ਭਾਰਤ ਵਰਗਾ ਦੇਸ਼ ਨਾ ਕੋਈ।

ਦਾਦਾ ਅਪਣੇ ਜੰਨਤ ਵਰਗੇ ਪੋਤੇ ਨੂੰ ਜਦ ਲਾਡ-ਲਿਡਾਏ,
ਕੁਤਕਕਤਾਰੀ ਨਾਲ ਹਸਾਏ ਭਾਰਤ ਵਰਗਾ ਦੇਸ਼ ਨਾ ਕੋਈ।

ਰਿਸ਼ੀਆਂ-ਮੁੰਨੀਆਂ, ਗੁਰੂਆਂ ਸੰਤਾਂ ਕਰਕੇ ਆਤਮ ਚਿੰਤਨ ਸਿਰਜਨ,
ਵੇਦ-ਗ੍ਰੰਥ ਉਪਨਿਸ਼ਦ ਬਣਾਏ ਭਾਰਤ ਵਰਗਾ ਦੇਸ਼ ਨਾ ਕੋਈ।

ਲੱਖਾਂ ਹੀ ਕੁਰਬਾਨੀਆਂ ਕਰਕੇ ਫਿਰ ਇਤਿਹਾਸ ਅਨੋਖਾ ਰਚ ਕੇ,
ਆਜ਼ਾਦੀ ਸਿਰ ਮੁਕਣ ਸਜਾਏ ਭਾਰਤ ਵਰਗਾ ਦੇਸ਼ ਨਾ ਕੋਈ।

ਪਰਬਤ-ਦਰਿਆ, ਜੰਗਲ, ਗੁਲਸ਼ਨ ਤੱਤੇ-ਠੰਡੇ ਚਸ਼ਮੇ ਲੈ ਕੇ,
ਕੁਦਰਤ ਸੌ-ਸੌ ਕਸਮਾਂ ਖਾਏ ਭਾਰਤ ਵਰਗਾ ਦੇਸ਼ ਨਾ ਕੋਈ।

ਧਰਮਾਂ ਵਾਲੀ ਰੀਤੀ-ਨੀਤੀ ਲੈ ਕੇ ਅਪਣੀ ਸ਼ਕਤੀ ਅੰਦਰ,
ਸਰਵ ਉਚ ਤਿਰੰਗਾ ਲਹਿਰਾਏ ਭਾਰਤ ਵਰਗਾ ਦੇਸ਼ ਨਾ ਕੋਈ।

ਮਹਿਮਾਨ ਨਿਵਾਜ਼ੀ ਵਾਲੇ ਸਿਜ਼ਦੇ ਇਕ ਸਾਮਾਜਿਕ ਜੀਵਨ ਸ਼ੈਲੀ,
ਸਾਂਝਾ ਪ੍ਰੀਤਾਂ ਦੇ ਹਮਸਾਏ ਭਾਰਤ ਵਰਗਾ ਦੇਸ਼ ਨਾ ਕੋਈ।

ਕ੍ਰਿਸ਼ਨ-ਸੁਦਾਮਾਂ, ਰਾਮ-ਭਰਤ ਤੇ ਭਾਈ ਲਾਲੋ, ਬੰਦੀ ਰਾਜੇ,
ਸਿਰਜਨ ਨਿਰਧਨ ਨੂੰ ਗਲ ਲਾਏ ਭਾਰਤ ਵਰਗਾ ਦੇਸ਼ ਨਾ ਕੋਈ।

ਏਥੇ ਹਰ ਇਕ ਰਿਸ਼ਤੇ ਦਾ ਨਾਂ ਪਹਿਚਾਣ ਪਰੀਚਿਤ ਕਰਦਾ ਹੈ,
ਚਾਚੇ ਮਾਮੇ ਫੁੱਫੜ ਤਾਏ ਭਾਰਤ ਵਰਗਾ ਦੇਸ਼ ਨਾ ਕੋਈ।

ਮਾਨਵਤਾ ਦੀ ਅਰਚਨ ਪੂਜਾ ਏਕੇ ਵਾਲਾ ਸੂਰਜ ਲੈ ਕੇ,
ਤੜਕ ਸਵੇਰੇ ਦਰ ਤੇ ਆਏ ਭਾਰਤ ਵਰਗਾ ਦੇਸ਼ ਨਾ ਕੋਈ।

ਉਨਤੀ ਸਰਵ ਵਿਆਪਕ ਹੋਕੇ ਖੋਜਾਂ ਵਿੱਚ ਬੁਲੰਦੀ ਪਾਏ,
ਚੰਦਰਮਾ ਤੇ ਪੈਰ ਜਮਾਏ ਭਾਰਤ ਵਰਗਾ ਦੇਸ਼ ਨਾ ਕੋਈ।

ਸ਼ੁੱਭ ਅਸ਼ੀਸ਼ਾਂ, ਸ਼ੁਭ ਕਰਮਨ, ਸ਼ੁਭ ਅਰਪਨ, ਸ਼ੁਭ ਇੱਛਾਵਾਂ ਪੂਰਨ,
'ਜਨ-ਗਣ-ਮਨ', ਜਨ-ਜਨ ਹੈ ਗਾਏ ਭਾਰਤ ਵਰਗਾ ਦੇਸ਼ ਨਾ ਕੋਈ।

ਏਥੋਂ ਦਾ ਹਰ ਨਵਯੁਗ ਪ੍ਰਾਣੀ ਅਪਣਾ ਨਿੱਜ ਸਵਾਰਥ ਛੱਡ ਕੇ,
ਜੇ ਉਨਤੀ ਦੇ ਰਾਹ ਬਣਾਏ ਭਾਰਤ ਵਰਗਾ ਦੇਸ਼ ਨਾ ਕੋਈ।

ਰਿਸ਼ਵਤ ਖੋਰੀ, ਬੇਈਮਾਨੀ, ਧੋਖਾ, ਠੱਗੀ ਜੇ ਮੁਕ ਜਾਏ,
ਜੰਨਤ ਦੇ ਮੂੰਹੋਂ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।

ਕਾਸ਼ਾਂ ਕਿ ਫ਼ਿਰ ਸੋਨੇ ਦੀ ਚਿੜੀਆ ਵਿਸ਼ਵ ਵਿਆਪੀ ਹੋ ਕੇ ਉਡੇ,
ਵਿੱਚ ਵਿਦੇਸ਼ਾਂ ਵੀ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।

ਬਾਲਮ ਅਗਰ ਸਿਆਸਤ ਸਾਰੀ ਸੱਚੀ-ਸੁੱਚੀ ਨਿੱਤਰ ਆਏ,
ਕਣ-ਕਣ ਦੇ ਮੂੰਹੋਂ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।

ਬਲਵਿੰਦਰ ਬਾਲਮ ਗੁਰਦਾਸਪੁਰ 91-98156-25409

# ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24 ਵਾਂ ਸਲਾਨਾਂ ਮੇਲਾ ਫਾਊਲਰ ਵਿਖੇ 12 ਅਕਤੂਬਰ ਨੂੰ ਹੋਵੇਗਾ

**ਫਰਿਜਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਗਾਇਕੀ ਦੇ ਬਾਬਾ ਬੋਹੜ ਤੂੰਬੀ ਦੇ ਬਾਦਸ਼ਾਹ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24 ਵੇ ਸਲਾਨਾਂ ਮੇਲੇ



ਦੀਆਂ ਤਿਆਰੀਆਂ ਸੰਬੰਧੀ 'ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਉਡੇਸ਼ਨ' ਦੇ ਸਮੂੰਹ ਮੈਂਬਰਾਂ ਵੱਲੋਂ ਫਰਿਜ਼ਨੋ ਵਿਖੇ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਇਹ ਦੱਸਿਆ ਗਿਆ ਕਿ ਇਹ ਸਾਲ ਮੇਲਾ 12 ਅਕਤੂਬਰ 2024, ਦਿਨ ਸ਼ਨੀਵਾਰ ਨੂੰ ਹੋਣ ਵਾਲੇ ਮੇਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਮੇਲੇ ਵਿੱਚ ਹਰ ਸਾਲ ਦੀ ਤਰਾਂ ਸਥਾਨਿਕ ਕਲਾਕਾਰਾਂ ਤੋਂ ਇਲਾਵਾ ਕਨੇਡਾ ਅਤੇ ਭਾਰਤ ਤੋਂ ਹੋਰ ਬਹੁਤ ਸਾਰੇ ਸਾਰੇ ਕਲਾਕਾਰ ਵੀ ਹਾਜ਼ਰੀ ਭਰਨਗੇ। ਇਸ ਸਮੇਂ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ (ਰਾਜ ਬਰਾੜ ਯਮਲਾ) ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਾਲ ਖਾਸ ਤੌਰ 'ਤੇ ਯਮਲਾ ਜੀ ਨੂੰ ਆਪਣਾ ਅਦਰਸ਼ ਮੰਨਣ ਵਾਲੇ ਛੋਟੀ ਉਮਰ ਤੋਂ ਯਮਲੇ ਦੀ ਗਾਇਕੀ ਨਾਲ ਜੁੜੇ ਬੁਲੰਦ ਆਵਾਜ਼ ਅਤੇ ਤੂੰਬੀ ਦੀਆਂ ਸੁਰਾਂ ਨਾਲ ਯਮਲੇ ਦੇ ਗੀਤ ਗਾਉਣ ਵਾਲੇ ਗਾਇਕ ਪਵਨਜੋਤ ਯਮਲਾ ਵੀ ਇਸ ਸਾਲ ਵਿਸ਼ੇਸ਼ ਤੌਰ 'ਤੇ ਕਨੇਡਾ ਤੋਂ ਪਹੁੰਚ ਰਹੇ ਹਨ।

ਇਸੇ ਤਰ੍ਹਾਂ ਸਥਾਨਿਕ ਕਲਾਕਾਰ ਵਿੱਚ ਰਾਜ ਬਰਾੜ ਯਮਲਾ, ਅਵਤਾਰ ਸਿੰਘ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਉਂਕਾਰ ਗਿੱਲ, ਬਾਈ ਸੁਰਜੀਤ ਮਾਛੀਵਾੜਾ, ਧਰਮਵੀਰ ਥਾਂਦੀ, ਗੌਗੀ ਸੰਧੂ, ਅਕਾਸ਼ਦੀਪ ਅਕਾਸ, ਕਮਲਜੀਤ ਬੈਨੀਪਾਲ, ਗੁਰਦੀਪ ਧਾਲੀਵਾਲ, ਬਾਈ ਕੁੰਦਨ ਸਿੰਘ ਧਾਮੀ, ਬੀਬਾ ਮੀਮੀ ਗਿਰਨ ਤੋਂ ਇਲਾਵਾ ਇਲਾਕੇ ਦੀ ਮਸ਼ਹੂਰ ਦੋਗਾਣਾ ਜੋੜੀ ਵਿੱਚ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ, ਬੇ-ਏਰੀਏ ਤੋਂ ਦੋਗਾਣਾ ਜੋੜੀ ਗਾਇਕ ਸੁਲਤਾਨ ਅਖਤਰ ਅਤੇ ਬੀਬੀ ਜੀਤੀ ਗਾਇਕੀ ਦੇ ਰੰਗ ਬਿਖੇਰਨਗੇ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕਲਾਕਾਰ ਹਰ ਸਾਲ ਦੀ ਤਰਾਂ ਯਮਲਾ ਜੀ ਨੂੰ ਗਾਇਕੀ ਦੇ ਰੂਪ ਵਿੱਚ ਸਰਧਾਜ਼ਲੀਆਂ ਦੇਣਗੇ।

ਇਸ ਸਲਾਨਾ ਯਾਦਗਾਰੀ ਮੇਲਾ ਫਰਿਜ਼ਨੋ ਨਜ਼ਦੀਕੀ, ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਬਣੀ ਸਟੇਜ਼ ਤੋਂ ਖੱਲੇ ਦਰੱਖਤਾਂ ਦੀ ਛਾਂਵੇ ਅਖਾੜੇ ਦੇ ਰੂਪ ਵਿੱਚ ਲੱਗੇਗਾ। ਇਸ ਮੇਲੇ ਨੂੰ ਦੇਖਣ ਆਏ ਮੇਲੀਆਂ ਲਈ ਕੋਈ ਦਾਖਲਾ ਟਿਕਟ ਨਹੀਂ ਰੱਖੀ ਗਈ।

ਇਸ ਤੋਂ ਇਲਾਵਾ ਚਾਹ-ਪਾਣੀ, ਲੰਗਰਾਂ ਅਤੇ ਕਾਰ ਪਾਰਕਿੰਗ ਵੀ ਮੁਫਤ ਹੋਵੇਗੀ। ਇਸ ਮੇਲੇ ਵਿੱਚ ਸ਼ਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ।

# ਹਰਭਜਨ ਦਾਸ ਲੇਖ ਨੂੰ ਵੱਖੋ ਵੱਖ ਵਰਗਾਂ ਵਲੋਂ ਦਿੱਤੀਆਂ ਗਈਆਂ ਭਾਵ ਭਿੰਨੀਆਂ ਸ਼ਰਧਾਂਜਲੀਆਂ

## ਧਾਰਮਿਕ, ਸਮਾਜਿਕ ਅਤੇ ਸਿਆਸੀ ਸਖਸ਼ੀਅਤਾਂ ਦਾ ਉਮੜਿਆ ਜਨ-ਸਲੈਬ



**ਜਲੰਧਰ (ਪੱਤਰ ਪ੍ਰੇਰਕ)** ਸ੍ਰੀ ਹਰਭਜਨ ਦਾਸ ਲੇਖ ਜੋ ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ 25 ਸਤੰਬਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਅੱਜ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਧਾਮ ਬੂਟਾ ਮੰਡੀ (ਨਕੋਦਰ ਰੋਡ ਵਿਖੇ ਪਾਏ ਗਏ ਅਤੇ ਸ਼੍ਰੀ ਹਰਭਜਨ ਦਾਸ ਲੇਖ ਨੂੰ ਪਰਿਵਾਰਕ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਅੰਤਿਮ ਅਰਦਾਸ ਵਿਚ ਸ਼ਾਮਲ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ।ਇਸ ਮੌਕੇ ਭਾਈ ਹਰਪਾਲ ਸਿੰਘ ਵਿਰਦੀ ਜੀ ਨੇ ਵਿਰਾਗ ਮਈ ਕੀਰਤਨ ਕੀਤਾ। ਸ਼ਰਧਾਂਜਲੀ ਅਤੇ ਅੰਤਿਮ ਅਰਦਾਸ ਵਿੱਚ ਹਾਜ਼ਰ ਕਈ ਧਾਰਮਿਕ, ਰਾਜਨੀਤਕ, ਬੁੱਧੀਜੀਵੀ,ਵੱਖੋ-ਵੱਖ ਵਿਭਾਗਾਂ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਅਤੇ ਰਿਸ਼ਤੇਦਾਰ ਹਾਜ਼ਰ ਹੋਏ ਜਿਨ੍ਹਾਂ ਵਿੱਚ ਸਾਬਕਾ ਕੈਬਨਿਟ ਮੰਤਰੀ ਮਹਿੰਦਰ ਸਿੰਘ ਕੇ ਪੀ, ਪਰਮਜੀਤ ਸਿੰਘ ਰੇਰੂ, ਹਰਪ੍ਰੀਤ ਵਾਲੀਆ ( ਕਾਂਗਰਸ), ਐਡਵੋਕੇਟ ਬਲਵਿੰਦਰ (ਬੀਐਸਪੀ), ਸਵੀਟਨ ਕਲੇਰ (ਆਪ) ,ਬੀ ਕੇ ਵਿਰਦੀ ,ਬਬੀਤਾ ਕਲੇਰ, ਧਾਰਮਿਕ ਸਖਸ਼ੀਅਤ ਮਧੂ ਸਾਈਂ ਚੇਅਰਮੈਨ ਸਾਧੂ ਸਮਾਜ ਵੈਲਫੇਅਰ ਪੰਜਾਬ, ਸਾਈਂ ਜਸਵੰਤ ਜੰਡਿਆਲਾ,ਸੁਰਿੰਦਰ ਕੁਮਾਰ ਲੇਖ, ਸੁਰਿੰਦਰ ਸਰੋਏ, ਨਵੀਨ, ਤਰਲੋਕ ਸਿੰਘ ਸਰਾਭਾ,ਸੱਤਪਾਲ ਅਤੇ ਜਗਦੀਸ਼ ਕੁਮਾਰ ਲੇਖ ਜਗੀਰੀ ਲਾਲ ਲੇਖ, ਵਿਜੇ ਕੁਮਾਰ ਲੇਖ,ਮੀਨਾ ਮਾਹੀ,ਸੋਮਨਾਥ ਮਾਹੀ, ਸੁਰਜੀਤ ਕਲੇਰ, ਸੁਰਿੰਦਰ ਬੈਂਸ ਆਦਿ ਹਾਜ਼ਰ ਸਨ। ਯੂ ਕੇ ਤੋਂ ਸਿੱਧੂ ਪਰਿਵਾਰ ਨੇ ਸ਼ੋਕ ਜਿਤਾਉਂਦੇ ਹੋਏ ਕਿਹਾ ਕਿ ਸਾਡੇ ਦਾਮਾਦ ਹਰਭਜਨ ਦਾਸ ਲੇਖ ਦੇ ਸਵਰਗਵਾਸ ਹੋਣ ਨਾਲ ਸੌ ਦੁੱਖਾਂ ਵਰਗਾ ਪਹਾੜ ਡਿੱਗਣ ਕਾਰਨ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਹੈ। ਉਸ ਦਾ ਵਿਛੋੜਾ ਪਰਿਵਾਰ ਲਈ ਅਸਹਿ ਹੈ।




# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop

# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ : ਕਸ਼ਮੀਰ (ਸ਼੍ਰੀਨਗਰ)

ਛੈਲ ਬਾਂਕਾ ਹਿਰਦੇਗਾਮੀ ਅਤੇ ਲੋਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ ਕਸ਼ਮੀਰ (ਸ੍ਰੀਨਗਰ) ਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸਭਿਆਚਾਰ ਦੀ ਖ਼ੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿੱਥੇ ਖੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲ ਖਿਚਵੇਂ ਦ੍ਰਿਸ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫ਼ੋਟੋਗ੍ਰਾਫਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫ਼ੋਨ ਆਇਆ, ਕਿ ਕਸ਼ਮੀਰ ਚੱਲਨਾ ਏ' । ਮੈਂ ਝੱਟ ਦੀ ਹਾਂ ਕਰ ਦਿੱਤੀ । ਸਾਡੇ ਨਾਲ ਪ੍ਰਸਿੱਧ ਸ਼ਾਇਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ ।

ਲੰਬੇ ਸਫ਼ਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ । ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ ।

ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਰਹੀ ਸੀ ।

ਪਟਣੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ । ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲਗਦੇ ਹਨ ।

ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖ਼ਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੇਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ ।

ਜਦੋਂ ਵੀ ਕਸ਼ਮੀਰ ਜਾਓ ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ । ਡੱਲ ਝੀਲ ਦੇ ਨਾਲ ਲਗਦੀ ਸੜਕ ਦੇ ਨਾਲ-ਨਾਲ ਹੋਟਲ ਹੀ ਹੋਟਲ ਹਨ । ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌ ਸੌ ਰੁਪਏ ਵਿਚ ਮਿਲ ਗਿਆ । ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖ਼ਾਣਾ ਖ਼ਾਣ ਤੋਂ ਬਾਅਦ ਗੱਪ ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਿਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ ।


ਸਾਫ਼ੀ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ । ਇਸਦੀ ਕੁਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ । ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ । ਇਸੇ ਝੀਲ ਦੇ ਉਪਰ, ਝੀਲ ਦੇ ਨਾਲ-ਨਾਲ ਮੁਗਲ ਬਾਗ ਸ਼ੋਭਨੀਏ ਹਨ । ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ਼ । ਡੱਲ ਦੇ ਚਾਰੇ ਪਾਸੇ ਉਚੇ ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ । ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾਂ ਤਤਪਰ ਰਹਿੰਦੀ ਹੈ ।

ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ । ਸੁੰਦਰ ਦ੍ਰਿਸ਼ਾਵਾਲੀਆ ਨਾਲ ਮਾਲਾ ਮਾਲ ਕਸ਼ਮੀਰ ।

ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਝੀਲ ਦੇ ਕਿਨਾਰੇ ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ । ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ । ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ । ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ ਜਿਸ ਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਿਲ ਹੁੰਦਾ ਹੈ । ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ । ਇਥੋ ਫੋਟੋਗ੍ਰਾਫੀ ਦਾ ਆਪਣਾ ਹੀ ਮਜ਼ਾ ਲੁਤਫ਼ ਨਜ਼ਾਰਾ ਹੁੰਦਾ ਹੈ । ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ । ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ । ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ । ਸ਼ਿਕਾਰਿਆ ਵਿਚ ਹੀ ਸਾਮਾਨ ਮਿਲਦਾ ਹੈ ਜੋ





ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ । ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ । ਗੁਰਦਾਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲਗਦੀ ਹੈ । ਗੁਰਦਾਸਪੁਰ ਦੇ ਆਸ ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ । ਕਸਬਾ ਸਰਨਾ ਇਕ ਐਸਾ ਸਥਾਨ ਹੈ ਜਿੱਥੇ ਹਿਮਾਚਲ ਪ੍ਰਦੇਸ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ । ਸਰਨਾ ਤੋਂ ਹੈ ਕੇ ਹੀ ਵਾਹਨ ਜੰਮੂ-ਕਸ਼ਮੀਰ ਤੋਂ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ।

ਮਾਧੋਪੁਰ ਕਸਬੇ ਦੇ ਬਾਗ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ । ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ । ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ । ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੱਦ ਹੈ ਤੇ ਪਾਰ ਉਧਰ ਜੰਮੂ-ਕਸ਼ਮੀਰ ਦੀ ਹੱਦ ਹੈ । ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਈਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆਂ ਹੀ ਕੁਝ ਮਿੰਟਾਂ ਤੋਂ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ । ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਜਿਥੇ ਲੋਕ ਚਾਹ ਪਾਣੀ ਨਾਸ਼ਤਾ ਭੋਜਨ ਆਦਿ ਕਰ ਸਕਦੇ ਹਨ । ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ । ਖੱਟੀ ਮਿੱਠੀ ਚਟਨੀ, ਮੂਲਕੀਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚੱਟਨੀ ਮੂੰਹ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।

ਇਸ ਤੋਂ ਬਾਅਦ ਅਨੇਕਾਂ ਹੀ ਪੁੱਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ। ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ । ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਲ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ਼੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ ਉਹ ਫਿਰ ਖਾਲੀ ਨਹੀਂ ਜਾਂਦੀ ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ । ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ । ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾ ਨਾਲ ਗੱਲਾਂ ਕਰਦੀ ਜਾ

ਅਸੀਂ ਘੁੰਮਣ ਫ਼ਿਰਨ ਦਾ ਸਾਰਾ ਪ੍ਰੋਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਿਕਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।

ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ । ਅਸੀਂ ਕਸ਼ਮੀਰ ਦੇ ਪਾਸ-ਪਾਸ ਜਾ ਦੂਰ ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।

ਕਸ਼ਮੀਰ ਦੇ ਸਾਰੇ ਮੁਗਲ-ਬਾਗ, ਪਹਿਲਗਾਮ, ਪ੍ਰਸਿੱਧ ਸ਼ੰਕਰਚਾਰਿਆ ਮੰਦਿਰ, ਗੁਰਦੁਆਰੇ, ਗੁਲ ਮਰਗ, ਸੋਨ ਮਰਗ ਅਤੇ ਕਈ ਹੋਰ ਖ਼ੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ ।

ਛੈਲ ਛਬੀਲਾ ਰੰਗ ਰੰਗੀਲਾ ਅਤੇ ਸੁੰਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ! ਕਸ਼ਮੀਰ ਦੀ ਵਿਸ਼ਵ ਪ੍ਰਸਿੱਧ ਡੱਲ ਝੀਲ ਰੁਜ਼ਗਾਰਦਾਤੀ ਹੈ । ਵੈਕੁੰਨ ਦੀ ਪਰਿਭਾਸ਼ਾ, ਅਦਭੁਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖੁਸ਼ੀ ਦਾ ਖਜ਼ਾਨਾ । ਕੁਦਰਤ ਏਥੇ ਸਾਹਿਤ ਬਖ਼ਸ਼ਦੀ ਹੈ । ਸੁੰਦਰਤਾ ਦੇ ਵੱਖ-ਵੱਖ ਗਹਿਣਿਆਂ ਨਾਲ ਮਾਲਾ ਮਾਲ । ਕੁਦਰਤ ਇਥੇ ਹਜ਼ਾਰਾਂ ਦੀ ਖ਼ੂਬਸੂਰਤ ਰੰਗਾਂ ਨੂੰ ਧਰਤੀ 'ਤੇ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ, ਤਸਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ । ਕਸ਼ਮੀਰ ਦੀ ਧਰਤੀ ਅਦਭੁਤ ਕੀਮਤੀ ਫ਼ਸਲਾਂ ਦੀ ਜਨਮਦਾਤੀ ਹੈ । ਆਯੁਰਵੈਦ ਦੀ ਮੁੜ ਜੜ੍ਹ ਹੈ ਇਸ ਧਰਤੀ ਦੀ ਬਨਸਪਤੀ । ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪਾਣੀ ਮਹਿਸੂਸ ਕਰ ਸਕਦਾ ਹੈ । ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫੀਲੀ ਪਹਾੜੀਆਂ ਦੇ ਨਗਨ ਤਨ ਉਪਰ ਦਸਤਖਤ ਕਰਦੀ ਹੈ ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ ।

ਕਸ਼ਮੀਰ (ਸ੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖ਼ੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ ਜਿਥੇ ਕੁਦਰਤ ਨੇ ਹਰ ਸ਼ੈਅ ਵਿਚ ਸੁੰਦਰਤਾ ਭਰਕੇ ਪਰਮਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖ਼ੂਬਸੂਰਤੀ ਦਾ ਇਨਸਾਨੀਅਤ ਸਥਾਨ । ਕੁਦਰਤ ਆਪਣੇ ਗੁਲਫਾਮ ਅਭਿਵਾਦਨ ਵਿਚ ਜੀ ਆਇਆਂ ਕਹਿੰਦੀ ਪ੍ਰਤੀਤ ਹੁੰਦੀ ਹੈ।

ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ । ਕੁਦਰਤ ਦਾ ਅਦਭੁਤ ਰੂਪਮਾਨ ਅਨੁਪਮ ਨਜ਼ਾਰਾ। ਕੁਦਰਤ ਜਿਵੇਂ ਖ਼ੂਬਸੂਰਤ ਮਰਮਸਪਰਸ਼ੀ ਵੱਖ-ਵੱਖ ਵਿਧਾਵਾਂ ਵਿਚ ਦ੍ਰਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ।

ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲਗਦੀ ਹੈ । ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ । ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਸਾਰਾ ਪਾਣੀ ਹੀ ਜਗ-ਮਗ ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ ਜੋ ਇਸ ਦਾ ਇਕ ਹਿੱਸਾ ਬਣੀਆਂ ਹਨ ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ ।

ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ । ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ । ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ । ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ । ਇਹ ਲਗਭਗ 25 ਕਿਲੋਮੀਟਰ ਲੰਬਾ ਹੈ । ਇਸ ਝੀਲ ਵਿਚ ਵੈਜਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂਂ ਪੈਦਾ ਕੀਤੀਆਂ ਜਾਂਦੀਆਂ ਹਨ । ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟਰ ਹੋਟਲ ਸਾਫ਼ ਨਜ਼ਰ ਆਉਂਦੇ ਹਨ । ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ ਜਿਸ ਵਿਚ ਖ਼ੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪਰ ਹੀ ਜਾਇਆ ਜਾ ਸਕਦਾ ਹੈ । ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ । ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ । ਖ਼ੂਬਸੂਰਤ, ਸਾਜ ਸੱਜਾ ਲਾਲ ਸੰਵਰੇ, ਖ਼ੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ । ਇਹ ਖ਼ੂਬਸੂਰਤ ਹਾਊਸ ਬੋਟਸ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ।

ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ । ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦ੍ਰਿਸ਼ਵਾਲੀਆਂ ਦਾ ਅਦਭੁਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਜਾਵੇ ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖ਼ਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਗ, ਨਿਸ਼ਾਤ ਬਾਗ, ਸਾਲੀਮਾਰ ਬਾਗ ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜੂ ਵੈਲੀ, ਟੂਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ ।

ਇਸਦੇ ਆਸ ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ : ਹਜ਼ਰਤ ਮਸਜਿਦ, ਸ਼ੰਕਰਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਵਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂੰਮਾਨ ਮੰਦਿਰ, ਪਾਮਪਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੁਸਮਰਗ, ਤੰਗ ਮਰਗ, ਅਵਾਂਤਪੁਰ, ਨੂਨ-ਕੂਨ, ਸੋਨਾ ਮਾਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ ।

ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੁੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ । ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ । ਰਹਿਣ ਦਾ ਪੂਰਾ ਪ੍ਰਬੰਧ ਹੈ । ਲੰਗਰ ਦੀ ਵਿਵਸਥਾ ਵੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਅਨੇਕਾਂ ਹੀ 'ਨਾਗ' ਦੇ ਨਾਮ ਨਾਲ ਪ੍ਰਸਿੱਧ ਹਨ । ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ । ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ । ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀਂ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ ਜਿਸ ਦੇ

**(ਬਾਕੀ ਅਗਲੇ ਸਫੇ 'ਤੇ)**

# ਸੋਸ਼ਲ ਮੀਡੀਆ ਸਾਨੂੰ ਘੱਟ ਸੋਸ਼ਲ ਬਣਾ ਰਿਹਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜਦੋਂ ਕਿ ਸੋਸ਼ਲ ਮੀਡੀਆ ਸਾਡੇ ਸਮਾਜ ਨੂੰ ਇੱਕ ਦੂਜੇ ਨਾਲ ਅਸਲ ਵਿੱਚ ਗੱਲਬਾਤ ਕਰਨ ਦੀ ਇਜਾਜ਼ਤ ਦਿੰਦਾ ਹੈ, ਇਹ ਵਿਚਾਰ ਕਿ ਸੋਸ਼ਲ ਮੀਡੀਆ ਸਾਨੂੰ "ਸਮਾਜਿਕ" ਬਣਾਉਂਦਾ ਹੈ, ਜਿਵੇਂ ਕਿ ਇਹ ਬਿਲਕੁਲ ਉਲਟ ਹੈ। ਸਮਾਜ-ਵਿਰੋਧੀ ਲਹਿਰ ਜੋ ਇਸ ਪੀੜ੍ਹੀ ਨੂੰ ਮਾਰਦੀ ਹੈ, ਉਹ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਨ ਵਾਲੇ ਲੋਕਾਂ ਵਿੱਚ ਤਿੱਖੀ ਗਿਰਾਵਟ ਕਾਰਨ ਹੈ। ਆਭਾਸੀ ਸੰਸਾਰ ਵਿੱਚ ਸੰਚਾਰ ਕਰਨਾ ਹੌਲੀ-ਹੌਲੀ ਆਹਮੋ-ਸਾਹਮਣੇ ਗੱਲਬਾਤ ਦੀ ਥਾਂ ਲੈ ਗਿਆ। ਕਿਸੇ ਨੂੰ ਕਾਲ ਕਰਨ ਜਾਂ ਵਿਅਕਤੀਗਤ ਤੌਰ 'ਤੇ ਮਿਲਣ ਲਈ ਸਮਾਂ ਲੱਭਣ ਦੀ ਬਜਾਏ, ਕਿਸੇ ਨੂੰ ਟੈਕਸਟ ਭੇਜਣਾ ਵਧੇਰੇ ਸੁਵਿਧਾਜਨਕ ਜਾਪਦਾ ਹੈ। ਡਿਜੀਟਲ ਸੰਚਾਰ ਦੀ ਸਮੱਸਿਆ ਸਿਰਫ਼ ਸਕ੍ਰੀਨ 'ਤੇ ਭੇਜੇ ਗਏ ਸ਼ਬਦਾਂ ਨੂੰ ਪੜ੍ਹਨਾ ਨਹੀਂ ਹੈ। ਪਰਸਪਰ ਪ੍ਰਭਾਵ ਦਾ ਇੱਕ ਵੱਡਾ ਹਿੱਸਾ ਗੈਰ-ਮੌਖਿਕ ਸੁਰਾਗ ਅਤੇ ਸਰੀਰ ਦੀ ਭਾਸ਼ਾ ਵਿੱਚ ਜੋ ਨਹੀਂ ਕਿਹਾ ਗਿਆ ਹੈ ਉਸ ਤੋਂ ਆਉਂਦਾ ਹੈ। ਇਹਨਾਂ ਵਿੱਚ ਗੱਲਬਾਤ ਦੌਰਾਨ ਹੱਥਾਂ ਦੇ ਇਸ਼ਾਰੇ, ਚਿਹਰੇ ਬਣਾਏ ਜਾਂ ਮੁਦਰਾ ਸ਼ਾਮਲ ਹਨ। ਇੱਕ-ਦੂਜੇ ਨੂੰ ਦੇਖਣ ਦੇ ਯੋਗ ਹੋਣ ਤੋਂ ਬਿਨਾਂ, ਅਸੀਂ ਪੂਰੀ ਹੱਦ ਤੱਕ ਨਹੀਂ ਜਾਣਦੇ ਕਿ ਕੋਈ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਤੁਸੀਂ ਸਰੀਰ ਦੀ ਭਾਸ਼ਾ, ਟੋਨ ਅਤੇ ਗੈਰ-ਮੌਖਿਕ ਸੰਕੇਤ ਗੁਆ ਦਿੰਦੇ ਹੋ, ਤਾਂ ਗਲਤਫਹਿਮੀਆਂ ਅਤੇ ਟਕਰਾਅ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਓਵਰਟਾਈਮ, ਅਸੀਂ ਇਹਨਾਂ ਸੰਚਾਰ ਪੈਟਰਨਾਂ ਜਾਂ ਉਹਨਾਂ ਦੇ ਮੁੱਲ ਦਾ ਪਤਾ ਲਗਾਉਣ ਦੀ ਆਪਣੀ ਯੋਗਤਾ ਗੁਆ ਦਿੰਦੇ ਹਾਂ। ਇੱਕ ਪਰਸਪਰ ਪ੍ਰਭਾਵ ਦੇ ਇੱਕ ਅੰਸ਼ ਨੂੰ ਸਮਝਣ ਨਾਲ, ਸੋਸ਼ਲ ਮੀਡੀਆ ਸਾਨੂੰ ਵੱਧ ਤੋਂ ਵੱਧ ਸਮਾਜਿਕ ਬਣਾਉਂਦਾ ਹੈ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ 'ਤੇ ਅਸਲ ਅਤੇ ਪੂਰੀ ਗੱਲਬਾਤ ਦੀ ਘਾਟ ਨੇ ਇਕੱਲੇਪਣ ਨੂੰ ਕਾਫ਼ੀ ਵਧਾ ਦਿੱਤਾ ਹੈ। ਹਾਲਾਂਕਿ ਅਸੀਂ ਦਿਨ ਦੇ ਕਿਸੇ ਵੀ ਸਮੇਂ ਸੋਸ਼ਲ ਮੀਡੀਆ ਰਾਹੀਂ ਤਕਨੀਕੀ ਤੌਰ 'ਤੇ ਦੂਜਿਆਂ ਨਾਲ ਗੱਲਬਾਤ ਕਰ ਸਕਦੇ ਹਾਂ, ਇਹ ਉਸ ਭਾਵਨਾਤਮਕ ਸੰਤੁਸ਼ਟੀ ਨੂੰ ਨਹੀਂ ਬਦਲਦਾ ਹੈ ਜੋ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਦੇ ਹਨ। ਇਹ ਪਾਇਆ ਗਿਆ ਕਿ ਜੋ ਲੋਕ ਸੋਸ਼ਲ ਮੀਡੀਆ 'ਤੇ ਸਮਾਂ ਬਿਤਾਉਂਦੇ ਹਨ, ਉਹ ਆਪਣੇ ਸਾਥੀਆਂ ਤੋਂ ਸਮਾਜਿਕ ਤੌਰ 'ਤੇ ਅਲੱਗ-ਥਲੱਗ ਮਹਿਸੂਸ ਕਰਨ ਦੀ ਸੰਭਾਵਨਾ ਨੂੰ ਦੁੱਗਣਾ ਕਰਦੇ ਹਨ। ਇਹ ਅਲੱਗ-ਥਲੱਗ ਲੋਕਾਂ ਨੂੰ ਦੋਸਤ ਬਣਾਉਣ ਲਈ ਸੋਸ਼ਲ ਮੀਡੀਆ 'ਤੇ ਵਾਪਸ ਧੱਕਦਾ ਹੈ ਕਿਉਂਕਿ ਇਸ ਵਿੱਚ ਆਹਮੋ-ਸਾਹਮਣੇ ਗੱਲਬਾਤ ਦੀ ਅਣਜਾਣਤਾ ਸ਼ਾਮਲ ਨਹੀਂ ਹੁੰਦੀ ਹੈ। ਇਹ ਇਕੱਲਤਾ ਦਾ ਇੱਕ ਦੁਸ਼ਟ ਚੱਕਰ ਹੈ। ਇਕੱਲਾਪਣ ਮਾਨਸਿਕ ਤੌਰ 'ਤੇ ਨਿਕਾਸ ਕਰ ਰਿਹਾ ਹੈ, ਚਿੰਤਾ ਅਤੇ ਉਦਾਸੀ ਵਰਗੀਆਂ ਮਾਨਸਿਕ ਸਿਹਤ ਬਿਮਾਰੀਆਂ ਵਿੱਚ ਯੋਗਦਾਨ ਪਾਉਂਦਾ ਹੈ। ਪਰ, ਇਕੱਲਤਾ ਗੰਭੀਰ ਸਰੀਰਕ ਪ੍ਰਭਾਵਾਂ ਦਾ ਕਾਰਨ ਵੀ ਬਣ ਸਕਦੀ ਹੈ। ਇਨ੍ਹਾਂ ਵਿੱਚ ਦਿਲ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ ਅਤੇ ਕਮਜ਼ੋਰ ਇਮਿਊਨ ਸਿਸਟਮ ਸ਼ਾਮਲ ਹਨ। ਸੋਸ਼ਲ ਮੀਡੀਆ ਤੋਂ ਪੈਦਾ ਹੋਣ ਵਾਲੀਆਂ ਇਹ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਇਸ ਪੀੜ੍ਹੀ ਨੂੰ ਇੱਕ ਦੂਜੇ ਨਾਲ ਬਹੁਤ ਘੱਟ ਸਮਾਜਿਕ ਬਣਾਉਂਦੀਆਂ ਹਨ ਕਿਉਂਕਿ ਉਹ ਇਹਨਾਂ ਨੁਕਸਾਨਦੇਹ ਨਤੀਜਿਆਂ ਦਾ ਸਾਹਮਣਾ ਕਰਦੀਆਂ ਹਨ। ਸੋਸ਼ਲ ਮੀਡੀਆ ਇਹ ਧਾਰਨਾ ਬਣਾਉਂਦਾ ਹੈ ਕਿ ਸਾਡੇ ਕੋਲ ਇਹ ਅਰਥਪੂਰਨ ਕਨੈਕਸ਼ਨ ਹਨ ਜਦੋਂ ਸਾਨੂੰ ਸਾਡੀਆਂ ਪੋਸਟਾਂ ਨੂੰ ਪਸੰਦ ਅਤੇ ਟਿੱਪਣੀ ਕਰਨ ਵਾਲੇ ਅਨੁਯਾਈ ਮਿਲਦੇ ਹਨ, ਪਰ ਇਹ ਕਿਸੇ ਨਾਲ ਸੱਚਾ ਰਿਸ਼ਤਾ ਹੋਣ ਵਰਗਾ ਨਹੀਂ ਹੈ। ਬਹੁਤ ਸਾਰੇ ਲੋਕ ਸੋਸ਼ਲ ਮੀਡੀਆ 'ਤੇ ਆਪਣੇ ਸਮਰਥਕਾਂ ਦੇ ਵੱਡੇ ਭਾਈਚਾਰੇ ਬਾਰੇ ਸ਼ੇਖ਼ੀ ਮਾਰਦੇ ਹਨ ਜਿਨ੍ਹਾਂ ਦਾ ਨਿਰਵਿਘਨ ਧਿਆਨ ਪੈਦਾ ਹੁੰਦਾ ਹੈ। ਦਿਨ ਦੇ ਅੰਤ ਵਿੱਚ, ਹਾਲਾਂਕਿ, ਇਹਨਾਂ ਵਿੱਚੋਂ ਬਹੁਤ ਸਾਰੇ ਲੋਕ ਉਹਨਾਂ ਦੀ ਨਿੱਜੀ ਜ਼ਿੰਦਗੀ ਵਿੱਚ ਉਹਨਾਂ ਦੀ ਪ੍ਰਸ਼ੰਸਾ ਕਰਨ ਵਾਲੇ ਲੋਕਾਂ ਦੇ ਬਰਾਬਰ ਨਹੀਂ ਹੁੰਦੇ ਹਨ। ਸਿਰਫ਼ ਇਸ ਲਈ ਕਿ ਕੋਈ ਤੁਹਾਡੇ ਦੁਆਰਾ ਪੋਸਟ ਕੀਤੀ ਗਈ ਹਰ ਤਸਵੀਰ 'ਤੇ ਟਿੱਪਣੀ ਕਰੇਗਾ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਉਨ੍ਹਾਂ ਨਾਲ ਗੱਲ ਕਰੋ ਜਾਂ ਉਨ੍ਹਾਂ ਨਾਲ ਬਿਲਕੁਲ ਵੀ ਸੱਚਾ ਸਬੰਧ ਰੱਖੋ। ਇਸ ਦਾ ਸਮਰਥਨ ਅਧਿਐਨਾਂ ਦੁਆਰਾ ਕੀਤਾ ਗਿਆ ਹੈ ਜੋ ਦਿਖਾਉਂਦੇ ਹਨ ਕਿ ਜੋ ਲੋਕ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ, ਉਨ੍ਹਾਂ ਦੇ ਜੀਵਨ ਵਿੱਚ ਬਹੁਤ ਸਾਰੇ ਨਜ਼ਦੀਕੀ ਰਿਸ਼ਤੇ ਨਹੀਂ ਹੁੰਦੇ ਹਨ ਅਤੇ ਉਹਨਾਂ ਦੇ ਸਮਾਜਕ ਸਮਰਥਨ ਦੇ ਹੇਠਲੇ ਪੱਧਰ ਵੀ ਹੁੰਦੇ ਹਨ। ਸੋਸ਼ਲ ਮੀਡੀਆ ਅਜੇ ਵੀ ਆਪਣੇ ਉਪਭੋਗਤਾਵਾਂ ਲਈ ਅਣਗਿਣਤ ਲਾਭ ਲਿਆਉਂਦਾ ਹੈ, ਅਤੇ ਇਸ ਨੂੰ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ। ਦੁਨੀਆ ਭਰ ਦੇ ਲੋਕ ਹੁਣ ਇੱਕ ਦੂਜੇ ਨਾਲ ਗੱਲਬਾਤ ਕਰਨ ਦੇ ਯੋਗ ਹੋ ਗਏ ਹਨ, ਜੋ ਲੰਬੀ ਦੂਰੀ ਦੇ ਸਬੰਧਾਂ ਅਤੇ ਦੋਸਤੀਆਂ ਨੂੰ ਜ਼ਿੰਦਾ ਰੱਖਣ ਵਿੱਚ ਮਦਦ ਕਰ ਸਕਦਾ ਹੈ। ਸੋਸ਼ਲ ਮੀਡੀਆ ਆਪਣੇ ਉਪਭੋਗਤਾਵਾਂ ਨੂੰ ਕਈ ਕਾਰਨਾਂ ਲਈ ਬੋਲਣ ਲਈ ਇੱਕ ਪਲੇਟਫਾਰਮ ਵੀ ਦਿੰਦਾ ਹੈ, ਅਣਗਿਣਤ ਮੁੱਦਿਆਂ ਪ੍ਰਤੀ ਜਾਗਰੂਕਤਾ ਲਿਆਉਂਦਾ ਹੈ। ਹਾਲਾਂਕਿ, ਔਨਲਾਈਨ ਸੰਸਾਰ ਤੋਂ ਬਾਹਰ ਸਮਾਜਿਕ ਹੁਨਰ ਵਿਵਹਾਰਿਕ ਤੌਰ 'ਤੇ ਮੌਜੂਦ ਨਹੀਂ ਹਨ, ਜੋ ਕਿ ਸਮਾਜਿਕ ਖੇਤਰ ਵਿੱਚ ਇੱਕ ਵੱਡਾ ਨੁਕਸਾਨ ਬਣਿਆ ਹੋਇਆ ਹੈ।ਮੀਡੀਆ। ਸਮੁੱਚੇ ਤੌਰ 'ਤੇ, ਸਮਾਜਿਕ ਪਰਸਪਰ ਪ੍ਰਭਾਵ ਦੀ ਸਾਡੀ ਲੋੜ ਜਾਪਦੀ ਹੈ ਸੋਸ਼ਲ ਮੀਡੀਆ ਦੁਆਰਾ ਭਰੀ ਗਈ ਹੈ, ਪਰ ਅਸਲੀਅਤ ਬਹੁਤ ਜ਼ਿਆਦਾ ਗੁੰਝਲਦਾਰ ਹੈ। ਸੋਸ਼ਲ ਮੀਡੀਆ ਨੇ ਆਹਮੋ-ਸਾਹਮਣੇ ਗੱਲਬਾਤ, ਇਮਾਨਦਾਰ ਸੰਵਾਦਾਂ ਅਤੇ ਅਰਥਪੂਰਨ ਸਬੰਧਾਂ ਦੀ ਲੋੜ ਨੂੰ ਸੀਮਤ ਕਰਕੇ ਲੋਕਾਂ ਨੂੰ ਘੱਟ ਸਮਾਜਿਕ ਬਣਾ ਦਿੱਤਾ ਹੈ। ਜਦੋਂ ਕਿ ਅਸੀਂ ਸੋਸ਼ਲ ਮੀਡੀਆ ਨੂੰ ਨਹੀਂ ਬਦਲ ਸਕਦੇ, ਅਸੀਂ ਇਹਨਾਂ ਕਮੀਆਂ ਨੂੰ ਸਵੀਕਾਰ ਕਰ ਸਕਦੇ ਹਾਂ ਅਤੇ ਸੋਸ਼ਲ ਮੀਡੀਆ ਤੋਂ ਬਿਨਾਂ ਅਰਥਪੂਰਨ ਰਿਸ਼ਤੇ ਬਣਾਉਣ ਅਤੇ ਬਣਾਈ ਰੱਖਣ ਲਈ ਕੰਮ ਕਰ ਸਕਦੇ ਹਾਂ।

# ਮਾਤਾ ਸ੍ਰੀਮਤੀ ਗੀਤਾ ਦੇਵੀ ਦੇ ਚੰਗੇ ਸੰਸਕਾਰਾਂ ਸਦਕਾ ਪਰਿਵਾਰ ਨੇ ਜਿਊਲਰੀ ਕਾਰੋਬਾਰ 'ਚ ਨਾਮ੍ਹਣਾ ਖੱਟਿਆ



ਮੇਜਰ ਸਿੰਘ ਨਾਭਾ
91-94635-53962

ਮਾਂ ਦਾ ਦਰਜਾ ਸਾਡੇ ਸਮਾਜ ਵਿੱਚ ਰੱਬ ਸਮਾਨ ਸਮਝਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਾਂ ਦਾ ਕਰਜ਼ਾ ਪੁੱਤ ਧੀਆਂ ਮੋੜ ਨਹੀਂ ਸਕਦੇ। ਮਾਂ ਦੇ ਦਿੱਤੇ ਚੰਗੇ ਸੰਸ਼ਕਾਰ ਪਰਿਵਾਰ ਨੂੰ ਬੁਲੰਦੀਆਂ ਵੱਲ ਲ਼ੈ ਜਾਂਦੇ ਹਨ। ਇਸੇ ਤਰ੍ਹਾਂ ਦੇ ਮਾਤਾ ਸ੍ਰੀਮਤੀ ਗੀਤਾ ਦੇਵੀ ਸਨ। ਉਨ੍ਹਾਂ ਦਾ ਜਨਮ 1932 ਵਿੱਚ ਪਿੰਡ ਚੋਹਾਨਕੇ ਕਲਾਂ (ਬਰਨਾਲਾ) ਵਿਖੇ ਸਵ: ਸ੍ਰ. ਸੁੱਚਾ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਦਵਾਰਕੀ ਦੇਵੀ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਵਿਆਹ 1950 ਵਿੱਚ ਸ਼ਵ: ਸ੍ਰੀ ਕਰਤਾਰ ਚੰਦ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਨਾਲ ਹੋਇਆ। ਉਨ੍ਹਾਂ ਦੇ ਘਰ ਪੰਜ ਬੇਟਿਆਂ ਅਤੇ ਤਿੰਨ ਬੇਟੀਆਂ ਨੇ ਜਨਮ ਲਿਆ। ਕਰਤਾਰ ਚੰਦ ਨੇ ਪਿੰਡ ਵਿਖੇ ਭਰਾਵਾਂ ਨਾਲ ਸਾਂਝੀ ਆਟਾ ਚੱਕੀ ਉੱਪਰ ਆਪ ਆਟਾ ਪੀਸਣ ਦਾ ਬੜਾ ਔਖਾ ਕੰਮ ਕੀਤਾ। ਘਰ ਦੀ ਮੰਦਹਾਲੀ ਕਾਰਨ ਮਾਤਾ ਜੀ ਨੇ ਆਪਣੇ ਬੱਚਿਆਂ ਲਈ ਘਰ ਦੇ ਦੁੱਧ ਲਈ ਮੱਝਾਂ ਨੂੰ ਪਾਲਣ ਲਈ ਆਪ ਹੀ ਸਾਰੀ ਜ਼ਿੰਮੇਵਾਰੀ ਬੜੇ ਦ੍ਰਿੜ ਇਰਾਦੇ ਨਾਲ ਨਿਭਾਈ। ਹੋਲੀ ਹੋਲੀ ਬੱਚੇ ਵੱਡੇ ਹੋ ਕੇ ਘਰ ਦੇ ਕੰਮਾਂ ਕਾਰਾਂ 'ਚ ਸਹਿਯੋਗ ਦੇਣ ਲੱਗੇ। ਚਮਕੌਰ ਚੰਦ ਨੇ ਦਸਵੀਂ ਪਾਸ ਕਰਨ ਬਾਦ ਜੇ.ਬੀ.ਟੀ. ਕੋਰਸ ਕਰ ਲਿਆ ਅਤੇ ਅਧਿਆਪਕ ਲੱਗ ਗਏ। ਉਹ ਬਤੌਰ ਸੀ.ਐਚ .ਟੀ. ਸੇਵਾ ਮੁਕਤ ਹੋ ਚੁੱਕੇ ਹਨ। ਉਨ੍ਹਾਂ ਦਾ ਵਿਆਹ ਪਿੰਡ ਜੰਡਾਲੀ ਵਿਖੇ ਕ੍ਰਿਸ਼ਨਾ ਦੇਵੀ ਨਾਲ ਹੋਇਆ ਜਿਨ੍ਹਾਂ ਦੇ ਪੁੱਤਰ ਰਜਨੀਸ ਕੁਮਾਰ (ਰਾਜੂ ਜਿਊਲਰ) ਆਸ਼ਾ ਰਾਣੀ (ਈ.ਟੀ.ਟੀ.ਅਧਿਆਪਕਾ) ਨਾਲ ਵਿਆਹਿਆ ਹੋਇਆ ਹੈ। ਦੂਸਰਾ ਬੇਟਾ ਲਲਿਤ ਕੁਮਾਰ ਦਾ ਵਿਆਹ ਨੈਨਸ਼ੀ ਵਰਮਾ (ਈ.ਟੀ.ਟੀ. ਅਧਿਆਪਕ) ਨਾਲ ਹੋਇਆ ਹੈ। ਉਨ੍ਹਾਂ ਦੀਆਂ ਬੇਟੀਆਂ ਮਾਨਸ਼ੀ ਦੇਵੀ (ਸ.ਸ. ਮਿਸਟ੍ਰੈਸ) ਪਤਨੀ ਸ੍ਰੀ ਸੰਦੀਪ ਵਰਮਾ (ਸ.ਸ.ਮਾਸਟਰ) ਅਤੇ ਦੂਸਰੀ ਬੇਟੀ ਕੁਸ਼ਮ ਲਤਾ (ਈ.ਟੀ.ਟੀ.ਅਧਿਆਪਕਾ) ਪਤਨੀ ਸ੍ਰੀ ਵਿਕਾਸ ਸੇਠ ( ਜਿਊਲਰਜ਼) ਪਟਿਆਲਾ ਵਿਖੇ ਰਹਿ ਰਹੀਆਂ ਹਨ। ਚਮਕੌਰ ਚੰਦ ਨੇ ਆਪਣੇ ਛੋਟੇ ਭਰਾਵਾਂ ਨੂੰ ਸਮੇਂ ਸਮੇਂ ਸਿਰ ਕਾਰੋਬਾਰ 'ਚ ਸਫਲ ਹੋਣ ਲਈ ਪੂਰਾ ਗਾਈਡ ਕਰਕੇ ਸਫਲ ਕਾਰੋਬਾਰ ਦੇ ਮੁਕਾਮ ਤੇ ਪਹੁੰਚਾਉਣ ਲਈ ਅਹਿਮ ਭੂਮਿਕਾ ਨਿਭਾਈ ਹੈ।

ਪਰਿਵਾਰ ਨੇ ਸ਼ੁਰੂ 'ਚ 'ਵਰਮਾ ਟੈਂਟ ਹਾਊਸ' ਖੋਲ੍ਹ ਕੇ ਬੜੀ ਮਿਹਨਤ ਕੀਤੀ ਜਿਸ ਸਦਕਾ ਇਹ ਪਰਿਵਾਰ ਇਲਾਕੇ 'ਚ ਵਧੀਆ ਅਸਰ ਰਸੂਖ ਹੋਣ ਕਰਕੇ ਅੱਜ ਜਿਊਲਰੀ ਦੇ ਕਾਰੋਬਾਰ 'ਚ ਨਾਮਣਾ ਖੱਟਿਆ ਹੈ । ਮਾਤਾ ਜੀ ਦੇ ਦੂਸਰੇ ਬੇਟੇ ਦਰਸ਼ਨ ਕੁਮਾਰ (ਵਰਮਾ ਜ਼ਿਊਲਰਜ਼) ਰਾਏਕੋਟ ਵਿਖੇ ਰਾਣੀ ਵਰਮਾ ਨਾਲ ਵਿਆਹੇ ਹੋਏ ਹਨ। ਉਨ੍ਹਾਂ ਦੀ ਬੇਟੀ ਮੀਨਾਕਸ਼ੀ ਵਰਮਾ ਅਹਿਮਦਗੜ੍ਹ ਮੰਡੀ ਵਿਖੇ ਸ੍ਰੀ ਮਨੀਸ਼ ਵਰਮਾ (ਜਿਊਲਰਜ਼) ਨਾਲ ਅਤੇ ਬੇਟੀ ਪ੍ਰੋਮਿਲਾ ਵਰਮਾ ਖੰਨਾ ਵਿਖੇ ਸ਼ੀ ਵਿਕਾਸ ਸੇਠ (ਜਿਊਲਰਜ਼) ਨਾਲ ਵਿਆਹੇ ਹੋਏ ਹਨ ।ਬੇਟੇ ਹਰੀ ਓਮ ਦਾ ਰੀਆ ਵਰਮਾ ਅਤੇ ਰਮਨ ਵਰਮਾ ਦਾ ਵਿਆਹ ਜੋਤੀ ਵਰਮਾ (ਆਸਟ੍ਰੇਲੀਆ) ਨਾਲ ਹੋਇਆ ਹੈ ।ਉਨ੍ਹਾਂ ਦਾ ਬੇਟਾ ਸਵ: ਭੀਮ ਸੈਨ ਸਰੀਰਕ ਵਿਕਾਸ ਨਾ ਹੋਣ ਕਾਰਨ ਛੋਟੀ ਉਮਰੇ ਹੀ ਅਕਾਲ ਚਲਾਣਾ ਕਰ ਗਿਆ ਸੀ। ਉਨ੍ਹਾਂ ਦੀ ਬੇਟੀ ਸਵ: ਦਰਸ਼ਨਾ ਦੇਵੀ ਪਤਨੀ ਸਵ: ਸ੍ਰੀ ਹਰਬੰਸ ਲਾਲ ਨਾਲ ਝਾਂਸੀ ਵਿਖੇ ਵਿਆਹੀ ਹੋਈ ਸੀ। ਉਨ੍ਹਾਂ ਦੀ ਦੂਸਰੀ ਬੇਟੀ ਕਿਰਨਾ ਦੇਵੀ ਪਟਿਆਲਾ ਵਿਖੇ ਸ੍ਰੀ ਮੋਹਨ ਲਾਲ ਨਾਲ ਵਿਆਹੀ ਹੋਈ ਹੈ। ਬੇਟੀ ਰੂਪ ਰਾਣੀ ਪਟਿਆਲਾ ਵਿਖੇ ਸ੍ਰੀ ਰਾਕੇਸ਼ ਕੁਮਾਰ ਨਾਲ ਵਿਆਹੀ ਹੋਈ ਹੈ।



ਮਾਤਾ ਜੀ ਦੇ ਬੇਟੇ ਸੁਰਿੰਦਰ ਕੁਮਾਰ (ਐਸ.ਕੇ.ਜਿਊਲਰਜ਼) ਦਾ ਵਿਆਹ ਮਧੂ ਵਰਮਾ ਨਾਲ ਹੋਇਆ। ਇਨ੍ਹਾਂ ਦਾ ਬੇਟਾ ਗਗਨ ਵਰਮਾ ਅਹਿਮਦਗੜ੍ਹ ਮੰਡੀ ਵਿਖੇ ਸਿਪਰਾ ਵਰਮਾ ( ਸ.ਸ. ਮਿਸਟ੍ਰੈਸ) ਨਾਲ ਵਿਆਹ ਹੋਇਆ ਹੈ ।ਮਾਤਾ ਜੀ ਦੇ ਬੇਟੇ ਕੁਲਦੀਪ ਕੁਮਾਰ (ਨਿਊ ਵਰਮਾ ਜਿਊਲਰਜ਼) ਦਾ ਵਿਆਹ ਮੰਜੂ ਵਰਮਾ (ਜਗਰਾਉਂ) ਨਾਲ ਹੋਇਆ ਹੈ। ਉਨ੍ਹਾਂ ਦੇ ਪਰਿਵਾਰ ਵਿੱਚ ਬੇਟਾ ਅਮਿਤ ਵਰਮਾ ਉਸ ਦੀ ਪਤਨੀ ਮੀਨਾਕਸ਼ੀ ਵਰਮਾ ਹਨ। ਬੇਟੀ ਏਕਤਾ ਵਰਮਾ ਆਪਣੇ ਪਤੀ ਰੋਹਿਤ ਵਰਮਾ ਨਾਲ ਅਮਰੀਕਾ 'ਚ ਰਹਿ ਰਹੀ ਹੈ। ਮਾਤਾ ਜੀ ਦਾ ਪਰਿਵਾਰ ਖਿੜੇ ਫੁੱਲ ਵਾਂਗ ਆਪਣੇ ਇਲਾਕੇ 'ਚ ਨਾਮਵਰ ਪਰਿਵਾਰ ਹੈ। ਇਸ ਪਰਿਵਾਰ ਨੇ ਜਿਥੇ ਜਿਊਲਰੀ ਦੇ ਕਾਰੋਬਾਰ ਵਿੱਚ ਦੂਰ ਦੂਰ ਤੱਕ ਵਰਮਾ ਪਰਿਵਾਰ ਦਾ ਨਾਮ ਚਮਕਾਇਆ ਹੈ, ਉਥੇ ਇਸ ਪਰਿਵਾਰ ਵਲੋਂ 'ਨਿਰਮਲ ਟਰੇਡਿੰਗ ਕੰਪਨੀ' ਅਤੇ 'ਮਾਂ ਰਾਈਸ ਮਿਲ' ਨਾਭਾ ਵਿਖੇ ਸਫਲਤਾ ਪੂਰਵਕ ਚਲਾ ਕੇ ਕਾਰੋਬਾਰੀ ਖੇਤਰ ' ਚ ਵੀ ਅਹਿਮ ਮੁਕਾਮ ਬਣਾਇਆ ਹੈ। ਮਾਤਾ ਜੀ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਉਹ ਰਿਸ਼ੀਕੇਸ਼ ਵਾਲੇ ਮਹਾਂ ਪੁਰਸਾਂ ਦੇ ਸੇਵਕ ਸਨ। ਉਹ 27 ਸਤੰਬਰ 2024 ਨੂੰ ਸਵੇਰੇ ਗੱਲ੍ਹਾਂ ਕਰਕੇ, ਟਹਿਲਦੇ ਰਹੇ ਹੋਇਆਂ। ਅਚਾਨਕ ਹੀ ਬਿਨ੍ਹਾਂ ਕਿਸੇ ਤਕਲੀਫ ਦੇ ਉਹ ਇਸ ਨਾਸ਼ਵਾਨ ਦੁਨੀਆਂ ਨੂੰ ਅਲਵਿਦਾ ਕਹਿ ਗਏ। ਇਹੋ ਜਿਹੀ ਮੌਤ ਵਿਰਲਿਆਂ ਨੂੰ ਹੀ ਆਉਂਦੀ ਹੈ। ਉਸ ਨੂੰ 6 ਪੜਪੋਤੇ, 7 ਪੜਪੋਤੀਆਂ, 2 ਪੜਦੋਹਤੇ ਅਤੇ 5 ਪੜਦੋਹਤੀਆਂ ਵਾਲੀ ਮਾਤਾ ਹੋਣ ਦਾ ਮਾਣ ਸੀ। ਪਰਿਵਾਰ ਨੂੰ ਭਾਵੇਂ ਮਾਤਾ ਜੀ ਦੇ ਵਿਛੋੜੇ ਦਾ ਦੁੱਖ ਤਾਂ ਹੈ ਪਰ ਇਸ ਤਰ੍ਹਾਂ ਮਾਤਾ ਜੀ ਦੇ ਜਾਣ ਨਾਲ ਪਰਿਵਾਰਿਕ ਮੈਂਬਰਾਂ ਦੇ ਮਨਾਂ ਨੂੰ ਧੀਰਜ ਮਿਲਿਆ ਹੈ। ਉਨ੍ਹਾਂ ਦੀ ਨਮਿੱਤ ਅੰਤਿਮ ਸਰਧਾਂਜਲੀ ਸਮਾਗਮ 'ਪੰਜਾਬ ਫਾਰਮ' ਪਟਿਆਲਾ ਰੋਡ ਨਾਭਾ ਵਿਖੇ 8 ਅਕਤੂਬਰ ਦਿਨ ਮੰਗਲਵਾਰ ਦੁਪਿਹਰ 1 ਤੋਂ 2 ਵਜੇ ਰੱਖਿਆ ਗਿਆ ਹੈ। ਪ੍ਰਮਾਤਮਾ ਵਰਮਾ ਪਰਿਵਾਰ ਦੀ ਫੁੱਲਵਾੜੀ ਨੂੰ ਹਮੇਸ਼ਾ ਖਿੜਿਆ ਰੱਖੇ।

## ਦੋ ਗ਼ਜ਼ਲਾਂ

ਸੱਚੇ ਦਿਲ ਤੋਂ ਚੱਲੀਏ ਯਾਰੀ ਮੁਕਦੀ ਨਈਂ।
ਜੜ੍ਹ ਹੋਵੇ ਮਜ਼ਬੂਤ ਤਾਂ ਟਹਿਣੀਂ ਸੁਕਦੀ ਨਈਂ।

ਸਮਝ ਲਵੋ ਕਿ ਫੁੱਲਾਂ ਦੀ ਭਰਮਾਰ ਨਹੀਂ।
ਗੁਲਸ਼ਨ ਦੇ ਵਿਚ ਜੇਕਰ ਟਹਿਣੀਂ ਝੁਕਦੀ ਨਈਂ।

ਗ਼ਜ਼ਲ ਨਿਰੰਤਰਤਾ ਦੀ ਮੰਜ਼ਿਲ ਪਾ ਜਾਂਦੀ,
ਚਲਦੀ ਨਹਿਰ ਤਾਂ ਪੱਥਰਾਂ ਵਿਚ ਵੀ ਰੁਕਦੀ ਨਈਂ।

ਝੂਠੇ ਬੰਦੇ ਦੇ ਤਾਂ ਪੈਰ ਨਹੀਂ ਹੁੰਦੇ,
ਤੇਰੀ ਗੱਲ ਤਾਂ ਉਸ ਦੀ ਗੱਲ ਨਾਲ ਢੁਕਦੀ ਨਈਂ।

ਨਫ਼ਰਤ ਵਾਲਾ ਬੰਦਾ ਆਕੜ ਰਖਦਾ ਹੈ,
ਪੱਥਰ ਵਿਚ ਤਾਂ ਹਰਗਿਜ ਕਿੱਲੀ ਠੁਕਦੀ ਨਈਂ।

ਬਾਲਮ ਦਿਲ ਦਾ ਸਾਫ਼ ਰਿਹਾ ਹੈ ਬਚਪਨ ਤੋਂ,
ਨਜ਼ਰਾਂ ਅੱਗੇ ਨਜ਼ਰ ਕਦੀ ਵੀ ਝੁਕਦੀ ਨਈਂ।

### ਗ਼ਜ਼ਲ

ਉਸੇ ਧਰਤੀ ਵਿਚੋਂ ਫੇਰ ਜਵਾਲੇ ਫੁਟਦੇ ਨੇ।
ਜਿੱਥੇ ਹਾਕਿਮ ਕੁਟਕੇ, ਪੁਟਦੇ, ਲੁਟਦੇ, ਸੁਟਦੇ ਨੇ।

ਫੇਰ ਕਰਾਂਤੀ ਕਿਰਸਾਨਾਂ ਸਿਰ ਚੜ ਕੇ ਆਉਂਦੀ ਏ,
ਕੱਚੀਆਂ ਫਸਲਾਂ ਧਰਤੀ ਵਿਚੋਂ ਜਦ ਵੀ ਪੁਟਦੇ ਨੇ।

ਐਸੇ ਪ੍ਰਸ਼ਾਸਨ ਦੇ ਸਿਰ ਤੇ ਲਾਹਨਤ ਆਉਂਦੀ ਹੈ,
ਬੱਚੇ ਜਿਸ ਨਗਰੀ ਦੇ ਸੜਕੀਂ ਰੋੜ੍ਹੀ ਕੁਟਦੇ ਨੇ।

ਮੁਮਕਿਨ ਹੈ ਕਿ ਉਪਰ ਤੀਕਰ ਹਿੱਸਾ ਜਾਂਦਾ ਹੈ,
ਦਸਤਾਵੇਜ਼ 'ਚ ਉਚੇ-ਉਚੇ ਪੁਲ ਜਦ ਟੁਟਦੇ ਨੇ।

ਢਿੱਲੀ ਕਾਨੂੰਨ ਅਵਸਥਾ ਵਿਚ ਇੰਝ ਹੀ ਹੁੰਦਾ ਹੈ,
ਗੰਦਲੇ ਧੂੰਏਂ ਦੇ ਵਿਚ ਸਭ ਦੇ ਸਾਹ ਪਏ ਘੁਟਦੇ ਨੇ।

ਇਸ ਵਿਚ ਕਿਸ ਦਾ ਦੋਸ਼ ਸਰਾਸਰ ਮੰਨਦੇ ਹੋ ਦੱਸੋ,
ਜੋ ਅਪਰਾਧੀ ਸਾਬਿਤ ਹੋ ਕੇ ਜੇਲੋਂ ਛੁਟਦੇ ਨੇ।

ਠੇਕੇਦਾਰੀ ਵਿਚ ਵੀ ਠੇਕਾ ਉਸ ਨੂੰ ਮਿਲਦਾ ਹੈ,
ਪਹਿਲਾਂ ਮਾਲਿਕ ਵੇਖਣ ਬੰਦੇ ਕਿਹੜੇ ਗੁਟਦੇ ਨੇ।

ਤੈਨੂੰ ਸਰਵੋਤਮ ਈਨਾਮ ਪ੍ਰਾਪਤ ਹੋਇਆ ਹੈ,
ਬਾਲਮ ਤੇਰੇ ਬੰਦੇ ਲਗਦਾ ਤਕੜੇ ਜੁਟਦੇ ਨੇ।

**– ਬਲਵਿੰਦਰ ਬਾਲਮ ਗੁਰਦਾਸਪੁਰ**
98156-25409



## ਕਾਵਿ-ਵਿਅੰਗ/ ਛੱਜ ਸ਼ਰਮਿੰਦਾ ਹੋਵੇ !

ਨੇਕੀ ਨਹੀਂ 'ਏਜੰਡੇ' ਵਿਚ ਹਾਕਮਾਂ ਦੇ
ਜਨਤਾ ਫੇਰ ਵੀ ਭਲਾ ਹੀ ਟੋਲ਼੍ਹਦੀ ਐ।
ਚੋਰ-ਮੋਰੀਆਂ ਵਰਤ ਕਾਨੂੰਨ ਦੀਆਂ
ਬੇਇਨਸਾਫੀ ਦੀ ਤੱਕੜੀ ਤੋਲਦੀ ਐ।
ਪੱਤਰਕਾਰੀ ਏ ਗੋਦੀ ਵਿਚ ਚੜ੍ਹੀ ਹੋਈ
ਪੋਲ ਵਿਰਲੀ ਹੀ 'ਢੋਲ' ਦੇ ਖੋਲ੍ਹਦੀ ਐ।
ਫਿਰਕਾਪ੍ਰਸਤੀ ਦਾ ਦੇਖ ਕੇ ਬੋਲ ਬਾਲਾ
ਲੋਕ-ਰਾਜ ਦੀ 'ਆਤਮਾ' ਡੋਲਦੀ ਐ।
ਗੱਦੀ ਬੈਠ ਕੇ ਸਾਰੇ ਹੀ 'ਬਦਲ' ਜਾਂਦੇ
ਹਰ ਪਾਰਟੀ ਕੜ੍ਹੀ ਇਹ 'ਘੋਲ਼ਦੀ' ਐ।
ਸੁਣ ਸੁਣ ਛੱਜ ਵਿਚਾਰਾ ਵੀ ਸੰਗ ਜਾਂਦਾ
ਚਪੜ ਚਪੜ ਜਦ ਛਾਨਣੀ ਬੋਲਦੀ ਐ !



**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ: ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼ ਹੈ। ਗੁਰੂ ਜੀ ਨੇ ਮਾਨਵਤਾ ਦੇ ਸਿੱਧੇ ਰਸਤੇ ਪਾਉਣ ਲਈ, ਅਧਿਆਤਮਿਕਤਾ ਦੇ ਸੱਚੇ ਰਸਤੇ ਉਪਰ ਚੱਲਣ ਲਈ ਸ਼ਬਦਾਂ ਦੇ ਰੂਪ ਵਿਚ ਬਾਣੀ ਦੀ ਖੋਜ ਕੀਤੀ ਹੈ। ਕਵੀ ਬਾਬਾ ਨਾਨਕ ਨੇ ਆਪਣੀ ਕਵਿਤਾ ਵਿਚ (ਬਾਣੀ ਵਿਚ) ਅਨੇਕਾਂ ਹੀ ਛੋਟੀਆਂ ਵੱਡੀਆਂ ਬਹਿਰਾਂ (ਵਜ਼ਨ) ਦਾ ਪ੍ਰਯੋਗ ਕੀਤਾ ਹੈ। ਇਹ ਬਹਿਰਾਂ ਉਨ੍ਹਾਂ ਦੇ ਹਿਰਦੇ 'ਚੋਂ ਆਪਣੇ ਆਪ ਵਾਹਿਗੁਰੂ ਦੀ ਦਾਤ ਬਣਕੇ ਉਤਰੀਆਂ।

ਕਵੀ ਬਾਬਾ ਨਾਨਕ ਨੇ ਧੁਰੋਂ ਉਤਰੀ ਬਾਣੀ ਨੂੰ ਆਪਣੇ ਸ਼ਬਦਾਂ ਵਿਚ ਪਿਰੋ ਕੇ ਮਾਨਵਤਾ ਲਈ ਸੁਰਜਤਾ ਪੈਦਾ ਕੀਤੀ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਏਨੀਆਂ ਬਹਿਰਾਂ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ। ਉਨ੍ਹਾਂ ਜੋ ਕੁਝ ਅੱਖੀਂ ਵੇਖਿਆ ਉਸਨੂੰ ਆਪਣੀ ਅੱਖਰ ਜਨਨੀ ਵਿਚ ਪਿਰੋ ਕੇ ਖ਼ੂਬਸੂਰਤ ਐਨ ਢੁਕਦੇ ਬਿੰਬਾਂ, ਪ੍ਰਤੀਕਾਂ, ਰਾਹੀਂ ਸਮਾਜ ਅੱਗੇ ਪੇਸ਼ ਕੀਤਾ ਹੈ। ਮਗਰ ਅਤਿ ਮੁਸ਼ਕਿਲ ਅਤੇ ਆਸਾਨ ਬਹਿਰਾਂ ਦੀ ਜਾਣਕਾਰੀ ਲੈਣੀ ਹੋਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ, ਘੋਖਿਆ ਜਾਵੇ।

ਕਵੀ ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਕੁਦਰਤ ਅਤੇ ਸ੍ਰਿਸ਼ਟੀ ਦੇ ਕਣ-ਕਣ ਉਪਰ ਲਿਖਿਆ ਹੈ, ਪਰ ਅਸੀਂ ਇਥੇ ਸਿਰਫ਼ ਕਵੀ ਬਾਬਾ ਨਾਨਕ ਬਾਣੀ ਵਿਚ ਰੁੱਖ, ਮੌਸਮ, ਵਾਤਾਵਰਣ (ਕੁਦਰਤ) ਦੇ ਮਨਮੋਹਣੇ ਸੰਦੇਸ਼ਮਈ ਅਲੰਕਾਰਾਂ, ਪ੍ਰਤੀਕਾਂ, ਬਿੰਬਾਂ ਦਾ ਹੀ ਉਲੇਖ ਕੀਤਾ ਹੈ। ਜਿਸ ਖ਼ੂਬਸੂਰਤੀ ਅਤੇ ਅਧਿਆਤਮਿਕਤ ਸੱਚਖੰਡ ਦੀ ਸ਼ਕਤੀ ਨਾਲ ਬਾਣੀ ਲਿਖਕੇ ਮਾਨਵਤਾ ਨੂੰ ਜ਼ਿੰਦਗੀ ਦੇ ਸਹੀ ਅਰਥ ਸਮਝਾ ਦਿੱਤੇ ਹਨ।

ਗੁਰੂ ਜੀ ਆਖਦੇ ਹਨ, "ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ" ਕੁਦਰਿਤ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ" ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ" ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ। ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਆ ਜਹਾਨ" ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ" ਕੁਦਰਤਿ ਪਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ" ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ" ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ"

ਭਾਵ ਕਿ ਜੀਵਾਂ ਦਾ ਵੇਖਣਾ, ਸੁਣਨਾ, ਵਾਹਿਗੁਰੂ ਦੇ ਡਰ ਅੰਦਰ ਰਹਿਣਾ, ਸੁਖ ਭੋਗਣੇ ਸਭ ਵਾਹਿਗੁਰੂ ਜੀ ਦੀ ਕੁਦਰਤ ਹੈ। ਪਾਤਾਲ, ਆਕਾਸ਼, ਸਾਰੇ ਆਕਾਰਾਂ ਦੀ ਸਿਰਜਣਾ ਵਾਹਿਗੁਰੂ ਜੀ ਦੀ ਕੁਦਰਤ ਹੈ। ਵੇਦ ਆਦਿ ਧਰਮਾਂ ਗ੍ਰੰਥਾਂ ਦੀ ਰਚਨਾ ਹੋਈ ਅਤੇ ਇਨ੍ਹਾਂ ਦੇ ਵੀਚਾਰਾਂ ਦਾ ਫੈਲਾਉ ਹੋਣਾ ਵਾਹਿਗੁਰੂ ਜੀ ਤੇਰੀ ਕੁਦਰਤ ਹੈ। ਜੀਵਾਂ ਦਾ ਖਾਣ ਪੀਣ, ਕਪੜੇ ਆਦਿ ਪਾਉਣ ਦੇ ਢੰਗ ਤਰੀਕੇ ਅਤੇ ਤਰ੍ਹਾਂ ਤਰ੍ਹਾਂ ਦੇ ਪ੍ਰੇਮ ਆਦਿ ਪਰਮਾਤਮਾ ਦੀ ਕੁਦਰਤ ਦਾ ਹਿੱਸਾ ਹਨ। ਅਨੇਕਾਂ ਜਾਤਾਂ, ਜਿਨਸਾਂ, ਰੰਗਾਂ ਅਨੁਸਾਰ ਜੀਵਾਂ ਦੀ ਸਿਰਜਣਾ, ਸੰਸਾਰ ਵਿਚ ਨੇਕੀਆਂ ਬਦੀਆਂ, ਅਨੇਕਾਂ ਮਾਨ-ਮਰਿਆਦਾ, ਅਨੇਕਾਂ ਤਰ੍ਹਾਂ ਦੇ ਹੰਕਾਰ, ਹਵਾ ਪਾਣੀ ਅੱਗ ਧਰਤੀ ਦੀ ਬਣਤਰ ਆਦਿ। ਹੇ ਵਾਹਿਗੁਰੂ ਜੀ! ਸਭ ਤੇਰੀ ਕੁਦਰਤ ਹੈ ਅਤੇ ਤੂੰ ਇਸ ਕੁਦਰਤ ਦਾ ਕਰਤਾ ਮਾਲਿਕ ਹੈ ਅਤੇ ਤੇਰੀ ਵਡਿਆਈ ਬੜੀ ਪਾਕ-ਪਵਿੱਤਰ ਹੈ। ਇਹ ਸਾਰਾ ਕੁਝ ਤੇਰੇ ਹੁਕਮ ਅੰਦਰ ਹੈ ਅਤੇ ਤੂੰ ਇਸ ਸਾਰੇ ਵਰਤਾਰੇ ਨੂੰ ਇਕੱਲਾ ਖੁਦ ਹੀ ਦੇਖ, ਸੰਭਾਲ ਕਰ ਰਿਹਾ ਹੈ।

ਸੰਦੇਸ਼ :- ਉਹ ਵਾਹਿਗੁਰੂ, ਪਰਮਾਤਮਾ ਕਣ-ਕਣ ਵਿਚ ਬਿਰਾਜਮਾਨ ਹੈ ਅਤੇ ਕੁਦਰਤ ਦੀ ਸਾਰੀ ਹੋਂਦ ਉਸਦੀ ਕਿਰਪਾ ਸਦਕੇ ਹੀ ਹੈ। ਮਨੁੱਖ ਨੂੰ ਕੁਦਰਤ ਦੇ ਨਿਯਮਾਂ ਅਤੇ ਅਨੁਸ਼ਾਸਨ ਤੋਂ ਸਬਕ ਲੈਣਾ ਚਾਹੀਦਾ ਹੈ। ਕੁਦਰਤ ਦਾਨ ਕਰਦੀ ਹੈ, ਦਾਨ ਲੈਂਦੀ ਨਹੀਂ। ਆਕਾਸ਼, ਧਰਤੀ, ਪਾਣੀ, ਹਵਾ, ਅੱਗ ਆਦਿ ਮਨੁੱਖ ਨੂੰ ਦਾਨ ਕਰਦੇ ਹਨ। ਮਨੁੱਖ ਵੀ ਦੂਸਰਿਆਂ ਦੀ ਮਦਦ ਕਰੇ ਆਦਿ।

ਗੁਰੂ ਜੀ ਆਖਦੇ ਹਨ:- "ਜਾ ਕੇ ਰੁਖ ਬਿਰਖ ਆਰਾਉ" ਜੇਹੀ ਧਾਤੁ ਤੇਹਾ ਤਿਨ ਨਾਉ" ਫੁਲੁ ਭਾਉ ਫਲੁ ਲਿਖਿਆ ਪਾਇ" ਆਪਿ ਬੀਜਿ ਆਪੇ ਹੀ ਖਾਇ"

ਭਾਵ ਕਿ ਜਿਸ ਮਾਲੀ ਨੇ ਰੁੱਖ, ਦਰਖਤ, ਬੂਟੇ ਲਗਾਏ ਹੁੰਦੇ ਨੇ, ਉਹ ਹੀ ਉਨ੍ਹਾਂ ਨੂੰ ਸੰਵਾਰਦਾ ਹੈ ਅਤੇ ਜਿਸ ਤਰ੍ਹਾਂ ਦਾ ਬੂਟੇ ਦਾ ਜੀਵਨ ਹੁੰਦਾ ਹੈ, ਉਸੇ ਹਿਸਾਬ ਨਾਲ, ਉਹੋ ਜਿਹਾ ਉਸਦਾ ਨਾਂਅ ਪੈ ਜਾਂਦਾ ਹੈ। ਮਨੁੱਖ ਦੇ ਜੀਵਨ ਦੇ ਜਿਸ ਤਰ੍ਹਾਂ ਫੁੱਲ ਹੁੰਦੇ ਹਨ, ਉਸੇ ਹੀ ਹਿਸਾਬ ਨਾਲ ਉਸਦਾ ਫਲ਼ ਪੈਂਦਾ ਹੈ। ਜੋ ਕਰਮ ਕਰੇ ਉਸੇ ਹਿਸਾਬ ਨਾਲ ਫਲ ਮਿਲੇਗਾ। ਮਨੁੱਖ ਜੋ ਬੀਜਦਾ ਹੈ ਉਸਦਾ ਹੀ ਫਲ ਉਸਨੂੰ ਖਾਣਾ ਪੈਂਦਾ ਹੈ।

ਸੰਦੇਸ਼:-ਮਨੁੱਖ ਨੂੰ ਚੰਗੇ-ਮਾੜੇ ਕਰਮਾਂ ਦੇ ਹਿਸਾਬ ਨਾਲ ਹੀ ਸਭ ਕੁਝ ਮਿਲਦਾ ਹੈ। ਆਦਮੀ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸਨੂੰ ਫਲ ਵੀ ਉਸੇ ਤਰ੍ਹਾਂ ਨਾਲ ਮਿਲਦਾ ਜਾਂਦਾ ਹੈ। ਮਨੁੱਖ ਨੇਕ ਕਰਮ ਕਰੇ।

ਗੁਰੂ ਜੀ ਕਹਿੰਦੇ ਹਨ:- "ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ" ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ" ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ" ਅਠਿਸਿਠ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ"

ਭਾਵ ਕਿ ਗੁਰੂ ਇਕ ਸੋਨੇ ਦਾ ਰੁੱਖ ਹੈ, ਜਿਸਦੇ ਪੱਤੇ ਮੂੰਗੇ ਹਨ ਅਤੇ ਫੁੱਲ ਜਵਾਹਰ ਲਾਲ ਹਨ। ਅਮੋਲਕ ਬਚਨ ਫਲ ਹਨ, ਇਸ ਕਰਕੇ ਗੁਰੂ ਦੇ ਬਚਨਾਂ ਨੂੰ ਹੀ ਹਿਰਦੇ ਦੇ ਅੰਦਰ ਰੱਖ ਲੈ ਅਤੇ ਮੂੰਹ ਮੱਥੇ ਉਪਰ ਸ਼ੁੱਧ ਕਰਮ ਹੋਵੇ, ਤਾਂ ਗੁਰੂ ਦੇ ਚਰਨਾਂ ਨੂੰ ਹੀ 68 ਤੀਰਥ ਸਮਝ, ਵਿਸ਼ੇਸ਼ ਜਾਣ।

ਸੰਦੇਸ਼:- ਤੀਰਥਾਂ ਆਦਿ 'ਤੇ ਜਾਣ ਨਾਲੋਂ ਚੰਗਾ ਹੈ, ਕਿ ਗੁਰੂ ਦੇ ਚਰਨਾਂ ਨੂੰ ਹੀ ਸਭ ਕੁਝ ਸਮਝ। ਗੁਰੂ ਦੀ ਭਗਤੀ ਨਾਲ, ਵਾਹਿਗੁਰੂ ਦੀ ਸਾਧਨਾ ਨਾਲ ਜੁੜਣ ਵਾਲੇ ਮਨੁੱਖ ਹੀ ਸੱਚਾ ਮਾਰਗ ਲਭਦੇ ਹਨ। ਭਟਕਣਾ ਮਨੁੱਖ ਲਈ ਗਿਰਾਵਟ ਹੈ। ਗੁਰੂ ਸਾਹਿਬ ਨੇ ਗੁਰੂ ਨੂੰ ਰੱਖਾਂ ਵਾਂਗ ਕੁਦਰਤ ਦੀ ਕਿਰਪਾ ਵਾਂਗ ਦੱਸਿਆ ਹੈ। ਮਨੁੱਖ ਵਹਿਮਾਂ ਭਰਮਾਂ ਵਿਚ ਨਾ ਪਵੇ ਆਦਿ।



ਕਵੀ ਗੁਰੂ ਨਾਨਕ ਕਹਿੰਦੇ ਹਨ:- "ਗਾਵਿਨ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।"

ਭਾਵ ਕਿ ਪਰਮਾਤਮਾ ਦੀ ਉਸਤਤ ਤਾਂ ਹਵਾ ਪਾਣੀ ਅੱਗ ਵੀ ਗਾਉਂਦੇ ਹਨ, ਰਾਜੇ ਮਹਾਂਰਾਜੇ ਅਤੇ ਧਰਮ ਸਥਾਨਾਂ 'ਤੇ ਵੀ ਉਸਦੀ ਮਹਿਮਾ ਹੈ।

ਸੰਦੇਸ਼:- ਮਨੁੱਖ ਨੂੰ ਵੀ ਕੁਦਰਤ ਦੀ ਉਸਤਤ ਕਰਨੀ ਚਾਹੀਦੀ ਹੈ, ਉਸਦੀ ਮਰਿਆਦਾ ਵਿਚ ਰਹੇ, ਉਸਦਾ ਨਾਮ ਜਪੇ ਜਿਸਨੇ ਸਾਰੀ ਸ੍ਰਿਸ਼ਟੀ ਥਾਪੀ ਹੈ।

ਗੁਰੂ ਜੀ ਕਹਿੰਦੇ ਹਨ:- "ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤਧੁ ਆਪੇ ਸਿਰਜਿ ਸਭ ਗੋਈ" ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ"

ਭਾਵ ਕਿ ਉਹ ਵਾਹਿਗੁਰੂ (ਪਰਮਾਤਮਾ) ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਅਤੇ ਪਾਲਣਹਾਰ ਹੈ, ਜੋ ਪਰਮਾਤਮਾ ਦੇ ਗੁਣ ਗਾਉਂਦਾ ਹੈ, ਜਿਸਨੇ ਸਭ ਨੂੰ ਜਨਮ ਦਿੱਤਾ ਹੈ। ਸਭ ਨੂੰ ਉਸਦਾ ਹੀ ਆਸਰਾ ਹੈ। ਨਾਨਕ ਦਾਸ ਵੀ ਉਸ ਕਰਤੇ ਦੇ ਗੁਣ ਗਾਉਂਦਾ ਹੈ ਜੋ ਸਾਰਿਆਂ ਦੀ ਗੱਲ ਜਾਣਦਾ ਹੈ।

ਸੰਦੇਸ਼:- ਜਿਸ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਰਚੀ ਹੈ। ਸਭ ਦਾ ਪਾਲਨਹਾਰ ਹੈ, ਉਸਨੂੰ ਮਨੁੱਖ ਸਦਾ ਯਾਦ ਰੱਖੇ ਅਤੇ ਉਸਦੇ ਨਾਮ ਵਿਚ ਸਧਾ ਲੀਨ ਰਵੇ, ਤਾਂ ਹੀ ਮਨੁੱਖ ਦਾ ਜਨਮ ਸਫ਼ਲ ਹੋ ਸਕਦਾ ਹੈ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਗੁਰੂ ਜੀ ਕਹਿੰਦੇ ਹਨ:-"ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ਤਾਂ ਵਾਪਾਰੀ ਜਾਣੀਅਹੁ ਲਾਹਾ ਲੈਜਾਵਹੁ"

ਭਾਵ ਕਿ ਧਰਮ ਨੂੰ ਧਰਤੀ ਦੀ ਤਰ੍ਹਾਂ ਬਣਾਓ, ਸੱਚਾਈ ਨੂੰ ਬੀਜ ਦੀ ਤਰ੍ਹਾਂ ਬਣਾਕੇ ਇਸ ਤਰ੍ਹਾਂ ਦੀ ਖੇਤੀ ਕਰੋ ਤਾਂ ਉਸ ਪ੍ਰਭੂ ਦੇ ਨਾਮ ਨੂੰ ਸਮਝ ਜਾਓਗੇ।

ਸੰਦੇਸ਼:-ਮਨੁੱਖ ਨੂੰ ਖ਼ੂਬਸੂਰਤ ਪ੍ਰਤੀਕਾਂ ਨਾਲ ਸਮਝਾਇਆ ਗਿਆ ਹੈ, ਕਿ ਧਰਤੀ ਵਰਗਾ ਧਰਮ ਹੋਵੇ, ਧਰਮ ਦਾਨੀ ਹੋਵੇ, ਨਿਸ ਸਵਾਰਥ ਹੋਵੇ, ਬਸ ਦੇਵੇ ਹੀ ਦੇਵੇ, ਲਵੇ ਕੁਝ ਨਾ, ਸੱਚ ਵਰਗਾ ਧਰਮ ਹੋਵੇ, ਧਰਤੀ ਵਾਂਗ ਇਸਦੀ ਪੂਜਾ ਹੋਵੇ। ਧਰਤੀ ਵਰਗੀ ਸ਼ਹਿਨਸ਼ਕਤੀ ਹੋਵੇ। ਸੱਚਾਈ ਨੂੰ ਬੀਜ ਦੀ ਤਰ੍ਹਾਂ ਸਮਝ, ਜਿਸ ਤਰ੍ਹਾਂ ਬੀਜ ਧਰਤੀ 'ਚੋਂ ਉਗ ਕੇ ਹਰਿਆਵਲ ਦਿੰਦਾ ਹੈ, ਮਨੁੱਖ ਤੂੰ ਵੀ ਇੰਝ ਦਾ ਬਣ। ਇਸ ਤਰ੍ਹਾਂ ਦੀ ਕਰਮਰੂਪੀ ਖੇਤੀ ਕਰ, ਤਾਂ ਜੋ ਤੇਰਾ ਕਰਮ ਸ਼ੁੱਧ-ਸੁਖਦਾਇਕ ਹੋਵੇ।

"ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ"
ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ।"

ਭਾਵ ਕਿ ਅੰਮ੍ਰਿਤ ਦਾ ਰੁੱਖ ਇਕ ਹੀ ਹੈ, ਜਿਸਦਾ ਫਲ ਵੀ ਅੰਮ੍ਰਿਤ ਵਰਗਾ ਹੈ। ਜੋ ਸੱਚ ਨਾਲ ਰੱਜ ਗਏ ਹਨ, ਜਿਨ੍ਹਾਂ ਅੰਮ੍ਰਿਤ ਫਲ ਦਾ ਸਵਾਦ ਚੱਖਿਆ ਹੈ, ਉਨ੍ਹਾਂ ਨੂੰ ਅਗਿਆਨ ਨਹੀਂ, ਨਾ ਹੀ ਕਿਸੇ ਨਾਲ ਮਤਭੇਦ ਜਾਂ ਫਰਕ ਹੈ, ਪਰਮਾਤਮਾ ਨਾਲ ਰਸਨਾ ਰੰਗੀ ਗਈ ਹੈ। ਭਾਵ ਕਿ ਜੋ ਮਨੁੱਖ ਉਸਦੇ ਸੱਚੇ ਨਾਮ ਨਾਲ ਜੁੜ ਜਾਂਦੇ ਹਨ, ਉਨ੍ਹਾਂ ਵਿਚ ਛੋਟਾ-ਵੱਡਾ, ਉਚਾ-ਨੀਵਾਂ ਕੁਝ ਨਹੀ ਰਹਿ ਜਾਂਦਾ, ਉਹ ਮਨੁੱਖ ਉਸ ਹਰੀ ਦੇ ਨਾਮ ਵਿਚ ਰੰਗੇ ਜਾਂਦੇ ਹਨ।

ਸੰਦੇਸ਼:-ਜੋ ਸਾਧਕ, ਜੋ ਮਨੁੱਖ ਉਸ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਹਨ, ਉਹ ਧੰਨ ਪੁਰਸ਼ ਹਨ। ਉਨ੍ਹਾਂ ਨੂੰ ਕਿਸੇ ਵਿਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਸਭ ਬਰਾਬਰ ਨਜ਼ਰ ਆਉਂਦੇ ਹਨ। ਮਨੁੱਖ ਨੂੰ ਸੱਚ ਦੇ ਰਸਤੇ ਚਲ ਕੇ ਮਾਨਵਤਾ ਨੂੰ ਪਿਆਰ ਕਰਨਾ ਚਾਹੀਦਾ ਹੈ ਆਦਿ।

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ" ਓਇ ਜਿ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ" ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ" ਮਿਠਤੁ ਨੀਵੀ ਨਾਨਕਾ ਗੁਰਣ ਚੰਗਿਆਈਆ ਤਤੁ"

ਭਾਵ ਕਿ ਗੁਰੂ ਸਾਹਿਬ ਨੇ ਕਿੰਨੀ ਖ਼ੂਬਸੂਰਤ ਤਸਬੀਹ ਨਾਲ ਮਨੁੱਖ ਨੂੰ ਸਮਝਾਇਆ ਹੈ। ਸਿੰਮਲ ਦਾ ਰੁੱਖ ਸਿੱਧਾ ਲੰਬਾ ਅਤੇ ਗੁੰਛੇਦਾਰ ਹੁੰਦਾ ਹੈ। ਇਸ ਉਪਰ ਜੇਕਰ ਕੋਈ ਆਸ ਕਰਕੇ ਆਵੇ, ਤਾਂ ਉਹ ਨਿਰਾਸ਼ ਹੋ ਕੇ ਜਾਂਦਾ ਹੈ, ਕਿਉਂਕਿ ਇਸਦੇ ਫਲ ਫਿੱਕੇ ਅਤੇ ਫੁੱਲ ਬਕਬਕੇ ਹੁੰਦੇ ਹਨ ਅਤੇ ਪੱਤੇ ਕਿਸੇ ਵੀ ਕੰਮ ਨਹੀਂ ਆਉਂਦੇ।

ਸੰਦੇਸ਼:-ਭਾਵ ਕਿ ਕਦ-ਕਾਠ ਦੇ ਉਚੇ ਵਿਅਕਤੀ ਕੋਲ ਜੇ ਗੁਣ ਨਹੀਂ, ਉਹ ਕਿਸੇ ਦੇ ਕੰਮ ਨਹੀਂ ਆਉਂਦਾ, ਤਾ ਉਹ ਬੇਕਾਰ ਹੈ। ਸਮਾਜ ਵਿਚ ਉਸਦੀ ਕੋਈ ਕਦਰ ਨਹੀਂ। ਜਿਸਦਾ ਸੁੱਖ ਕੋਈ ਨਹੀਂ, ਉਹ ਵਿਅਕਤੀ ਵੀ ਕੀ ਏ? ਨੀਵੀਂ ਚੀਜ਼ ਮਿੱਠੀ ਹੈ, ਤਾਂ ਉਸ ਵਿਚ ਚੰਗਿਆਈ ਦੇ ਤੱਤ ਹੁੰਦੇ ਹਨ। ਨੀਵੇਂ (ਨਿਮਰਤਾ) ਅਤੇ ਗੁਣਾਂ ਵਾਲੇ ਇਨਸਾਨ ਵਿਚ ਚੰਗਿਆਈ ਦੇ ਸਾਰੇ ਤੱਤ ਹੁੰਦੇ ਹਨ ਆਦਿ।

"ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।"

ਭਾਵ ਕਿ ਅਸਮਾਨ ਰੂਪੀ ਥਾਲ ਹੈ ਜਿਸ ਵਿਚ ਸੂਰਜ ਚੰਨ ਦੀਵੇ ਧਰੇ ਹੋਏ ਹਨ ਅਤੇ ਤਾਰਿਆਂ ਦਾ ਸਮੂਹ ਮੋਤੀ ਹਨ। ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦਾ ਸੁਹਣਾ ਚਿਤਰਨ ਆਰਤੀ ਦੇ ਰੂਪ ਵਿਚ ਕੀਤਾ ਹੈ। ਇਸ ਆਰਤੀ ਵਿਚ ਏਨੇ ਸ਼ਕਤੀਸ਼ਾਲੀ ਸ਼ਬਦ ਹਨ, ਜਿਸ ਨਾਲ ਵਾਤਾਵਰਣ ਅਤੇ ਮਾਨਵ ਦਾ ਹਿਰਦਾ ਸ਼ਾਂਤਮਈ ਅਤੇ ਅਧਿਆਤਮਿਕ ਹੋ ਜਾਂਦਾ ਹੈ, ਕੁਦਰਤ ਨਾਲ ਓਤ-ਪ੍ਰੋਤ ਹੋ ਜਾਂਦਾ ਹੈ।

ਸੰਦੇਸ਼:- ਇਸ ਆਰਤੀ ਨਾਲ ਮਾਨਵਤਾ ਅਤੇ ਵਾਤਾਵਰਣ ਸ਼ੁੱਧ ਹੁੰਦੇ ਹਨ। ਇਸ ਵਿਚ ਬੈਠੇ ਸ਼ਕਤੀਸ਼ਾਲੀ ਸ਼ਬਦ ਹਨ, ਉਨ੍ਹਾਂ ਦੀ ਖ਼ੁਸ਼ਬੂ ਨਾਲ, ਉਨ੍ਹਾਂ ਦੇ ਉਚਾਰਣ ਨਾਲ ਸਭ ਕੁਝ ਸ਼ੁੱਧ ਹੋ ਜਾਂਦਾ ਹੈ। ਮਨੁੱਖ ਨੂੰ ਕੁਦਰਤ ਵਾਂਗੂ ਵਿਚਰਨਾ ਚਾਹੀਦਾ ਹੈ।

"ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ" ਸੇ ਫਲ ਕੰਮਿ ਨਾ ਆਵਨੀ ਤੇ ਗੁਣ ਮੈ ਤਨਿ-ਹੰਨਿ"

ਭਾਵ ਕਿ ਮੇਰਾ (ਮਨੁੱਖ ਦਾ) ਸਰੀਰ ਸਿੰਮਲ ਦੇ ਰੁੱਖ ਵਰਗਾ ਹੈ, ਜਿਸਦੇ ਫਲ ਕਿਸੇ ਦੇ ਵੀ ਕੰਮ ਨਹੀਂ ਆਉਂਦੇ। ਮੈਨੂੰ ਵੇਖਕੇ ਲੋਕ ਭੁੱਲ ਜਾਂਦੇ ਹਨ, ਉਹੋ ਜਹੇ ਗੁਣ ਮੇਰੇ ਸਰੀਰ ਵਿਚ ਹਨ।

ਸੰਦੇਸ਼:-ਸਿੰਮਲ ਦਾ ਰੁੱਖ ਸੂਹੇ ਲਾਲ ਫੁੱਲਾਂ ਨਾਲ ਭਰਪੂਰ ਹੁੰਦਾ ਹੋਇਆ ਵੀ ਖ਼ੁਸ਼ਬੂ ਰਹਿਤ ਹੁੰਦਾ ਹੈ, ਜਿਸਦਾ ਕੋਈ ਸੁੱਖ ਨਹੀਂ ਹੁੰਦਾ। ਸਿੰਮਲ ਰੁੱਖ ਦੇ ਫੁੱਲਾਂ ਦੀ ਖ਼ੂਬਸੂਰਤੀ ਤੇ ਉਚਾਈ ਵੇਖ ਕੇ ਉਸ ਉਪਰ ਪੰਛੀ (ਤੋਤੇ) ਬੈਠਦੇ ਹਨ ਪਰ ਹਾਸਿਲ ਕੁਝ ਨਹੀਂ ਹੁੰਦਾ। ਆਦਮੀ ਆਪਣੇ ਹਰੀ ਨਾਮ ਨੂੰ ਲੋਕਾਂ ਤਕ ਵੰਡੇ, ਭਲਾਈ ਦੇ ਕਾਰਜ ਕਰੇ ਆਦਿ ਤਾਂ ਹੀ ਮਨੁੱਖ ਦਾ ਸੱਚਾ ਜੀਵਨ ਹੈ।

"ਪਉਣ ਪਾਣੀ ਅਗਨੀ ਬਿਸਰਾਉ" ਤਹੀ ਨਿਰੰਜਨੁ ਸਾਚੋ ਨਾਉ"

ਭਾਵ ਕਿ ਹਵਾ ਪਾਣੀ ਅੱਗ ਵਰਗੀਆਂ ਚੀਜ਼ਾਂ ਨੂੰ ਵਿਸਾਰ ਦਿਓ। (ਭਟਕਣ ਨੂੰ ਵਿਸਾਰ ਦਿਓ), ਤਾਂ ਉਥੇ ਹੀ ਹਰੀ ਦਾ ਸੱਚਾ ਨਾਮ ਵੱਸਦਾ ਹੈ।

ਸੰਦੇਸ਼:-ਮਨੁੱਖ ਆਪਣੀਆਂ ਇਛਾਵਾਂ ਨੂੰ ਕਾਬੂ ਵਿਚ ਰੱਖੇ, ਤਾਂ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ। ਕ੍ਰਿਤ ਨੂੰ ਛੱਡ ਕਰਤੇ ਯਾਦ ਰੱਖ।

"ਫਲੋਹਰ ਕੀਏ ਫੁਲ ਜਾਇ" ਰਸ ਕਸ ਖਾਏ ਸਾਦੁ ਗਵਾਇ"

ਭਾਵ ਕਿ ਕਈ ਨਿਰੇ ਫਲ ਹੀ ਖਾਂਦੇ ਹਨ, ਪਰ ਇਸ ਵਰਤ ਦਾ ਫਲ ਨਹੀਂ ਮਿਲਦਾ। ਕਈ ਰਸਦਾਰ ਚੀਜ਼ਾਂ, ਸਵਾਦੀ ਚੀਜ਼ਾਂ ਖਾਂਦੇ ਹਨ, ਪਰ ਫਿਰ ਵੀ ਆਪਣਾ ਸਵਾਦ ਗੁਆ ਲੈਂਦੇ ਹਨ।

ਸੰਦੇਸ਼:- ਹਰੀ ਪ੍ਰਭੂ ਦਾ ਨਾਮ ਲੈਣ ਵਾਲੇ ਮਹਾਂ ਪੁਰਸ਼ਾਂ ਨੂੰ ਸਵਾਦਾਂ ਦਾ ਸ਼ੌਕ ਨਹੀਂ ਹੁੰਦਾ। ਉਹ ਤਾਂ ਹਰੀ ਦੇ ਨਾਮ ਵਿਚ ਚੰਗੇ ਰਹਿੰਦੇ ਹਨ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਉਠਕੇ ਚੰਗੇ ਕਰਮ ਕਰ ਮਨੁੱਖ ਆਦਿ।

"ਤੇਰਸਿ ਤਰਵਰ ਸਮੁਦ ਕਨਾਰੈ"
ਅੰਮ੍ਰਿਤ ਮੂਲੁ ਸਿਖਰਿ ਲਿਵ ਤਾਰੈ"

ਭਾਵ ਕਿ ਮਨੁੱਖ ਦੀ ਜ਼ਿੰਦਗੀ ਸਮੁੰਦਰ ਦੇ ਕੰਢੇ ਉਤੇ ਰੁੱਖ ਦੀ ਤਰ੍ਹਾਂ ਹੈ (ਜੋ ਛੇਤੀ ਹੀ ਉਖੜ ਕੇ ਪਾਣੀ ਵਿਚ ਡਿਗ ਪਵੇਗਾ), ਪਰ ਉਸ ਦੀ ਜੜ੍ਹ ਅਮਰ ਹੋ ਸਕਦੀ ਹੈ ਉਸ ਦੀ ਚੋਟੀ ਲਿਵ ਦੀ ਤਾਰ ਨਾਲ ਬੱਧੀ ਰਹੇ। (ਇਹ ਸੁੰਦਰ ਪ੍ਰਤੀਕ ਦੱਸਦੇ ਹਨ)

ਸੰਦੇਸ਼:-ਇਹ ਸੁੰਦਰ ਪ੍ਰਤੀਕ ਦੱਸਦੇ ਹਨ, ਕਿ ਮਨੁੱਖ ਜੇ ਪ੍ਰਭੂ ਨਾਲ ਜੁੜਿਆ ਰਵੇ, ਤਾਂ ਉਸਦੀ ਜ਼ਿੰਦਗੀ ਸੰਵਰ ਜਾਂਦੀ ਹੈ। ਮਨੁੱਖ ਦੀ ਜ਼ਿੰਦਗੀ ਤਾਂ ਸਾਗਰ ਕੰਢੇ ਰੁੱਖ ਵਾਂਗੂ ਹੈ, ਕੱਦ ਨੇਰ੍ਹੀ, ਤੂਫ਼ਾਨ, ਝੱਖੜ (ਦੁੱਖਾਂ-ਤਕਲੀਫ਼ਾਂ ਨਾਲ ਡਿੱਗ ਜਾਵੇ) ਇਸ ਦੇ ਲਈ ਸਦਾ ਹਰੀ ਨੂੰ ਯਾਦ ਰੱਖੋ, ਮਾਨਵਤਾ ਦੇ ਕੰਮ ਆਵੇ।

"ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ। ਮਰਣ-ਜੀਵਨ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ"

ਭਾਵ ਕਿ ਪ੍ਰਾਣਾਂ ਨੂੰ ਹਵਾ ਪਾਣੀ ਆਦਿ ਨਾਲ ਬੰਨ੍ਹ ਰੱਖਿਆ ਹੈ, ਚੰਨ ਅਤੇ ਸੂਰਜ ਦੋ ਵੱਡੇ ਦੀਵੇ ਦਿੱਤੇ ਹਨ। ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਮਰਣ-ਜੀਵਨ ਜੁੜਿਆ ਹੋਇਆ ਹੈ।

ਸੰਦੇਸ਼:-ਮਨੁੱਖ ਦੀ ਜ਼ਿੰਦਗੀ ਦੀ ਸਾਰੀ ਕਾਰਗੁਜ਼ਾਰੀ ਹਵਾ, ਪਾਣੀ ਚੰਨ, ਸੂਰਜ ਦੇ ਨਾਲ ਹੈ। ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਜੀਵਨ-ਮਰਨ ਜੁੜਿਆ ਹੋਇਆ ਹੈ। ਮਨੁੱਖ ਨੂੰ ਪਾਣੀ, ਚੰਨ, ਸੂਰਜ, ਹਵਾ, ਧਰਤੀ ਨੂੰ ਨਮਸਕਾਰ ਕਰਨਾ ਚਾਹੀਦਾ, ਜਿਸਦੀ ਬਦੌਲਤ ਉਹ ਹੈ। ਉਸ ਪ੍ਰਭੂ ਦੀ ਬਦੌਲਤ ਜੀਵਨ ਹੈ, ਜਿਸਨੂੰ ਸ਼ੁਭ ਅਮਲਾਂ, ਚੰਗੇ ਕਰਮਾਂ ਨਾਲ ਗੁਜ਼ਾਰਿਆ ਜਾਵੇ।

"ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ"
ਸਾਜਣ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ।"

ਭਾਵ ਕਿ ਧੁਰ ਅੰਦਰ ਠੰਡ ਵਰਤ ਗਈ ਹੈ, ਗੁਰਬਾਣੀ ਰੂਪ ਅੰਮ੍ਰਿਤ ਦੇ ਵੱਸਣ ਨਾਲ। ਬੂੰਦ ਸੁਹਾਵਣੀ ਪੈਣ ਨਾਲ ਠੰਡ ਪੈ ਗਈ ਹੈ। ਹਰੀ ਨਾਲ ਇਸ ਤਰ੍ਹਾਂ ਮਿਲਾਪ ਹੈ ਜਿਸ ਤਰ੍ਹਾ ਸਾਜਣ ਦੇ ਮਿਲਣ ਵਾਂਗ, ਜਿਸਦੀ ਬਾਣੀ ਨਾਲ ਪ੍ਰੀਤ ਹੈ, ਉਹ ਹੀ ਉਸਦੀ ਪ੍ਰਾਪਤੀ ਪਾਉਂਦਾ ਹੈ।

ਸੰਦੇਸ਼:- ਕਵੀ ਗੁਰੂ ਨਾਨਕ ਨੇ ਬਹੁਤ ਹੀ ਸੁੰਦਰ ਕੁਦਰਤੀ ਪ੍ਰਤੀਕ ਲੈ ਕੇ ਮਨੁੱਖ ਨੂੰ ਸਮਝਾਇਆ ਹੈ, ਕਿ ਜਿਸ ਤਰ੍ਹਾਂ ਸੁਹਾਵਣੀ ਬੂੰਦ ਠੰਡ ਪਾ ਦਿੰਦੀ ਹੈ, ਹਰੀ ਦਾ ਨਾਮ ਵੀ ਇਵੇਂ ਹਿਰਦੇ ਵਿਚ ਠੰਡ ਪਾ ਦੇਂਦਾ ਹੈ। ਜਿਸ ਤਰ੍ਹਾਂ ਸੱਜਣ ਦੇ ਮਿਲਣ ਨਾਲ ਸੱਚੀ ਪ੍ਰੀਤ ਹੁੰਦੀ ਹੈ, ਇਵੇਂ ਹਰੀ ਦੇ ਦਰਸ਼ਨਾਂ ਨਾਲ ਮਨੁੱਖ ਦੀ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ। ਮਨੁੱਖ ਨੂੰ ਉਸ ਪ੍ਰਭੂ ਦੇ ਨਾਮ ਨਾਲ ਸੱਚਾ ਲਗਾਓ ਹੋਣਾ ਚਾਹੀਦਾ ਹੈ।

"ਉਨ ਵਿਘਨ ਛਾਏ ਬਰਸੁ ਸੁਭਾਏ ਮਨਿ-ਤਨਿ ਪ੍ਰੇਮੁ ਸੁਖਾਵੈ। ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ"

ਭਾਵ ਕਿ ਝੁਝ-ਝੁਕ ਕੇ ਬੱਦਲ ਛਾਏ ਹਨ, ਵਰਖਾ ਸ਼ੋਭਮਾਨ ਹੋਈ ਹੈ ਅਤੇ ਮਨ ਤਨ ਪ੍ਰੇਮ ਸੁਖਾਂਦਾ ਹੈ। ਕਿਰਪਾ ਹੋਣ 'ਤੇ ਉਹ ਹਰੀ ਮਨ ਵਿਚ ਆ ਜਾਂਦਾ ਹੈ।

ਸੰਦੇਸ਼:- ਚਾਰੇ ਪਾਸੇ ਬੱਦਲ ਛਾਏ ਹੋਏ ਹਨ, ਇਵੇਂ ਹਰੀ ਹਿਰਦੇ ਵਿਚ ਬਰਸਦਾ ਹੈ। ਉਸਦੇ ਨਾਮ ਨਾਲ ਠੰਡ ਵਰਤ ਜਾਂਦੀ ਹੈ, ਮਨ ਵਿਚ ਸਕੂਨ ਉਤਪਨ ਹੋ ਜਾਂਦਾ ਹੈ।

"ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ" ਪਿਰ ਘਰਿ ਨਹੀਂ ਆਵੈ ਧਨ ਕਿਉ ਸੁਖੁ ਪੈ ਬਿਰਹਿ ਬਿਰੋਧ ਤਨੁ ਛੀਜੈ" ਕੋ ਦਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।। ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ"

ਭਾਵ ਕਿ ਬਾਹਰ ਦੇ ਇਲਾਕੇ ਵਿਚ ਜੰਗਲ ਫੁੱਲ ਪਵੇ, ਜੇ ਮੇਰੇ ਘਰ ਪਤੀ ਵਾਪਸ ਆਏ; ਜਿਸ ਤਰ੍ਹਾਂ ਮਾਰੂਥਲ ਵਿਚ, ਉਜਾੜ ਵਿਚ ਜੰਗਲ ਹਰਿਆ-ਭਰਿਆ ਹੋ ਜਾਂਦਾ ਹੈ, ਤਾਂ ਬਹਾਰਾਂ ਹੀ ਬਹਾਰਾਂ ਆ ਜਾਂਦੀਆਂ ਹਨ, ਤਿਵੇਂ ਪਤੀ ਦੇ ਘਰ ਪੈਰ ਪਾਉਣ ਨਾਲ ਘਰ ਵਿਚ ਖ਼ੁਸ਼ੀਆਂ ਹੀ ਖ਼ੁਸ਼ੀਆਂ ਆ ਜਾਂਦੀਆਂ ਹਨ। ਵਿਛੋੜੇ ਕਰਕੇ ਸਰੀਰ ਟੁੱਟ ਰਿਹਾ ਹੈ, ਕਿਵੇਂ ਦੁੱਖ ਨੂੰ ਦਿਲ ਅੰਦਰ ਸਹਾਰਾ। ਅੰਬਾਂ ਉਤੇ ਕੋਇਲ ਸੁਹਾਣੇ ਬੋਲ-ਕੂਕਦੀ ਹੈ। ਹੇ ਮਾਈ! ਮੈਂ ਕਿਵੇਂ ਜੀਵਾਂ, ਭੌਰਾ ਫੁੱਲਾਂ ਲੱਦੀ ਟਹਿਣੀ ਉਤੇ ਘੁੰਮ ਰਿਹਾ ਹੈ। ਬਸੰਤੀ ਦੀ ਖ਼ੁਸ਼ੀ ਦਾ ਸੁੰਦਰ ਦ੍ਰਿਸ਼ ਵਰਣਨ ਹੈ।

ਸੰਦੇਸ਼:- ਮਨਮੋਹਣੇ ਪ੍ਰਤੀਕਾਂ ਦੇ ਨਾਲ ਕਵੀ ਗੁਰੂ ਸਮਝਾਂਦੇ ਹਨ ਮਨੁੱਖ ਨੂੰ ਪ੍ਰਭੂ ਨਾਲ ਜੋੜਣ ਦੀ ਵਿਧੀ ਦੱਸਦੇ ਹਨ। ਪ੍ਰਭੂ ਦੇ ਮੇਲ ਨਾਲ ਹਿਰਦੇ ਦੇ ਜੰਗਲ ਹਰੇ ਭਰੇ ਹੋ ਜਾਂਦੇ ਹਨ। ਉਸਦੇ ਮਿਲਣਨਾਲ ਤ੍ਰਿਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਪ੍ਰਭੂ ਦੇ ਨਾਮ ਵਿਚ ਅਥਾਹ ਸ਼ਕਤੀ ਹੈ।

"ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।। ਜਲ-ਥਲ ਨੀਰਿ ਭਰੇ ਬਰਸ ਰੁਤੇ ਰੰਗ ਮਾਣੀ" ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ" ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਤਸੰਤੇ" ਮਛਰ ਡੰਗ ਸਾਇਰ ਭਰ ਸੁਤਰ ਬਿਨੁ ਹਰਿ ਕਿਉ ਸੁਖੁ ਪਾਈਐ" ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ"

ਭਾਵ ਕਿ ਭਾਦਰੋਂ ਮਾਹ ਵਿਚ ਬੱਦਲ ਧੜਾ-ਧੜ ਆਉਂਦੇ ਹਨ, ਪਰ ਜਲਦੀ ਹੀ ਉਡ ਜਾਂਦੇ ਹਨ, ਇਹ ਮੌਸਮ ਹੋਰ ਹੀ ਤਰ੍ਹਾਂ ਦਾ ਹੈ ਅਤੇ ਭੁਲੇਖਾ ਮਈ ਹੁੰਦਾ ਹੈ, ਇਸੇ ਤਰ੍ਹਾਂ ਹੀ ਜੀਵ ਰੂਪੀ ਇਸਤਰੀ ਵੀ ਭਰਮ ਵਿਚ ਭੁੱਲੀ ਹੋਈ ਆਪਣੇ ਹਾਰ ਸ਼ਿੰਗਾਰ ਵਿਚ ਲੱਗੀ ਹੋਈ ਹੈ। ਚਾਰ-ਚੁਫੇਰੇ ਜਲ ਥਲ ਪਾਣੀ ਨਾਲ ਭਰੇ ਅਤੇ ਮੌਜ ਮਾਣਨ ਵਾਲੀ ਬਾਰਿਸ਼ ਦੀ ਰੁੱਤ ਹੈ, ਕਾਲੀ ਰੁੱਤ ਨੂੰ ਮੀਂਹ ਵਰਦਾ ਹੈ, ਡੱਡੂ ਗੁੜੈਂ-ਗੁੜੈਂ ਕਰਦੇ ਹਨ, ਮੋਰ ਕੂਹਕਦੇ ਹਨ, ਪਪੀਹਾ ਵੀ ਪ੍ਰਿਉ-ਪ੍ਰਿਉ ਕਰਦਾ ਹੈ, ਪਰ ਪਤੀ ਤੋਂ ਵਿਛੜੀ ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਆਨੰਦ

**(ਬਾਕੀ ਅਗਲੇ ਸਫ਼ੇ 'ਤੇ)**

# ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ: ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

**(ਸਫਾ 23 ਦੀ ਬਾਕੀ)**

ਨਹੀਂ ਮਿਲਦਾ, ਉਸਨੂੰ ਤਾਂ ਇਹੀ ਲੱਗਦਾ ਹੈ, ਕਿ ਮੱਛਰ ਡੰਗ ਮਾਰਦੇ ਹਨ, ਸੱਪ ਡੱਸਦੇ ਫਿਰਦੇ ਹਨ। ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਨੂੰ ਵੀ ਪ੍ਰਭੂ ਪਤੀ ਦੇ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਸਨੂੰ ਹੋਰ ਰੰਗ ਤਮਾਸ਼ਿਆਂ ਵਿਚੋਂ ਆਤਮਿਕ ਆਨੰਦ ਨਹੀਂ ਮਿਲਦਾ, ਸਗੋਂ ਰੰਗ ਤਮਾਸ਼ੇ ਮੱਛਰ ਤੇ ਸੱਪਾਂ ਵਾਂਗੂ ਡੰਗ ਮਾਰਦੇ ਪ੍ਰਤੀਤ ਹੁੰਦੇ ਹਨ। ਹੇ ਨਾਨਕ! ਤੂੰ ਆਖ ਕਿ ਮੈਂ ਤੇ ਆਪਣੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰਾਂਗੀ ਤੇ ਉਥੇ ਹੀ ਜਾਵਾਂਗੀ ਜਿੱਥੇ ਮੇਰਾ ਪ੍ਰਭੂ ਪਤੀ ਮਿਲ ਸਕਦਾ ਹੈ।

ਸੰਦੇਸ਼:-ਬਾਹਰੀ ਸੁੱਖਾਂ ਦੀ ਭਾਲ ਨਾਲੋਂ ਹਰੀ ਨਾਮ ਦਾ ਸੁੱਖ ਉਤਮ ਹੈ। ਕਵੀ ਨਾਨਕ ਜੀ ਨੇ ਕਮਾਲ ਦੇ ਪ੍ਰਤੀਕ ਲੈ ਕੇ ਸਮਝਾਇਆ ਹੈ। ਜਿਸ ਤਰ੍ਹਾਂ ਇਕ ਨਾਰੀ ਪਤੀ ਪ੍ਰੇਮ ਲਈ ਵਿਆਕੁਲ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਹਰੀ-ਪ੍ਰਭੂ ਦਾ ਭਗਤ, ਉਸਦੀ ਸ਼ਰਨ, ਉਸਦੀ ਪ੍ਰਾਪਤੀ ਲੋਚਦਾ ਹੈ। ਉਸਨੂੰ ਪ੍ਰਭੂ ਦੇ ਸਿਮਰਨ 'ਚ ਆਨੰਦ ਮਿਲਦਾ ਹੈ।

'ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ'' ਦਹ ਦਿਸਿ ਸਾਖ ਹਰੀ ਹਰੀ ਆਵਲ ਸਹਿਜ ਪਕੈ ਸੋ ਮੀਠਾ'' ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰੂ ਭਏ ਬਸੀਠਾ''

ਭਾਵ ਕਿ ਜਿਵੇਂ ਭਾਦਰੋਂ ਦੇ ਘੁੰਮੇ ਦੇ ਦਿਨ ਅਤੇ ਅੱਸੂ ਦੇ ਰੁੱਤੇ ਇਸਤਰੀ ਦੇ ਮਨ ਵਿਚ ਪਤੀ ਨੂੰ ਮਿਲਣਜ਼ ਦੀ ਤਾਂਘ ਹੁੰਦੀ ਹੈ, ਤਿਵੇਂ ਜਿਸ ਜੀਵ ਰੂਪੀ ਇਸਤਰੀ ਨੇ ਪ੍ਰਭੂ ਦੇ ਵਿਛੋੜੇ ਵਿਚ ਕਾਮਦਾਇਕ ਵੈਰੀਆਂ ਦੇ ਹੱਲਿਆਂ ਦੇ ਦੁਖ ਦੇਖ ਲਏ ਹਨ, ਉਹ ਅਰਦਾਸ ਕਰਦੀ ਹੈ, ਕਿ ਹੇ ਪ੍ਰਭੂ ! ਪਤੀ ਜੀ ਮੇਰੇ ਹਿਰਦੇ ਵਿਚ ਆ ਵੱਸੋ ਦੁਨੀਆ ਦੇ ਝੂਠੇ ਮੋਹ ਵਿਚ ਮੈਂ ਫਸ ਕੇ ਖੁਆਰ ਹੋ ਰਹੀ ਹਾਂ। ਸਰੀਰਕ ਕਮਜ਼ੋਰੀ ਤੇ ਕੇਸ ਚਿੱਟੇ ਹੋਣ ਕਰਕੇ ਮੇਰਾ ਮਨ ਡੋਲਦਾ ਹੈ, ਕਿ ਅਜੇ ਤਕ ਪ੍ਰਭੂ ਪਤੀ ਦਾ ਦੀਦਾਰ ਨਹੀਂ ਹੋ ਸਕਿਆ, ਪਰ ਹਰ ਪਾਸੇ ਹਰੀਆਂ ਸ਼ਾਖਾਂ ਦੀ ਹਰਿਆਵਲ ਵੇਖ ਕੇ ਮਨ ਨੂੰ ਧੀਰਜ ਬੱਝਦਾ ਹੈ, ਕਿ ਜਿਹੜਾ ਜੀਵ ਅਡੋਲ ਅਵਸਥਾ ਵਿਚ ਦ੍ਰਿੜ ਰਹਿੰਦਾ ਹੈ, ਉਸਨੂੰ ਪ੍ਰਭੂ ਮਿਲਾਪ ਦੀ ਖੁਸ਼ੀ ਮਿਲਦੀ ਹੈ। ਹੇ ਨਾਨਕ! ਤੂੰ ਵੀ ਆਖ ਤੇ ਅਰਦਾਸਾ ਕਰ ਕਿ ਹੇ ਪਿਆਰੇ ਪ੍ਰਭੂ ਤੂੰ ਮਿਹਰ ਕਰ ਤੇ ਗੁਰੂ ਵਿਚੋਲੇ ਰਾਹੀਂ ਮੈਨੂੰ ਆਪਣਾ ਮਿਲਾਪ ਬਖ਼ਸ਼।

ਸੰਦੇਸ਼:-ਕਵੀ ਗੁਰੂ ਨਾਨਕ ਜੀ ਨੇ ਰੁੱਤਾਂ ਮਹੀਨਿਆਂ ਦੇ ਪ੍ਰਤੀਕ ਲੈ ਕੇ ਮਨੁੱਖ ਨੂੰ ਕਿਹਾ ਹੈ, ਕਿ ਝੂਠੇ ਮੋਹ ਸੰਸਾਰ ਤੋਂ ਉਪਰ ਹੈ ਉਸ ਪ੍ਰਭੂ ਦਾ ਨਾਮ। ਉਸਦੀ ਮਿਹਰ ਸਦਕਾ ਹੀ ਸਭ ਕੁਝ ਹੁੰਦਾ ਹੈ। ਜਿਸ ਮਨੁੱਖ ਵਿਚ ਧੀਰਜ, ਹੌਸਲਾ ਸ਼ਕਤੀਆਂ ਹਨ, ਉਸਨੂੰ ਹੀ ਪ੍ਰਭੂ ਮਿਲਣ ਦੀ ਬਖਸ਼ਿਸ਼ ਹੁੰਦੀ ਹੈ।

''ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ'' ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ''

ਭਾਵ ਕਿ ਜਿਸ ਜੀਵ ਦੇ ਮਨ ਅਤੇ ਤਨ ਵਿਚ ਸਾਰੇ ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਆ ਕੇ ਵੱਸ ਜਾਂਦਾ ਹੈ ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ ਤੇ ਉਸਨੂੰ ਚੌਹਾਂ ਪਾਸੇ (ਚਾਰੇ ਪਾਸੇ) ਦੇ ਜੀਵਾਂ ਵਿਚ ਉਸ ਪ੍ਰਭੂ ਦੀ ਜੋਤ ਸਮਾਈ ਹੋਈ ਦਿਸਦੀ ਹੈ। ਅੰਡਜ: ਆਂਡੇ ਤੋਂ ਪੈਦਾ ਹੋਣ ਵਾਲੇ ਜੀਵ, ਜੇਰਜ: ਜ਼ੇਰ ਤੋਂ ਪੈਦਾ ਹੋਣ ਵਾਲੇ ਜੀਵ, ਸੇਤਜ: ਮੁੜਕੇ ਤੋਂ ਪੈਦਾ ਹੋਣ ਵਾਲੇ ਜੀਵ, ਉਤਭੁਜ: ਧਰਤੀ ਤੋਂ ਪੈਦਾ ਹੋਈ ਉਤਪਤੀ।

ਸੰਦੇਸ਼:-ਕਣ-ਕਣ ਵਿਚ ਉਸ ਪ੍ਰਭੂ ਦਾ ਵਾਸਾ ਹੈ। ਹਰ ਜੀਵ-ਪ੍ਰਾਣੀ ਨਾਲ ਮੋਹ-ਪਿਆਰ ਨਾਲ ਰਿਹਾ ਜਾਵੇ।

''ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ'' ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭ ਗੁਰਮਖਿ ਜਾਨਿਆ''

ਭਾਵ ਕਿ ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਜੀ ਹੀ ਵਿਆਪਕ ਹਨ, ਹੋਰ ਕੋਈ ਨਹੀਂ, ਇਹ ਸਮਝ ਉਸਨੂੰ ਪੈਂਦੀ ਹੈ ਜੋ ਅੰਤਰ-ਆਤਮੇ ਦੇ ਨਾਮ ਵਿਚ ਪਰੋਤਾ ਰਹਿੰਦਾ ਹੈ। ਜਿਸ ਪ੍ਰਭੂ ਨੇ ਪਾਣੀ, ਧਰਤੀ, ਤ੍ਰਿਲੋਕੀ ਤੇ ਹਰੇਕ ਸਰੀਰ ਬਣਾਇਆ ਹੈ, ਉਸਦੀ ਸਮਝ ਉਸ ਜੀਵ ਨੂੰ ਗੁਰੂ ਰਾਹੀਂ ਸਹੀ ਪੈ ਜਾਂਦੀ ਹੈ।

ਸੰਦੇਸ਼:-ਗੁਰੂ ਰਾਹੀਂ ਹੀ ਮਨੁੱਖ ਨੂੰ ਸਹੀ ਰਸਤਾ ਮਿਲਦਾ ਹੈ। ਜੋ ਵਿਅਕਤੀ ਸਾਧਕ ਅੰਤਰ-ਆਤਮਾ ਦੇ ਨਾਮ ਨਾਲ ਭਿੱਜਿਆ ਹੈ, ਉਹ ਹੀ ਸੱਚੇ ਨਾਮ ਦਾ ਮਾਲਿਕ ਹੈ।

''ਸਤਿਗੁਰੂ ਸਬਦੀ ਮਿਲੈ ਵਿਛੁਨੀ ਤਨੁ-ਮਨੁ ਆਗੈ ਰਾਖੈ''
ਨਾਨਕ ਅੰਮ੍ਰਿਤ ਬਿਰਖੁ ਮਹਾਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ''

ਭਾਵ ਕਿ ਹੇ ਨਾਨਕ! ਆਪ ਕਿ ਜਿਹੜੀ ਜੀਵ ਰੂਪੀ ਇਸਤਰੀ ਗੁਰੂ ਦੇ ਸ਼ਬਦ ਰਾਹੀਂ ਆਪਣਾ ਤਨ ਤੇ ਮਨ ਉਸ ਪ੍ਰਭੂ ਦੇ ਹਵਾਲੇ ਕਰ ਦਿੰਦੀ ਹੈ, ਉਸਨੂੰ ਉਸ ਪ੍ਰਭੂ ਦੇ ਮੇਲ ਹੋ ਜਾਂਦੇ ਹਨ। ਪਰਮਾਤਮਾ ਦਾ ਨਾਮ ਜੀਵ ਨੂੰ ਆਤਮਿਕ ਜੀਵਨ ਦੇਣ ਵਾਲਾ ਐਸਾ ਰੁੱਖ ਹੈ ਜਿਸਨੂੰ ਉਚੇ ਆਤਮਿਕ ਗੁਣਾਂ ਦੇ ਫਲ ਲੱਗੇ ਰਹਿੰਦੇ ਹਨ ਅਤੇ ਗੁਰੂ ਸ਼ਬਦ ਰਾਹੀਂ ਪ੍ਰਭੂ ਅੱਗੇ ਆਪਣਾ ਤਨ-ਮਨ ਭੇਂਟ ਕਰਨ ਵਾਲੀ ਜੀਵ ਰੂਪੀ ਇਸਤਰੀ ਇਸ ਅੰਮ੍ਰਿਤ ਰੁੱਖ ਦੇ ਫੁੱਲਾਂ ਦਾ ਸੁਆਦ ਚੱਖਦੀ ਰਹਿੰਦੀ ਹੈ।

ਸੰਦੇਸ਼:-ਗੁਰੂ ਸ਼ਬਦ ਰਾਹੀਂ ਹੀ ਮਨੁੱਖ ਉਸ ਪ੍ਰਭੂ ਦੀ ਪ੍ਰਾਪਤੀ ਤਕ ਚੰਗੇ ਕੰਮਾਂ ਦੀ ਬੁਨਿਆਦੀ ਤਕ ਪਹੁੰਚ ਸਕਦਾ ਹੈ।

''ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ''
ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੇ ਸਵਾਇਆ।''

ਭਾਵ ਕਿ ਵੱਡੀ ਹਸਤੀ ਵਾਲੇ ਪਰਮਾਤਮਾ ਨੇ ਤਿੰਨਾਂ ਭਵਨਾਂ (ਧਰਤੀ, ਆਕਾਸ਼, ਪਾਤਾਲ) ਨੂੰ ਆਪਣਾ ਆਸਰਾ ਦੇ ਕੇ ਰੱਖਿਆ ਹੋਇਆ ਹੈ, ਉਸ ਦੇ ਗੁਣਾਂ ਦਾ ਅੱਜ ਤਕ ਕਿਸੇ ਨੇ ਅੰਤ ਨਹੀਂ ਪਾਇਆ ਅਤੇ ਉਸਨੇ ਕਈ ਰੰਗਾਂ ਅਤੇ ਕਈ ਜਿਨਸਾਂ ਦੇ ਜੀਵ ਪੈਦਾ ਕੀਤੇ ਹੋਏ ਹਨ ਅਤੇ ਉਨ੍ਹਾਂ ਨੂੰ ਨਿੱਤ ਦਾਨ ਦੇਂਦਾ ਰਹਿੰਦਾ, ਉਸਦਾ ਭੰਡਾਰ ਮੁੱਕਦਾ ਨਹੀਂ, ਸਦਾ ਵਧਦਾ ਰਹੀ ਰਹਿੰਦਾ ਹੈ।

ਸੰਦੇਸ਼:-ਸਾਰੀ ਕਾਇਨਾਤ ਧਰਤੀ, ਆਕਾਸ਼, ਪਾਤਾਲ ਨੂੰ ਉਸ ਪ੍ਰਭੂ ਦਾ ਹੀ ਆਸਰਾ ਹੈ। ਉਸਦੇ ਬੇਅੰਤ ਗੁਣਾਂ ਕਰਕੇ ਸਭ ਨੂੰ ਕੁਝ ਨਾ ਕੁਝ ਮਿਲ ਰਿਹਾ ਹੈ। ਜੀਵ-ਪ੍ਰਾਣੀ ਜੋ ਪੈਦਾ ਕੀਤੇ ਹਨ, ਉਨ੍ਹਾਂ ਦਾ ਉਹੋ ਹੀ ਪਾਲਣਹਾਰ ਹੈ। ਮਨੁੱਖ ਨੂੰ ਆਪਣੇ ਕੀਤੇ ਕਰਮਾਂ 'ਤੇ ਘੁਮੰਡ ਨਹੀਂ ਹੋਣਾ ਚਾਹੀਦਾ, ਕਿਉਂਕਿ ਸਭ ਕੁਝ ਪਰਮਾਤਮਾ ਕਰ ਰਿਹਾ ਹੈ।

''ਹਰਿ ਸਿਮਰਿ ਏਕੰਕਾਰੁ ਸਾਚਾ ਸਭ ਜਗਤੁ ਜਿੰਨਿ ਉਪਾਇਆ''
ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ''

ਭਾਵ ਕਿ ਹੇ ਮੇਰੇ ਮਨ ਉਸ ਸਰਬ-ਵਿਆਪਕ ਤੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਦਾ ਰਹੋ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ ਅਤੇ ਹਵਾ ਪਾਣੀ ਅੱਗ (ਆਦਿਕ ਤੱਤਾਂ) ਨੂੰ ਨਿਯਮ ਬੱਧ ਕੀਤਾ ਹੋਇਆ ਹੈ, ਵਾਹਿਗੁਰੂ ਜੀ ਦੇ ਇਸ ਖੇਲ ਦੀ ਸਮਝ ਗੁਰੂ ਰਾਹੀਂ ਹੀ ਜੀਵ ਨੂੰ ਪੈਂਦੀ ਹੈ।

ਸੰਦੇਸ਼:- ਜਿਸ ਪ੍ਰਭੂ ਨੇ ਸਭ ਕੁਝ ਨਿਯਮ ਬੱਧ ਕੀਤਾ ਹੈ, ਤੂੰ ਉਸ ਦਾ ਨਾਮ ਸਿਮਰਦਾ ਰਹੋ। ਇਹੋ ਤੇਰੇ ਸੁੱਖ ਦਾ ਰਸਤਾ ਹੈ।

''ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨਾ ਅੰਬੜੈ ਰਾਮ''
ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸ਼ਬਦ ਸੁਰਤਿ ਲੰਘਾਵਏ''
ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ''

ਜਿਵੇਂ ਬੇੜੀ ਤੋਂ ਬਗੈਰ ਪਾਰ ਨਹੀਂ ਜਾਇਆ ਜਾ ਸਕਦਾ ਤਿਵੇਂ ਰਾਮ ਦੇ ਨਾਮ ਤੋਂ ਬਿਨਾਂ ਪਾਰ ਉਤਾਰਾ ਨਹੀਂ ਹੋ ਸਕਦਾ। ਜਿਵੇਂ ਬੇੜੀ ਤੋਂ ਬਿਨਾਂ ਮਨੁੱਖ ਨਦੀ ਤੋਂ ਪਾਰ ਨਹੀਂ ਹੋ ਸਕਦਾ। ਇਸ (ਸੰਸਾਰ-ਸਮੁੰਦਰ) ਦੀਆਂ ਵਿਸ਼ੇ-ਵਿਕਾਰ ਰੂਪੀ ਲਹਿਰਾਂ ਪੈ ਰਹੀਆਂ, ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰਲੇ ਪਾਸੇ ਸੱਜਣ ਪ੍ਰਭੂ ਵੱਸਦਾ ਹੈ, ਗੁਰੂ ਸ਼ਬਦ ਦੀ ਸੁਰਤਿ ਹੀ ਇਸ ਸਮੁੰਦਰ ਤੋਂ ਪਾਰ ਕਰ ਸਕਦੀ ਹੈ। ਹੇ ਮਨ ਤੂੰ ਸਾਧ ਸੰਗਤ ਵਿਚ ਮਿਲਕੇ ਵਾਹਿਗੁਰੂ ਨੂੰ ਸਿਮਰ ਕੇ ਆਨੰਦ ਮਾਣਦਾ ਰਹੇ ਤਾਂ ਤੂੰ ਵੀ ਪਾਰ ਹੋ ਜਾਏਗਾ ਅਤੇ ਫਿਰ ਤੈਨੂੰ ਪਛਤਾਣਾ ਨਹੀਂ ਪਵੇਗਾ।

ਸੰਦੇਸ਼ :- ਵਾਹਿਗੁਰੂ ਦੇ ਸੱਚੇ ਸ਼ਬਦ ਨਾਲ ਹੀ ਤੂੰ ਭਵਸਾਗਰ ਪਾਰ ਕਰ ਸਕਦਾ ਏ। ਨਾਮ ਸਿਮਰਨ ਤੋਂ ਬਿਨਾਂ ਤੂੰ ਮੰਜ਼ਿਲ ਨਹੀਂ ਪਾ ਸਕਦਾ।

''ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ।।
ਨਾਨਕ ਹਰੇ ਨ ਸੂਕ ਹੀ ਜਿ ਗੁਰਮੁਖਿ ਰਹੇ ਸਮਾਇ''

ਭਾਵ ਕਿ ਹੇ ਭਾਈ ਇਹ ਦੁਨੀਆ ਦੀਆਂ ਰੁੱਤਾਂ ਤੇ ਮਹੀਨੇ ਆਂਵਦੇ-ਜਾਂਵਦੇ ਹਨ, ਪਰ ਤੁਸੀਂ ਹਉਮੈ ਨੂੰ ਵਿਸਾਰਨ ਵਾਲੇ ਕਰਮ ਕਰਕੇ ਵੇਖੋ, ਉਹ ਸਦਾ ਖੇੜੇ ਵਾਲੀ ਰੁੱਤ ਕਦੇ ਅਲੋਪ ਨਹੀਂ ਹੋਵੇਗੀ। ਹੇ ਨਾਨਕ! ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪ੍ਰਭੂ ਯਾਦ ਵਿਚ ਟਿਕ ਜਾਂਦੇ ਹਨ, ਉਨ੍ਹਾਂ ਦੀ ਆਤਮਾ ਸਦਾ ਖਿੜ੍ਹੀ ਰਹਿੰਦੀ ਹੈ ਅਤੇ ਉਹ ਖੇੜਾ ਕਦੇ ਸੁੱਕਦਾ ਨਹੀਂ।

ਸੰਦੇਸ਼:- ਐ ਮਨੱਖ ਇਹ ਖੂਬਸੂਰਤ ਰੁੱਤਾਂ-ਮਹੀਨੇ ਆਉਂਦੇ ਜਾਂਦੇ ਰਹਿੰਦੇ ਹਨ। ਮਨੁੱਖ ਹਉਮੈ ਨੂੰ ਤਿਆਗੇ। ਪ੍ਰਭੂ ਦੇ ਨਾਮ ਵਾਲੀ ਖੇੜੇ ਦੀ ਰੁੱਤ ਸਦਾ ਹੀ ਰਹਿੰਦੀ ਹੈ।

''ਰੁਤਿ ਆਈਲੇ ਸਰਸ ਬਸੰਤ ਮਾਹਿ''
ਰੰਗ ਰਾਤੇ ਰਵਹਿ ਸਿ ਤੇਰੈ ਚਾਇ''

ਭਾਵ ਕਿ ਹੇ ਵਾਹਿਗੁਰੂ। ਜੀ ਜਿਹੜੇ ਬੰਦੇ ਤੇਰੇ ਪਿਆਰ ਦੇ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਜਿਹੜੇ ਤੈਨੂੰ ਸਿਮਰਦੇ ਹਨ, ਉਹ ਤੇਰੇ ਮਿਲਾਪ ਦੀ ਖੁਸ਼ੀ ਵਿਚ ਰਹਿੰਦੇ ਹਨ ਮਾਨੋ ਮਨੱਖਾ ਜਨਮ ਉਨ੍ਹਾਂ ਵਾਸਤੇ ਬਸੰਤ ਰੁੱਤ ਆਈ ਹੋਈ ਹੈ।

ਸੰਦੇਸ਼:- ਮਨੱਖ ਜਨਮ ਕੀਮਤੀ ਜਨਮ ਹੈ, ਜਿਸਨੇ ਦੁਬਾਰਾ ਨਹੀਂ ਆਉਣਾ। ਇਸ ਜੀਵਨ ਨੂੰ ਬਸੰਤ ਰੁੱਤ ਵਾਂਗ ਹੀ ਉਹ ਮਨੁੱਖ ਸਮਝਦੇ ਹਨ, ਜਿਨ੍ਹਾਂ ਨੂੰ ਪ੍ਰਭੂ ਨਾਮ ਦੀ ਸੋਝੀ ਹੈ।

''ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ''
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ''

ਭਾਵ ਕਿ ਇਨਸਾਨੀ ਜੀਵਨ ਵਾਸਤੇ ਦੋ ਹੀ ਰੁੱਤਾਂ ਹਨ, ਸਿਮਰਨ ਅਤੇ ਨਾਮਹੀਨਤਾ, ਇਨ੍ਹਾਂ ਵਿਚੋਂ ਜਿਹੜੀ ਰੁੱਤ ਦੇ ਪ੍ਰਭਾਵ ਹੇਠ ਜੀਵ ਆਪਣਾ ਜੀਵਨ ਗੁਜ਼ਾਰਦਾ ਹੈ, ਇਸ ਦੇ ਸ਼ਰੀਰ ਨੂੰ ਉਹੋ ਜਿਹਾ ਹੀ ਸੁੱਖ ਜਾਂ ਦੁੱਖ ਮਿਲਦਾ ਹੈ, ਉਸੇ ਪ੍ਰਭਾਵ ਹੇਠ ਹੀ ਇਸ ਦਾ ਸਰੀਰ ਅਤੇ ਗਿਆਨ ਇੰਦਰੀਆਂ ਚੱਲਦੀਆਂ ਹਨ।

ਸੰਦੇਸ਼:- ਹੇ ਨਾਨਕ! ਮਨੁੱਖ ਵਾਸਤੇ ਉਹੀ ਰੁੱਤ ਸੋਹਣੀ ਹੈ ਜਦੋਂ ਇਹ ਨਾਮ ਸਿਮਰਦਾ ਹੈ, ਨਾਮ ਸਿਮਰਨ ਤੋਂ ਬਿਨਾਂ ਕੁਦਰਤ ਦੀ ਬਦਲਦੀ ਹੋਈ ਕੋਈ ਰੁੱਤ ਵੀ ਇਸਨੂੰ ਆਤਮਿਕ ਸੁੱਖ ਨਹੀਂ ਦੇ ਸਕਦੀ। ਆਦਮੀ ਦੇ ਚਾਲ ਚਲਣ ਦੇ ਮੁਤਾਬਿਕ ਹੀ ਉਸਦੇ ਸੁੱਖ ਦੁੱਖ ਹੁੰਦੇ ਹਨ। ਸਿਮਰਨ ਕਰਨ ਵਾਲੇ ਮਨੁੱਖ ਸੁੱਖਾਂ ਦੇ ਭਾਗੀ ਹੁੰਦੇ ਹਨ।

''ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ''
ਨਦੀ ਉਪਕੰਨਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ।।
ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ''

ਭਾਵ ਕਿ ਇਹ ਜਗਤ ਮਾਨੋ ਕਾਗਜ਼ਾਂ ਦਾ ਕਿਲ੍ਹਾ ਹੈ, ਜਿਸਨੂੰ ਪ੍ਰਭੂ ਨੇ ਆਪਣੀ ਸਿਆਣਪ ਨਾਲ ਸਜਾਵਟ ਅਤੇ ਰੂਪ ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਝੌਂਕਾ ਕਾਗਜ਼ ਦੇ ਕਿਲ੍ਹੇ ਦੀ ਸ਼ੋਭਾ ਗਵਾ ਦੇਂਦਾ ਹੈ, ਤਿਵੇਂ ਇਹ ਜਗਤ ਪਲ ਵਿਚ ਜੰਮਦਾ ਅਤੇ ਮਰਦਾ ਹੈ। ਜਿਵੇਂ ਕਿਸੇ ਨਦੀ ਦੇ ਕੰਢੇ 'ਤੇ ਕੋਈ ਘਰ ਹੋਵੇ ਜਾਂ ਰੁੱਖ ਹੋਵੇ, ਜਦੋਂ ਨਦੀ ਦਾ ਵੇਗ ਉਲਟਦਾ ਹੈ ਤਾਂ ਫਿਰ ਨਾ ਘਰ ਰਹਿੰਦਾ ਹੈ ਅਤੇ ਨਾ ਹੀ ਉਹ ਰੁੱਖ। ਜਿਵੇਂ, ਜੇ ਕਿਸੇ ਮਨੁੱਖ ਦੇ ਘਰ ਵਿਚ ਸਪਣੀ ਦਾ ਘਰ ਹੋਵੇ ਤਾਂ ਜਦੋਂ ਵੀ ਮੌਕਾ ਮਿਲਦਾ ਹੈ, ਸਪਣੀ ਉਸਨੂੰ ਡੰਗ ਮਾਰੇਗੀ, ਇਸੇ ਤਰ੍ਹਾਂ ਮਨੁੱਖ ਦੇ ਮਨ ਵਿਚ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦਾ ਆਸਰਾ ਉਸ ਨਦੀ ਦੇ ਉਲਟੇ ਹੜ੍ਹ ਵਾਂਗ ਅਤੇ ਉਸ ਘਰ ਵਿਚ ਵੱਸਦੀ ਸਪਣੀ ਵਾਂਗ ਹੈ, ਇਹ ਦੂਜੀ ਝਾਕ ਆਤਮਿਕ ਮੌਤ ਲਿਆਉਂਦੀ ਹੈ।

ਸੰਦੇਸ਼:- ਮਨੁੱਖ ਜੀਵਨ ਦਾ ਕੋਈ ਭਰੋਸਾ ਨਹੀਂ, ਕਦ ਦੁਨੀਆ ਤੋਂ ਰੁਖਸਤ ਹੋ ਜਾਏ। ਗੁਰੂ ਜੀ ਨੇ ਬਹੁਤ ਵਧੀਆ ਤਸ਼ਬੀਹਾਂ ਦੇ ਕੇ ਸਮਝਾਇਆ ਕਿ ਮਨੁੱਖੀ ਜੀਵਨ ਕਾਗਜ਼ੀ ਕਿਲ੍ਹਾ ਭਾਵ ਕਿ ਮਨੁੱਖ ਤੇ ਲੱਗਾ ਦਾਗ਼ ਉਸਦੀ ਸ਼ਖਸੀਅਤ ਖ਼ਤਮ ਕਰ ਦਿੰਦੀ ਹੈ। ਪ੍ਰਭੂ ਦਾ ਨਾਮ ਹੀ ਉਸਨੂੰ ਪਾਕ-ਪਵਿੱਤਰ ਰੱਖਦਾ ਹੈ।

''ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ੍ਰ ਰੈਨਿ ਬਬੀਹਾ ਬੋਲਿਓ ਮੇਰੀ ਮਾਈ''

ਭਾਵ ਕਿ ਹੇ ਮੇਰੀ ਮਾਂ! ਸਵਾਂਤੀ ਬੂੰਦ ਦੀ ਤਾਂਘ ਵਿਚ ਰਾਤੀਂ ਬਬੀਹਾ ਬੜੇ ਵੈਰਾਗ ਵਿਚ ਬੋਲਿਆ, ਉਸਦੀ ਵਿਲਕਦੀ ਆਵਾਜ਼ ਸੁਣ ਕੇ ਮੇਰੇ ਅੰਦਰ ਵੀ ਧੂਹ ਪਈ ਹੈ। ਮੇਰੀ ਮਾਂ! ਬਬੀਹੇ ਦੀ ਕੂਕ ਸੁਣਕੇ ਮੈਨੂੰ ਸਮਝ ਆਈ ਕਿ ਬਬੀਹਾ ਤੇ ਮੱਛੀ ਪਾਣੀ ਤੋਂ ਹੀ ਸੁੱਖ ਪਾਂਦੇ ਹਨ।

ਸੰਦੇਸ਼:-ਜਿਸ ਤਰ੍ਹਾਂ ਮੱਛੀ ਤੇ ਬਬੀਹਾ ਪਾਣੀ ਤੋਂ ਸੁੱਖ ਲੈਂਦੇ ਹਨ, ਏਸੇ ਤਰ੍ਹਾਂ ਹੀ ਮਨੁੱਖ ਦੀ ਆਤਮਿਕ ਖੁਰਾਕ ਪ੍ਰਭੂ ਦਾ ਸੱਚਾ ਨਾਮ ਹੈ। ਪ੍ਰਭੂ ਦੇ ਨਾਮ ਵਿਚ ਹੀ ਮਨੁੱਖ ਦੀਆਂ ਹੋਰ ਪ੍ਰਾਪਤੀਆਂ ਦੀ ਜਿੱਤ ਹੁੰਦੀ ਹੈ।

''ਅਖਲੀ ਊਡੀ ਜਲੁ ਭਰ ਨਾਲਿ'' ਡੂਗਰੁ ਊਚਉ ਗੜੁ ਪਾਤਾਲਿ''
ਸਾਗਰ ਸੀਤਲੁ ਗੁਰ ਸ਼ਬਦ ਵੀਚਾਰਿ'' ਮਾਰਗ ਮੁਕਤਾ ਹਉਮੈ ਮਾਰਿ''

ਭਾਵ ਕਿ ਲਮਢੀਗ (ਪੰਛੀ) ਉਚੇ ਆਕਾਸ਼ ਵਿਚ ਉਡ ਰਿਹਾ ਹੈ ਤਾਂ ਉਥੇ ਉਡਦੇ ਨੂੰ ਪਾਣੀ ਨਹੀਂ ਮਿਲ ਸਕਦਾ, ਕਿਉਂਕਿ ਪਾਣੀ ਸਮੁੰਦਰ ਵਿਚ ਹੈ। ਆਤਮਿਕ ਸ਼ਾਂਤੀ ਸ਼ੀਤਲਤਾ ਨਿਮਰਤਾ ਵਿਚ ਹੈ ਉਸ ਮਨੁੱਖ ਨੂੰ ਨਹੀਂ ਪ੍ਰਾਪਤ ਹੋ ਸਕਦੀ, ਜਿਸਦਾ ਦਿਮਾਗ ਮਾਇਆ ਆਦਿ ਦੇ ਅਹੰਕਾਰ ਵਿਚ ਅਸਮਾਨੀ ਚੜ੍ਹਿਆ ਹੋਵੇ। ਜੇ ਕੋਈ ਮਨੁੱਖ ਸਤਸੰਗ ਆਦਿ ਦਾ ਆਸਰਾ ਲੋੜਦਾ ਹੈ, ਪਰ ਚੜ੍ਹਿਆ ਹੋਵੇ ਅਹੰਕਾਰ ਦੇ ਪਹਾੜ ਉਤੇ ਤਾਂ ਉਸ ਰਾਹੇ ਪੈ ਕੇ ਵੈਰੀਆਂ ਦੀ ਚੋਟ ਤੋਂ ਬਚ ਨਹੀਂ ਸਕਦਾ। ਗੁਰੂ ਦੇ ਸ਼ਬਦ ਦੀ ਵਿਚਾਰ ਕੀਤਿਆਂ ਗੁਰ ਸ਼ਬਦ ਦੀ ਸਹਾਇਤਾ ਸਦਾ ਜੀਵਨ ਦਾ ਰਸਤਾ ਖੁੱਲਾ ਹੋ ਜਾਂਦਾ ਹੈ ਅਤੇ ਸੰਸਾਰ ਸਮੁੰਦਰ ਜੋ ਵਿਸ਼ੇ-ਵਿਕਾਰਾਂ ਨਾਲ ਤਪ ਰਿਹਾ ਹੈ, ਠੰਡਾ ਠਾਰ ਹੋ ਜਾਂਦਾ ਹੈ।

ਸੰਦੇਸ਼:-ਹੰਕਾਰੀ ਆਦਮੀ ਨੂੰ ਪ੍ਰਭੂ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ ਹੈ। ਕਿਸੇ ਵੀ ਕਿਸਮ ਦਾ ਹੰਕਾਰ ਮਨੁੱਖ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕਰਦਾ ਹੈ। ਮਨੁੱਖ ਆਪਣੇ ਹੰਕਾਰ ਨੂੰ ਪ੍ਰਭੂ ਨਾਮ ਨਾਲ ਖ਼ਤਮ ਕਰੇ। ਭਲਾਈ ਦੇ ਕੰਮ ਕਰੇ।

''ਸੂਰਜ ਚੰਦੁ ਉਪਾਇ ਜੋਤਿ ਸਮਾਣਿਆ। ਕੀਤੇ ਰਾਤਿ ਦਿਨੰਤੁ ਚੋਜ ਵਿਡਾਣਿਆ।।''

ਭਾਵ ਕਿ ਸਾਰੀ ਰਚਨਾ ਸੰਸਾਰ ਦੀ ਰਚ ਕੇ ਆਪਣੇ ਵੱਡੇ ਚੋਜ ਨਾਲ ਰਾਤ ਦਿਨ ਵੀ ਵਾਹਿਗੁਰੂ ਨੇ ਬਣਾਏ ਅਤੇ ਸੂਰਜ, ਚੰਦਰਮਾ ਆਦਿ ਦੀ ਰਚਨਾ ਕੀਤੀ, ਇਸ ਸਭ ਕਾਸੇ ਵਿਚ ਵਾਹਿਗੁਰੂ ਜੀ ਆਪ ਜੋਤ ਰੂਪ ਹੋ ਕੇ ਸਮਾਏ ਹੋਏ ਹਨ।

ਸੰਦੇਸ਼:- ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਆਪ ਹੈ।

''ਸੁਰਿ ਮਿਲਿਐ ਮਨੁ ਰਹਸੀਐ ਜਿਉ ਵੂਠੈ ਧਰਣਿ ਸੀਗਾਰੁ''
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲੁ ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ।''

ਭਾਵ ਕਿ ਜੇ ਗੁਰੂ ਮਿਲ ਪਵੇ ਤਾਂ ਮਨ ਖਿਲ ਪੈਂਦਾ ਹੈ, ਜਿਵੇਂ ਮੀਂਹ ਪੈਣ ਨਾਲ ਧਰਤੀ ਦੀ ਸਜਾਵਟ ਬਣਕੇ ਸਾਰੀ ਧਰਤੀ ਹਰੀ-ਭਰੀ ਦਿਸ ਆਂਵਦੀ ਹੈ, ਸਰੋਵਰ ਤੇ ਤਲਾਬ ਨੱਕੋ-ਨੱਕ ਪਾਣੀ ਨਾਲ ਭਰ ਜਾਂਦੇ ਹਨ। ਇਸ ਤਰ੍ਹਾਂ ਜਿਸਨੂੰ ਗੁਰੂ ਮਿਲਦਾ ਹੈ, ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਪਿਆਰ ਵਿਚ ਰਚ ਜਾਂਦਾ ਹੈ ਅਤੇ ਮਜੀਠ (ਰੰਗ) ਵਾਂਗ ਰੱਤਾ ਪੱਕੇ ਪਿਆਰ ਵਾਲਾ ਹੋ ਜਾਂਦਾ ਹੈ। ਉਸਦਾ ਹਿਰਦਾ ਖਿੜ੍ਹ ਜਾਂਦਾ ਹੈ। ਵਾਹਿਗੁਰੂ ਸਦਾ ਉਸਦੇ ਹਿਰਦੇ ਵਿਚ ਆ ਵੱਸਦਾ ਹੈ।

ਸੰਦੇਸ਼:- ਗੁਰੂ ਦੀ ਪ੍ਰਾਪਤੀ ਸਭ ਤੋਂ ਉਚੀ ਤੇ ਸੱਚੀ। ਜਿਸ ਤਰ੍ਹਾਂ ਮੀਂਹ ਪੈਣ ਨਾਲ ਕੁਦਰਤ ਖੁਸ਼ਹਾਲ ਹੋ ਜਾਂਦੀ ਹੈ, ਖਿੜ੍ਹ ਜਾਂਦੀ ਹੈ, ਪ੍ਰਭੂ ਦੇ ਮਿਲਣ ਨਾਲ ਵੀ ਮਨੁੱਖ ਦਾ ਤਨ ਮਨ ਰੂਹ ਖਿੜ੍ਹ ਜਾਂਦੇ ਹਨ। ਪ੍ਰਭੂ ਦੀ ਪ੍ਰਾਪਤੀ ਵਿਚ ਖੇੜਾ ਹੀ ਖੇੜਾ ਹੁੰਦਾ ਹੈ।

''ਉਪਰਿ ਕੂਪ ਗਗਨ ਪਨਿਹਾਰੀ ਅੰਮ੍ਰਿਤ ਪੀਵਣਹਾਰਾ'' ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ''

ਭਾਵ ਕਿ ਨਾਮ ਅੰਮ੍ਰਿਤ ਦਾ ਸੋਖਾ ਪਰਮਾਤਮਾ ਸਭ ਤੋਂ ਉਚਾ ਹੈ। ਉਚੀ ਬਿਰਤੀ ਵਾਲਾ ਜੀਵ ਹੀ ਉਸਦੀ ਮਿਹਰ ਨਾਲ ਨਾਮ ਅੰਮ੍ਰਿਤ ਪੀ ਸਕਦਾ ਹੈ। ਨਾਮ ਅੰਮ੍ਰਿਤ ਪਿਲਾਣ ਦਾ ਤਰੀਕਾ ਵੀ ਉਹ ਪਰਮਾਤਮਾ ਆਪ ਹੀ ਜਾਣਦਾ ਹੈ, ਜਿਸਦੀ ਰਚੀ ਹੋਈ ਇਹ ਸ੍ਰਿਸ਼ਟੀ ਹੈ। ਜੀਵ ਗੁਰੂ ਦੀ ਸ਼ਰਨ ਪੈਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ ਅਤੇ ਉਸਦੇ ਗੁਣਾਂ ਦੀ ਵੀਚਾਰ ਕਰਦਾ ਹੈ।

ਸੰਦੇਸ਼:- ਉਚੀ ਬਿਰਤੀ ਵਾਲਾ ਮਨੁੱਖ ਹੀ ਉਸ ਪ੍ਰਭੂ ਨੂੰ ਪਾ ਸਕਦਾ ਹੈ। ਸੱਚਾ, ਸੁੱਚਾ ਨੇਕ ਮਨੁੱਖ ਹੀ ਚੰਗਾ ਇਨਸਾਨ ਕਹਾਉਂਦਾ ਹੈ। ਉਚ ਪ੍ਰਾਪਤੀਆਂ ਉਸਦੀ ਹੀ ਝੋਲੀ ਵਿਚ ਪੈਂਦੀਆਂ ਹਨ ਜੋ ਮਿਹਨਤ ਕਰਦੇ ਹਨ ਅਤੇ ਪ੍ਰਭੂ ਨਾਲ ਸਾਂਝ ਰੱਖਦੇ ਹਨ ਆਦਿ।

''ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ ਕਲ'' ਤਾਹੂ ਖਰੇ ਸੁਜਾਣ ਵੰਞ ਏਨੀ ਕਪਰੀ'' ਝੜ ਝਖੜ ਓਹਾੜ ਲਹਰੀ ਵਹਿਨ ਲਖੇਸਰੀ''

ਭਾਵ ਕਿ ਹੇ ਭਾਈ! ਜੇ ਤੂੰ ਸੰਸਾਰ ਸਮੁੰਦਰ ਦੇ ਪਾਣੀ ਦਾ ਤਾਰੂ ਬਣਨਾ ਚਾਹੁੰਦਾ ਹੈ ਤਾਂ ਤਰਨ ਦੀ ਜਾਚ, ਉਨ੍ਹਾਂ ਨੂੰ ਪੁੱਛ, ਜਿਨ੍ਹਾਂ ਨੂੰ ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਣ ਦੀ ਜਾਚ ਹੈ। ਹੇ ਭਾਈ! ਉਹ ਮਨੁੱਖ ਹੀ ਸਿਆਣੇ ਹਨ ਜੋ ਇਸ ਸੰਸਾਰ ਸਮੁੰਦਰ ਦੀਆਂ ਵਿਕਾਰਾਂ ਰੂਪੀ ਲਹਿਰਾਂ ਵਿਚੋਂ ਪਾਰ ਲੰਘਦੇ ਹਨ, ਮੈਂ ਭੀ ਉਨ੍ਹਾਂ ਦੀ ਸੰਗਤ ਵਿਚ ਹੀ ਇਨ੍ਹਾਂ ਲਹਿਰਾਂ ਤੋਂ ਪਾਰ ਲੰਘ ਸਕਦਾ ਹਾਂ। ਹੇ ਭਾਈ! ਇਸ ਸੰਸਾਰ ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਪੈ ਰਹੀਆਂ ਹਨ।

ਸੰਦੇਸ਼:-ਮਨੁੱਖ ਲਈ ਸਦੇਸ਼ ਬਣਦਾ ਹੈ ਕਿ ਮਨੁੱਖ ਵਿਕਾਰਾਂ ਤੋਂ ਦੂਰ ਰਹੇ। ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ।

ਸੰਦੇਸ਼:-ਮਨੁੱਖ ਲਈ ਸੰਦੇਸ਼ ਬਣਦਾ ਹੈ ਕਿ ਵਿਕਾਰਾਂ ਤੋਂ ਦੂਰ ਰਹੇ। ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ।

''ਨਿਰਮਲੁ ਨਾਵਣੁ ਨਾਨਕਾ ਗੁਰੁ ਤੀਰਥ ਦਰੀਆਉ''
ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ''

ਭਾਵ ਕਿ ਇਸ ਸੰਸਾਰ ਵਿਚ ਵਿਕਾਰਾਂ ਨਾਲ ਜੋ ਮੈਲ ਮਨੁੱਖ ਨੂੰ ਲਗਾਤਾਰ ਲੱਗਦੀ ਰਹਿੰਦੀ ਹੈ: ਉਸਨੂੰ ਲਹੁਣ ਵਾਸਤੇ (ਗੁਰੂ ਦਰੀਆਉ) ਹੀ ਸੱਚਾ ਤੀਰਥ ਹੈ ਜਿਸਦੀ ਸੰਗਤ ਵਿਚ ਚੁੱਭੀ ਲਾਉਣ ਨਾਲ ਪਵਿੱਤਰ ਹੋ ਜਾਈਦਾ ਹੈ। ਹੇ ਭਾਈ! ਜਦ ਤਕ ਮਨੁੱਖ ਦੇ ਮਨ ਵਿਚ ਪ੍ਰਭੂ ਦੀ ਭਗਤੀ ਨਹੀਂ, ਪਰਮਾਤਮਾ ਦਾ ਪ੍ਰੇਮ ਨਹੀਂ, ਤਦ ਤਕ ਉਸਦੇ ਮੁਨੱਖਾ ਜਨਮ ਹਾਸਿਲ ਕੀਤੇ ਦਾ ਕੋਈ ਲਾਭ ਨਹੀਂ ਹੈ।

ਸੰਦੇਸ਼:- ਪ੍ਰਭੂ ਦਾ ਨਾਮ ਹੀ ਸੱਚਾ ਤੀਰਥ ਹੈ। ਮਨ ਨੂੰ ਸ਼ੁੱਧ ਕਰਨ ਲਈ ਪ੍ਰਭੂ ਦਾ ਨਾਮ ਜਰੂਰੀ ਹੈ। ਪ੍ਰਭੂ ਦੇ ਨਾਮ ਨਾਲ ਮਨੁੱਖ ਸੱਚਾ ਸੁੱਚਾ ਬਣਦਾ ਹੈ, ਜਿਸ ਨਾਲ ਉਸਦਾ ਜੀਵਨ ਸਫ਼ਲ ਚੱਲਦਾ ਹੈ।

''ਬਲਿਹਾਰੀ ਕੁਦਰਤਿ ਵਸਿਆ'' ਤੇਰਾ ਅੰਤੁ ਨ ਜਾਈ ਲਖਿਆ''

ਭਾਵ ਕਿ ਹੇ ਵਾਹਿਗੁਰੂ! ਜੀ ਤੇਰੇ ਅੰਤ ਦੀ ਲਖਤਾ ਨਹੀਂ ਹੋ ਸਕਦੀ, ਭਾਵ ਤੂੰ ਬੇਅੰਤ ਹੇ ਅਤੇ ਮੈਂ ਤੇਰੇ ਇਸ ਗੁਣ ਕਿ ਕੁਦਰਤਿ ਸਾਜ ਕੇ ਇਸ ਵਿਚ ਤੂੰ ਆਪਣਾ ਵਾਸਾ ਕੀਤਾ ਹੈ, ਤੋਂ ਬਲਿਹਾਰ ਜਾਂਦਾ ਹੈ।

ਇਕ ਮਹਾਨ ਖੋਜੀ ਅਧਿਆਤਮਿਕ ਅਤੇ ਨੈਤਿਕ ਉਪਦੇਸ਼ਕ ਹੋਣ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਇਕ ਸਰਵੋਤਮ ਪੱਧਰ ਦੇ ਮਹਾਨ ਕਵੀ ਸਨ।

****

## ਬੈਂਕਾਂ ਅਤੇ ਪੈਟਰੋਲ ਪੰਪਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਹਦਾਇਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਪੈਟਰੋਲ ਪੰਪਾਂ ਅਤੇ ਬੈਂਕਾਂ ਵਿਚ ਡਕੈਤੀਆਂ ਤੇ ਲੁੱਟ ਖੋਹ ਦੀਆਂ ਘਟ-ਨਾਵਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਰਾਜੇਸ਼ ਧੀਮਾਨ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਤਹਿਤ ਹਰੇਕ ਬੈਂਕ ਅਤੇ ਪੈਟਰੋਲ ਪੰਪ ਵਾਸਤੇ ਸੀ। ਸੀ। ਟੀ। ਵੀ ਕੈਮਰੇ ਜ਼ਰੂਰੀ ਕਰਾਰ ਦਿੱਤੇ ਹਨ।

ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਇਹ ਸੀ.ਸੀ.ਟੀ.ਵੀ. ਕੈਮਰੇ ਘੱਟੋ-ਘੱਟ 7 ਦਿਨ ਦੀ ਰਿਕਾਰਡਿੰਗ ਸਮਰੱਥਾ ਰੱਖਣ ਵਾਲੇ ਹੋਣੇ ਚਾਹੀਦੇ ਹਨ। ਇਸ ਹੁਕਮ ਨੂੰ ਲਾਗੂ ਕਰਵਾਉਣ ਲਈ ਸੀਨੀਅਰ ਪੁਲਿਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਕੰਟਰੋਲਰ ਸ਼ਹੀਦ ਭਗਤ ਸਿੰਘ ਨਗਰ ਅਤੇ ਲੀਡ ਬੈਂਕ ਮੈਨੇਜਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਜ਼ਿੰਮੇਵਾਰ ਹੋਣਗੇ। ਇਹ ਹੁਕਮ 30 ਨਵੰਬਰ 2024 ਤੱਕ ਲਾਗੂ ਰਹੇਗਾ।

# ਨਸ਼ਿਆਂ ਦੇ ਖਾਤਮੇ ਲਈ ਚੰਗਾ ਮੋਕਾ-ਉਸ ਨੂੰ ਚੁਣੋ ਜੋ ਨਸ਼ਿਆਂ ਦੀ ਸਮਾਪਤੀ ਦਾ ਪ੍ਰਣ ਲਵੇ

## (ਲੋਕਤੰਤਰ ਦੀ ਤੀਸਰੀ ਸਰਕਾਰ ਦੀਆਂ ਚੋਣਾਂ ਦਾ ਗੋਡੇ ਗੋਡੇ ਚਾਅ)



ਡਾ. ਸੰਦੀਪ ਘੰਡ
94782-31000

ਤੀਸਰੀ ਸਰਕਾਰ ਜਿਸ ਨੂੰ ਲੋਕਤੰਤਰ ਦਾ ਥੰਮ ਕਿਹਾ ਗਿਆਂ ਦੀਆਂ ਤਿਆਰੀਆਂ ਜੋਰਾਂ ਤੇ ਚਲ ਰਹੀਆਂ ਹਨ। ਦਿਨ ਵੇਲੇ ਇਹ ਰੋਲਾ ਗੋਲਾ ਬਲਾਕ ਪੰਚਾਇੰਤ ਅਫਸਰ, ਤਹਿਸੀਲਦਾਰ ਅਤੇ ਕਚਿਹਰੀ ਵਿੱਚ ਬੇਠੇ ਵਕੀਲਾਂ ਅਤੇ ਟਾਈਪਸਟ ਦੇ ਅੱਡਿਆਂ ਤੇ ਜਦੋਂ ਵੱਡੀਆਂ ਵੱਡੀਆਂ ਟੋਲੀਆਂ ਆਉਦੀਆਂ ਤਾਂ ਚਾਅ ਚੜ ਜਾਦਾਂ।ਗੱਡੀਆਂ ਦੀ ਵੱਡੀ ਗਿਣਤੀ ਮਾਵਾ ਲੱਗਿਆਂ ਕੁੜਤਾ ਪਜਾਮਾ ਲੱਗਦਾ ਨਹੀਂ ਚਾਲੀ ਜਾਂ ਤੀਹ ਹਜਾਰ ਰੁਪਏ ਵਿੱਚ ਸਰ ਜਾਵੇਗਾ। ਪਰ ਸਰਕਾਰਾਂ ਦਾ ਕਿਹਾ ਸਿਰ ਮੱਥੇ ਪੰਤਾਲਾ ਉਥੇ ਦਾ ਉਥੇ ਭਾਵ ਹੁਣ ਸੀਏ ਨੂੰ ਚਾਲੀ ਹਜਾਰ ਦੇਕੇ ਇਹ ਕਰਵਾਉਣਾ ਵੀ ਚਾਲੀ ਹਜਾਰ ਵਿੱਚ ਚੋਣ ਲੜੀ ਦਾ ਖਰਚਾ ਦਿਖਾਉਣਾ। ਚਲੋ ਇਹ ਖਰਚੇ ਤਾਂ ਛੋਟੇ ਅਜੇ ਵੀ ਜੇਕਰ ਲੋਕ ਸਮਝਦਾਰੀ ਦਿਖਾਉਣ ਤਾਂ ਨਸ਼ਾ ਮੁਕਤ ਤੀਜੀ ਸਰਕਾਰ ਦੀ ਚੋਣ ਕਰ ਸਕਦੇ ਹਨ। ਸਰਬਸੰਤੀ ਨਾਲ ਚੋਣ ਕਰਨ ਲਈ ਵੀ ਬੋਲੀ ਲਾਈ ਜਾਂਦੀ ਬੋਲੀ 70 ਲੱਖ ਤੱਕ ਇੱਕ ਪਿੰਡ ਵਿੱਚ ਤਾਂ ਦੋ ਕਰੋੜ ਦੀ ਬੋਲੀ ਦੇਕੇ ਬੋਲੀਕਾਰ ਬੈਠਾ ਵੀ ਹੈ ਕਿਸੇ ਵਿੱਚ ਹਿੰਮਤ ਤਾਂ ਉਹ ਆ ਸਕਦਾ।ਪੰਜਾਬ ਦੇ ਚੋਣ ਕਮਿਸ਼ਨਰ ਨੇ 2 ਕਰੋੜ ਵਾਲੇ ਨੂੰ ਤਾਂ ਬੁਲਾ ਲਿਆ ਕੀ ਖੱਟੇਗਾਂ ਸਰਪੰਚੀ ਵਿੱਚ।ਉੱਧਰ ਦਿਨੇ ਨਸ਼ਾਂ ਨਾ ਵਰਤਾਉਣ ਦਾ ਹੋਕਾ ਦੇਣ ਵਾਲਿਆਂ ਦੇ ਦਿਨ ਦੇ ਵਪਾਰੀ ਹੋਰ ਹੁੰਦੇ ਅਤੇ ਰਾਤ ਵਾਲੇ ਹੋਰ।ਰਾਤ ਨੂੰ ਥੱਕ ਅਤੇ ਅੱਕ ਕੇ ਸਾਰਾ ਟੋਲਾ ਪਿੰਡ ਵਿੱਚ ਆ ਜਾਦਾਂ ਥੋੜੇ ਸਮੇਂ ਦੀ ਚਰਚਾ ਤੋਂ ਬਾਅਦ ਵੋਟਰ ਸੂਚੀ ਤੇ ਟਿੱਕ ਮਾਰਨੇ ਸ਼ੁਰੂ ਹੋ ਜਾਦੇਂ ਅਤੇ ਲਾਲ ਪਰੀ ਦੇ ਸ਼ੋਕੀਨਾਂ ਦਾ ਦੋਰ ਸ਼ੁਰੂ ਹੋ ਜਾਦਾਂ। ਵੋਟਾਂ ਦੀ ਗਿਣਤੀ ਬੇਸ਼ਕ 15 ਅਕਤੂਬਰ 2024 ਨੂੰ ਸ਼ਾਮ ਵੋਟਾਂ ਤੋਂ ਬਾਅਦ ਹੋਣੀ ਪਰ ਰਾਤ ਨੂੰ ਨੀਦ ਆਉਣ ਦਾ ਹੱਲ ਵੀ ਕੱਢਣਾ ਜੋ ਹੋਇਆ।

ਬੇਸ਼ਕ ਪੰਜਾਬ ਸਰਕਾਰ ਨੇ ਪੰਚਾਇਤ ਚੋਣਾਂ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਬਿੰਨਾਂ ਕਿਸੇ ਪਾਰਟੀ ਦੇ ਚੋਣ ਨਿਸ਼ਾਨ ਤੋਂ ਲੜੇ ਜਾਣ ਦਾ ਫੈਸਲਾ ਕੀਤਾ।ਪਰ ਫੇਰ ਸਮਝ ਨਹੀ ਆਉਦੀ ਕਿ ਵਿਧਾਇਕ ਸਾਹਿਬ ਸਟੇਜ ਤੇ ਕਿਉਂ ਬੜਕ ਮਾਰਦੇ ਕਿ ਸਾਡੇ ਬੰਦੇ ਵੱਲ ਕੋਈ ਨਾ ਝਾਕੇ ਐਂਤਕੀ ਤਾਂ ਸਾਡਾ ਸਰਪੰਚ ਬਣੇਗਾ। ਕਹਿੰਦੇ ਸਰਪੰਚ ਨੇ ਚੋਣ ਜਾਬਤੇ ਉਲੁਘੰਣਾ ਪਰ ਵਿਧਾਇਕ ਕਹਿੰਦਾਂ ਸਾਨੂੰ ਤਾਂ ਉਲੁਘਣਾ ਕਰਨੀ ਆਉਦੀ ਨਹੀ ਸੀ ਇਹ ਤੁਸੀ ਹੀ ਸਿਖਾਈ ਹੈ। ਪਰ ਪਿੰਡਾਂ ਵਾਲਿਉ ਬਹੁਤ ਵਧੀਆ ਮੋਕਾ ਹੋ ਸਕਦਾ ਜੇ ਪੰਚਾਇੰਤ ਚੰਗੀ ਚੁਣ ਲਉ ਜਿਹੜਾ ਨਸ਼ਿਆਂ ਨੂੰ ਖਤਮ ਕਰਨ ਦਾ ਰੋਲਾ ਰੋਜਾਨਾ ਪਾਓਂਦੇ ਹੋ ਹੁਣ ਮੋਕਾ। ਸੰਵਿਧਾਨ ਅੁਨਸਾਰ ਦਿੱਤੇ ਅਧਿਕਾਰਾਂ ਦਾ ਇਸਤੇਮਾਲ ਕਰਕੇ ਮਤਾ ਪਾ ਸਕਦੇ ਹੋ ਕਿ ਪਿੰਡ ਵਿੱਚ ਠੇਕਾ ਨਹੀ ਖੁੱਲੇਗਾ।ਬਾਕੀ ਨਸ਼ੇ ਤਾਂ ਗੈਰਕਾਨੂੰਨੀ ਹਨ ਪਿੰਡ ਵਿੱਚ ਨਾ ਵੜਣ ਦੇਣਾ।ਬਚਾ ਲਉ ਨੌਜਵਾਨਾਂ ਨੂੰ ਜੇਕਰ ਬਚਾ ਸਕਦੇ ਹੋ। ਪੈਸੇ ਵਾਲਿਆਂ ਨੇ ਤਾਂ ਵਿਦੇਸ਼ਾਂ ਵਿੱਚ ਭੇਜ ਕੇ ਬਚਾ ਲੈਣਾ।ਪੜ੍ਹੀ ਲਿੱਖੀ ਨਸ਼ਾਂ ਮੁਕਤ ਡਰ ਮੁਕਤ ਸਰਕਾਰ ਚੁਣ ਲਵੋ।ਜਿਵੇਂ ਸਾਡੇ ਬਾਬਾ ਨਨਾਨਕ ਜੀ ਨੇ ਬਾਬਰ ਨੂੰ ਜਾਬਰ ਕਿਹਾ ਸੀ ਹੁਣ ਵੀ ਲੋੜ ਹੈ ਅਜਿਹੇ ਹਾਕਮਾ ਖਿਲਾਫ ਬੋਲਣ ਦੀ ਜੋ ਨਸ਼ੇ ਵਾਲਿਆਂ ਦਾ ਸਾਥ ਦਿੰਦੇ।ਪਰ ਅਸੀਂ ਇਹ ਜਾਣਦੇ ਹਾਂ ਕਿ ਰਾਜਨੀਤੀ ਦਾ ਪ੍ਰਭਾਵ ਇੰਨ੍ਹਾਂ ਚੋਣਾਂ ਤੇ ਕਿੰਨਾਂ ਹੁੰਦਾਂ।

ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲੋਂ ਸੰਵਿਧਾਨ ਵਿੱਚ 73ਵੀਂ ਸੋਧ ਪਾਸ ਕਰਵਾਕੇ ਇੱਕ ਇਤਹਾਸ ਸਿਰਜ ਦਿੱਤਾ ਸੀ ਜਿਸ ਵਿੱਚਪਿੰਡ ਪੱਧਰ ਦੇ ਵਿਕਾਸ ਦੇ ਕੰਮ ਪੰਚਾਇਤਾਂ ਅਤੇ ਬਲਾਕ ਸੰਮਤੀਆਂ ਅਤੇ ਜਿਲ੍ਹਾ ਪ੍ਰੀਸਦ ਆਪ ਕਰਨਗੀਆਂ। ਮਹਾਤਮਾ ਗਾਂਧੀ ਦਾ ਪੰਚਾਇਤਾਂ ਨੂੰ ਸਮਰਥਨ ਇਸ ਗੱਲ ਦੀ ਗਵਾਹੀ ਭਰਦਾ ਕਿ ਅਸਲ ਲੋਕਤੰਤਰ ਪਿੰਡਾਂ ਵਿੱਚ ਵਸਦਾ। ਉਹਨਾਂ ਦਾ ਕਹਿਣਾ ਸੀ ਕਿ ਜੇਕਰ ਪਿੰਡ ਵਿਕਸਤ ਹੋ ਜਾਣ ਤਾਂ ਦੇਸ਼ ਆਪਣੇ ਆਪ ਵਿਕਸਤ ਹੋ ਜਾਵੇਗਾ।ਉਹ ਪਿੰਡਾਂ ਨੂੰ ਸਵੈ-ਸੰਭਾਲ, ਆਤਮ ਨਿਰਭਰ ਅਤੇ ਸਵੈ-ਸ਼ਾਸ਼ਨ ਦੀ ਮਿਸਾਲ ਮੰਨਦੇ ਸਨ।

ਇਸ ਲਈ ਉਪਰੋਕਤ ਸੋਚ ਦੇ ਸਦਰੰਭ ਵਿੱਚ ਜੋ ਆਦਰਸ਼ ਪੰਚਾਇੰਤ ਮਹਾਤਮਾਂ ਗਾਂਧੀ ਜੀ ਦਾ ਸੁਪਨਾ ਸੀ ਉਸ ਨੂੰ ਪੂਰਾ ਕਰਨ ਹਿੱਤ ਨੌਜਵਾਨ ਸਬ ਤੋਂ ਵੱਡੀ ਧਿਰ ਹਨ। ਪਿੰਡਾਂ ਵਿੱਚ ਬਣੀਆਂ ਯੂਥ ਕਲੱਬਾਂ ਜਾਂ ਮਹਿਲਾ ਮੰਡਲ ਨੂੰ ਇੱਕ ਸਾਝੇ ਪਲੇਟਫਾਰਮ ਤੇ ਇਕੱਠਾ ਹੋਕੇ ਪਿੰਡ ਦੇ ਬਾਕੀ ਵਰਗਾਂ ਜਿਵੇਂ ਸਾਬਕਾ ਫੋਜੀ ਸਰਕਾਰੀ ਜਾਂ ਪ੍ਰਾਈਵੇਟ ਨੋਕਰੀ ਕਰ ਰਹੇ ਮਰਦ ਅਤੇ ਔਰਤਾਂ ਅਤੇ ਪਿੰਡ ਦੇ ਬਜੁਰਗਾਂ ਨੂੰ ਨਾਲ ਲੇਕੇ ਅਜਿਹੇ ਵਿਅਕਤੀ ਦੀ ਚੋਣ ਕਰਨੀ ਚਾਹੀਦੀ ਹੈ ਜੋ ਸਬ ਨੂੰ ਪ੍ਰਮਾਣਿਤ ਹੋਵੇ ਨਸ਼ਾਂ ਰਹਿਤ ਹੋਣਾ ਚਾਹੀਦਾ। ਜਿਸ ਤਰਾਂ ਅਸੀਂ ਦੇਖ ਰਹੇ ਹਾਂ ਕਿ ਸਰਕਾਰਾਂ ਲੰਮੇ ਸਮੇ ਤੋਂ ਨਸ਼ਿਆਂ ਨੂੰ ਬੰਦ ਕਰਨ ਬਾਰੇ ਬਿਆਨ ਦੇ ਰਹੇ ਹਨ। ਇਸ ਲਈ ਪੰਚਾਇਤ ਚੋਣਾਂ ਉਹਨਾਂ ਕੋਲ ਇੱਕ ਵਧੀਆ ਮੋਕਾ ਹੈ ਪਿੰਡ ਦੀ ਪੰਚਾਇੰਤ ਜੇਕਰ ਸੱਚੇ ਮਨ ਅਤੇ ਦ੍ਰਿੜ ਇਰਾਦੇ ਨਾਲ ਚਾਹੇ ਅਤੇ ਪਿੰਡ ਦੇ ਸਾਰੇ ਲੋਕ ਉਨ੍ਹਾਂ ਦਾ ਸਾਥ ਦੇਣ ਤਾਂ ਇਹ ਅਸੰਭਵ ਕੰਮ ਵੀ ਸੰਭਵ ਹੋ ਸਕਦਾ ਹੈ।

ਬੇਸ਼ਕ ਅਸੀ ਦੇਖ ਰਹੇ ਹਾਂ ਕਿ ਬੁੱਧੀਜੀਵੀਆਂ ਦੀ ਸੰਸ਼ਥਾ ਜਿਸ ਨੂੰ ਲੋਕ ਰਾਜ ਦਾ ਨਾਮ ਦਿੱਤਾ ਹੈ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ ਜਿਸ ਵਿੱਚ ਸਮਾਜ ਵਿੱਚ ਹੋ ਰਹੇ ਸ਼ੋਸਣ ਤੋਂ ਫਿਕਰਮੰਦ ਲੋਕ ਸ਼ਾਮਲ ਹਨ। ਕਈ ਪਿੰਡਾਂ ਵਿੱਚ ਉਹਨਾਂ ਦੀ ਸੋਚ ਨੇ ਅਸਰ ਵੀ ਕੀਤਾ। ਉਹਨਾਂ ਦਾ ਵਿਚਾਰ ਸੀ ਕਿ ਨੋਜਵਾਨਾਂ, ਔਰਤਾਂ, ਸਾਬਕਾ ਫੋਜੀਆਂ ਅਤੇ ਸੇਵਾ ਮੁਕਤ ਮੁਲਾਜਮਾਂ ਅਤੇ ਹੋਰ ਅਗਾਹਵਾਧੂ ਸੋਚ ਵਾਲੇ ਲੋਕਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇ ਜਿਸ ਨਾਲ ਸਕਾਰਤਾਮਕ ਸੋਚ ਵਾਲੀ ਪੰਚਾਇੰਤ ਹੋਂਦ ਵਿੱਚ ਆਵੇਗੀ। ਇਹ ਜ਼ਰੂਰੀ ਹੈ ਕਿ ਲੋਕਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਜਾਵੇ ਕਿ ਚੋਣਾਂ ਕਿਸੇ ਵੀ ਤਰ੍ਹਾਂ ਦੇ ਤਣਾਅ ਜਾਂ ਧੱਕੇਸ਼ਾਹੀ ਨਾਲ ਨਹੀਂ, ਸਗੋਂ ਸ਼ਾਂਤੀ ਅਤੇ ਭਾਈਚਾਰੇ ਨਾਲ ਕੀਤੀਆਂ ਜਾਣ। ਪੰਜਾਬ ਦੇ ਲੋਕਾਂ ਵਿੱਚ ਪੁਰਾਣੀ ਭਾਈਚਾਰੇ ਦੀ ਰਿਵਾਇਤ ਹੈ ਜੋ ਸਮਾਜਿਕ ਇਕਜੁਟਤਾ ਦਾ ਨਿਸ਼ਾਨ ਹੈ। ਪੰਚਾਇਤੀ ਚੋਣਾਂ ਸਮੇਂ ਵੀ ਇਸ ਭਾਈਚਾਰੇ ਨੂੰ ਟੁੱਟਣ ਨਹੀਂ ਦੇਣਾ ਚਾਹੀਦਾ। ਬੇਸ਼ਕ ਚੋਣ ਕਮਿਸ਼ਨਰ ਨੇ ਚੋਣ ਦੌਰਾਨ ਸਰਪੰਚ ਲਈ ਖਰਚ ਸੀਮਾ 40 ਹਜਾਰ ਅਤੇ ਪੰਚ ਲਈ 30 ਹਜਾਰ ਦੀ ਸੀਮਾਂ ਰੱਖੀ ਹੈ ਇਹ ਚੋਣ ਕਮਿਸ਼ਨਰ ਦਾ ਵਧੀਆ ਉਪਰਾਲਾ ਹੈ ਪਰ ਅਸੀ ਜਾਣਦੇ ਹਾਂ ਕਿ ਸਰਪੰਚ ਦੀ ਚੋਣ ਤੇ ਕਿੰਨਾਂ ਖਰਚ ਹੁੰਦਾ ਹੈ। ਇਹ ਗੱਲ ਸੁਭਾਵਿਕ ਹੈ ਕਿ ਜਿਹੜਾ ਵਿਅਖਤੀ ਪੰਚੀ ਤੀਹ ਲੱਖ ਲਾਕੇ ਚੋਣ ਲੜੇਗਾ ਉਹ ਕਿਵੇਂ ਇਮਾਨਦਾਰੀ ਨਾਲ ਕੰਮ ਕਰੇਗਾ। ਇਸ ਲਈ ਸਾਰਿਆਂ ਨੂੰ ਇਕੱਠੇ ਹੋਕੇ ਨਸ਼ਾਂ ਨਾ ਵਰਤਾਉਣ ਅਤੇ ਕਿਸੇ ਕਿਸਮ ਦੇ ਹੋਰ ਖਰਚੇ ਨਾ ਕਰਨ ਬਾਰੇ ਕਹਿਣਾ ਚਾਹੀਦਾ। ਇਮਾਨਦਾਰੀ ਨਾਲ ਲੜੀ ਚੋਣ ਨਾਲ ਉਹ ਵਿਅਕਤੀ ਵੀ ਇਮਾਨਦਾਰੀ ਨਾਲ ਕੰਮ ਕਰੇਗਾ। ਇਸ ਤੋਂ ਇਲਾਵਾ ਕਈ ਪਿੰਡਾਂ ਵਿੱਚ ਸਰਪੰਚੀ ਔਰਤਾਂ ਲਈ ਰਾਂਖਵੀ ਹੁੰਦੀ ਹੈ।ਲੋਕਾਂ ਨੂੰ ਹੁਣੇ ਤੋਂ ਉਸ ਔਰਤ ਸਰਪੰਚ ਨੂੰ ਚੁਣਨਾ ਚਾਹੀਦਾ ਜੋ ਆਪਣੇ ਪੱਧਰ ਤੇ ਕੰਮ ਕਰੇ।ਸਰਪੰਚ ਪਿੰਡ ਦਾ ਮੁੱਖੀ ਹੀ ਨਹੀ ਉਸ ਦਾ ਕੰਮ ਕੇਵਲ ਵਿਕਾਸ ਦੇ ਕੰਮ ਹੀ ਨਹੀ ਸਗੋਂ ਇਸ ਦੇ ਨਾਲ ਨਾਲ ਪਿੰਡਾਂ ਵਿੱਚ ਨਸ਼ਿਆਂ ਦੇ ਖਾਤਮੇ ਵਿੱਚ ਬਹੁਤ ਵੱਡਾ ਰੋਲ ਅਦਾ ਕਰ ਸਕਦਾ ਹੈ ਬਲਕਿ ਜੇਕਰ ਸਰਪੰਚ ਵਿੱਚ ਸਵੈ-ਵਿਸ਼ਵਾਸ,ਦ੍ਰਿੜ ਇਰਾਦਾ ਅਤੇ ਉਸ ਵਿੱਚ ਇੱਕ ਲੀਡਰ ਦੇ ਗੁਣ ਹਨ ਤਾਂ ਉਹ ਨਸ਼ਿਆਂ ਨੂੰ ਪੂਰਨ ਤੋਰ ਤੇ ਖਤਮ ਕਰ ਸਕਦਾ ਹੈ। ਇਸੇ ਤਰਾਂ ਜੇਕਰ ਪਿੰਡ ਦਾ ਸਰਪੰਚ ਨੋਜਵਾਨਾਂ ਅਤੇ ਸਕੂਲ ਦੇ ਅਧਿਆਪਕਾਂ ਨਾਲ ਰਲ ਕੇ ਕੰਮ ਕਰਦਾ ਹੈ ਤਾਂ ਜਿਥੇ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਹੁੰਦਾਂ ਉਥੇ ਹੀ ਪਿੰਡ ਦੇ ਹੋਰ ਵਿਕਾਸ ਦੇ ਕੰਮ ਵੀ ਪਹਿਲ ਦੇ ਅਧਾਰ ਤੇ ਹੁੰਦੇ ਹਨ। ਪਿੰਡ ਵਿੱਚ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਅਤੇ ਤੰਦਰੁਸਤ ਰੱਖਣ ਦੇ ਨਾਲ ਨਾਲ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਸਰਪੰਚ ਅਤੇ ਗ੍ਰਾਮ ਪੰਚਾਇਤ ਦੀ ਅਹਿਮ ਭੂਮਿਕਾ ਹੁੰਦੀ ਹੈ। ਬਹੁਤ ਘੱਟ ਪਿੰਡ ਹਨ ਜਿਥੇ ਨੌਜਵਾਨਾਂ ਨੂੰ ਜਿੰਮੇਵਾਰੀ ਸੋਂਪੀ ਜਾਦੀ ਨਹੀ ਤਾਂ ਸਰਪੰਚ ਦੀ ਚੋਣ ਸਮੇਂ ਨੌਜਵਾਨਾਂ ਨੂੰ ਨਿਆਣੇ ਜਾਂ ਮੰਡੀਰ ਕਹਿ ਦਿੱਤਾ ਜਾਦਾਂ ਕਿ ਸਰਪੰਚ ਦੀ ਜਿੰਮੇਵਾਰੀ ਅਹਿਮ ਹੁੰਦੀ ਇਸ ਲਈ ਕੋਈ ਉਮਰ ਦਰਾਜ ਵਿਅਕਤੀ ਨੂੰ ਸਰਪੰਚ ਬਣਾਉਣਾ ਚਾਹੀਦਾ। ਇਸ ਤਰਾਂ ਸਰਪੰਚ ਦੀ ਚੋਣ ਤੋਂ ਬਾਅਦ ਉਮਰ ਦਾ ਵਖਰੇਵਾਂ ਅਤੇ ਸੋਚ ਦਾ ਅੰਤਰ ਹੋਣ ਕਾਰਨ ਹਰ ਕੰਮ ਵਿੱਚ ਰੁਕਾਵਟ ਪੈਂਦੀ ਹੈ। ਮੈਨੂੰ ਆਪ ਇੱਕ ਵਾਰ ਦੇਖਣ ਦਾ ਮੋਕਾ ਮਿਲਿਆ ਕਿ ਪੰਚਾਇੰਤ ਨੇ ਪਿੰਡ ਵਿੱਚ ਨੌਜਵਾਨਾਂ ਨੂੰ ਜਿੰਮ ਲਈ ਕਮਰਾ ਨਹੀ ਦਿੱਤਾ ਕਿ ਨੌਜਵਾਨ ਕਪੜੇ ਲਾਹਕੇ ਜਿੰਮ ਮਾਰਣਗੇ। ਆਖਰ ਨੌਜਵਾਨਾਂ ਨੂੰ ਸਿਵਿਆਂ ਵਿੱਚ ਜਿੰਮ ਰੱਖਣਾ ਪਿਆ।

ਸਬ ਤੋਂ ਅਹਿਮ ਗੱਲ ਹੈ ਕਿ ਹੁਣ ਵੀ ਸਰਪੰਚ ਦੀ ਚੋਣ ਸਮੇਂ ਜੇਕਰ ਸਰਬਸੰਮਤੀ ਨਹੀ ਵੀ ਹੁੰਦੀ ਤਾਂ ਨੌਜਵਾਨਾਂ ਨੂੰ ਪਿੰਡ ਵਿੱਚ ਇਸ ਗੱਲ ਨੂੰ ਜਰੂਰ ਪ੍ਰਵਾਨ ਕਰਵਾਉਣਾ ਚਾਹੀਦਾ ਕਿ ਚੋਣਾ ਸਮੇਂ ਕੋਈ ਵੀ ਸਰਪੰਚੀ ਜਾਂ ਪੰਚੀ ਲਈ ਚੋਣ ਲੜਨ ਵਾਲਾ ਨਾਂ ਨਸ਼ਿਆਂ ਦਾ ਇਸਤੇਮਾਲ ਕਰੇਗਾ ਅਤੇ ਨਾਂ ਹੀ ਨਸ਼ੇ ਵੰਡੇਗਾ। ਜੇਕਰ ਇੰਨੀ ਕੁ ਸਹਿਮਤੀ ਹੀ ਹੋ ਜਾਦੀ ਤਾਂ ਉਮੀਦ ਕੀਤੀ ਜਾ ਸਕਦੀ ਕਿ ਚੰਗੀ ਪੰਚਾਇੰਤ ਚੁਣੀ ਜਾਵੇ। ਪੰਚਾਇਤੀ ਚੋਣਾ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਅਤੇ ਵੋਟ ਮੰਗਣ ਸਮੇਂ ਜੋ ਕੰਮ ਉਹ ਪਿੰਡ ਦੇ ਵਿੱਚ ਕਰਵਾਓਣਿਾ ਚਾਹੁੰਦਾ ਕੀ ਉਸ ਦੇ ਕੋਲ ਬਲਿਉ ਪ੍ਰਿੰਟ ਹੋਣਾ ਚਾਹੀਦਾ। ਜਿਸ ਰਾਹੀ ਉਹ ਪਿੰਡ ਦੇ ਵਿਕਾਸ ਦੇ ਕੰਮ ਕਰਵਾਏਗਾ ਉਸ ਬਾਰੇ ਦੱਸਿਆ ਜਾਵੇ ਨਾਂ ਕਿ ਕੋਈ ਨਿੱਜੀ ਵਿਰੋਧ ਕੀਤਾ ਜਾਵੇ। ਪਿੰਡ ਦੇ ਲੋਕਾਂ ਦੀ ਇੱਕ ਦੂਜੇ ਨਾਲ ਨਿੱਜੀ ਸਾਝ ਹੁੰਦੀ ਹੈ ਹਰ ਵਿਅਕਤੀ ਇੱਕ ਦੂਜੇ ਨੂੰ ਜਾਣਦਾ ਹੁੰਦਾਂ। ਪਿੰਡ ਦੇ ਨੋਜਵਾਨਾਂ ਅਤੇ ਮੋਹਤਬਰ ਲੋਕਾਂ ਨੂੰ ਇਕੱਠੇ ਕਰਕੇ ਕਹਿਣਾ ਚਾਹੀਦਾ ਕਿ ਕੋਈ ਵੀ ਉਮੀਦਵਾਰ ਕਿਸੇ ਵੀ ਵੋਟਰ ਨੂੰ ਕੋਈ ਨਸ਼ਾਂ ਕਰਨ ਨਹੀ ਦੇਵੇਗਾ ਅਤੇ ਆਪਸੀ ਭਾਈਚਾਰਕ ਸਾਝ ਵੀ ਬਣਾਈ ਰੱਖਣ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਚੋਣਾ ਤੋਂ ਬਾਅਦ ਪਿੰਡਾਂ ਵਿੱਚ ਇੱਕ ਦੂਜੇ ਦਾ ਵਿਰੋਧ ਕਰਨ ਵਾਲੇ ਲੋਕ ਪਿੰਡ ਵਿੱਚ ਧੜੇਬੰਦੀ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ।ਕਈ ਵਾਰ ਜੈਤੂ ਪੰਚਾਇਤ ਵਿੱਚ ਹਾਉਮੇ ਆ ਜਾਦੀ ਜਿਸ ਕਾਰਣ ਕੋਈ ਵਿਅਕਤੀ ਕਿਸੇ ਸਾਝੇਂ ਕੰਮ ਬਾਰੇ ਕਹਿਦਾ ਤਾਂ ਉਹ ਵੋਟਾਂ ਸਮੇ ਵਿਰੋਧ ਕਰਨ ਦੀ ਗੱਲ ਕਰਦਾ ਜਦੋਂ ਕਿ ਚਾਹੀਦਾ ਹੈ ਕਿ ਜੋ ਵੀ ਪਿੰਡ ਦਾ ਮਸਲਾ ਆਉਂਦਾ ਤਾਂ ਉਸ ਦਾ ਰਲ ਮਿਲ ਕੇ ਹੱਲ ਕੱਢਣਾ ਚਾਹੀਦ ਹੈ।ਸਿੱਖਿਆ, ਸਿਹਤ, ਨਸ਼ਾ ਖ਼ਤਮ ਕਰਨਾ, ਅਤੇ ਪਿੰਡ ਵਿੱਚ ਸਾਂਝ ਨੂੰ ਬਰਕਰਾਰ ਰੱਖਣ ਲਈ ਉਹਨਾਂ ਨੂੰ ਕਾਨੂੰਨੀ ਅਤੇ ਸਮਾਜਿਕ ਤੌਰ 'ਤੇ ਕਈ ਮਹੱਤਵਪੂਰਨ ਫ਼ੈਸਲੇ ਲੈਣੇ ਪੈਣਗੇ।

ਚੰਗੀ ਪੰਚਾਇਤ ਦੀ ਸਥਾਪਨਾ ਨਾਲ ਪਿੰਡਾਂ ਵਿੱਚ ਇੱਕ ਨਵੇਂ ਆਦਰਸ਼ ਦਾ ਨਿਰਮਾਣ ਹੋਵੇਗਾ, ਜੋ ਸਮਾਜ ਦੇ ਹਰ ਵਰਗ ਨੂੰ ਇੱਕ ਨਵੀਂ ਦਿਸ਼ਾ ਦੇਵੇਗਾ। ਪੰਜਾਬ ਦੇ ਪਿੰਡਾਂ ਵਿਚ ਨਸ਼ਿਆਂ ਦੀ ਸਮੱਸਿਆ ਤੇ ਉਸਨੂੰ ਕਾਬੂ ਕਰਨ ਲਈ ਪੰਚਾਇਤਾਂ ਅਤੇ ਨੌਜਵਾਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਣ ਹੈ। ਇਸ ਲਈ ਨੌਜਵਾਨਾਂ ਨੂੰ ਪੰਚਾਇਤੀ ਚੋਣਾਂ ਵਿਚ ਸਿਰਫ਼ ਇੱਕ ਮਤਦਾਤਾ ਹੀ ਨਹੀਂ, ਸਗੋਂ ਸਮਾਜ ਦੇ ਸੂਝਵਾਨ ਨਾਗਰਿਕ ਵਜੋਂ ਭਾਗੀਦਾਰੀ ਨਿਭਾਉਣ ਦੀ ਲੋੜ ਹੈ। ਨੌਜਵਾਨਾਂ ਦੀਆਂ ਬਾਹਵਾਂ ਵਿੱਚ ਬਲ ਹੁੰਦਾ ਹੈ, ਉਨ੍ਹਾਂ ਦੇ ਵਿਚਾਰ ਤਰੋਤਾਜ਼ਾ ਹੁੰਦੇ ਹਨ, ਜੋ ਕਿ ਪਿੰਡਾਂ ਵਿੱਚ ਨਵੇਂ ਸੋਚ ਨਾਲ ਬਦਲਾਅ ਲਿਆ ਸਕਦੇ ਹਨ। ਜਦੋਂ ਨੌਜਵਾਨ ਪਿੰਡ ਪੱਧਰ 'ਤੇ ਚੋਣਾਂ ਵਿੱਚ ਭਾਗੀਦਾਰੀ ਕਰਦੇ ਹਨ, ਉਹ ਸਿਰਫ਼ ਇੱਕ ਪੰਚ-ਸਰਪੰਚ ਦੀ ਚੋਣ ਲਈ ਨਹੀਂ ਸਗੋਂ ਪਿੰਡ ਦੀ ਸਮੁੱਚੀ ਭਲਾਈ ਲਈ ਕੰਮ ਕਰਦੇ ਹਨ।

ਨਸ਼ਿਆਂ ਦੀ ਸਮੱਸਿਆ ਹਰ ਪਿੰਡ ਨੂੰ ਅੰਦਰੋਂ ਖੋਖਲਾ ਕਰ ਰਹੀ ਹੈ। ਅੱਜ ਦੇ ਨੌਜਵਾਨ ਇਸ ਸਮੱਸਿਆ ਨਾਲ ਬਹੁਤ ਜ਼ਿਆਦਾ ਪ੍ਰਭਾਵਿਤ ਹਨ। ਨਸ਼ਿਆਂ ਨਾਲ ਜੁੜੇ ਮਾਮਲੇ ਸਿਰਫ਼ ਕਿਸੇ ਵਿਆਕਤੀਗਤ ਗ਼ਲਤੀ ਦਾ ਨਤੀਜਾ ਨਹੀਂ ਹਨ, ਸਗੋਂ ਸਮਾਜਿਕ ਸਥਿਤੀਆਂ ਅਤੇ ਰਾਜਨੀਤਕ ਨੇਤਾ ਵੀ ਇਸ ਵਿੱਚ ਵੱਡੀ ਭੂਮਿਕਾ ਨਿਭਾ ਰਹੇ ਹਨ।

ਪੰਚਾਇਤ ਚੋਣਾਂ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਨਾਲ ਪਿੰਡਾਂ ਵਿਚ ਇਸ ਸਮੱਸਿਆ ਨੂੰ ਸਪੱਸ਼ਟ ਤੌਰ ਖਤਮ ਕਰਨ ਵਿੱਚ ਸਮਰਥਨ ਮਿਲ ਸਕਦਾ ਹੈ। ਨੌਜਵਾਨਾਂ ਦਾ ਪਿੰਡ ਦੇ ਵਾਤਾਵਰਣ ਨੂੰ ਸੁਧਾਰਨ ਅਤੇ ਇੱਕ ਰਾਲ ਮਾਡਲ ਬਣਾਉਣ ਵਿੱਚ ਭਾਰੀ ਯੋਗਦਾਨ ਹੁੰਦਾ ਹੈ।ਨੌਜਵਾਨ ਇਸਦੇ ਲਈ ਇੱਕ ਮਿਸਾਲ ਬਣ ਸਕਦੇ ਹਨ ਜਦੋਂ ਉਹ ਸਾਰੇ ਧਰਮਾਂ ਦੀ ਇਜ਼ਤ ਕਰਦੇ ਹਨ ਅਤੇ ਭਾਈਚਾਰੇ ਦੀ ਮਹਾਨਤਾ ਨੂੰ ਵਧਾਉਂਦੇ ਹਨ। ਪੰਚਾਇਤਾਂ ਨੇ ਉਹ ਮਾਹੌਲ ਬਣਾਉਣਾ ਹੈ, ਜਿਸ ਵਿੱਚ ਹਰ ਸ਼ਖ਼ਸ ਆਪਸੀ ਭਾਈਚਾਰੇ ਵਿੱਚ ਰਹਿੰਦਾ ਹੈ ਅਤੇ ਇੱਕ ਦੂਜੇ ਦੀ ਮਦਦ ਲਈ ਤਿਆਰ ਰਹਿੰਦਾ ਹੈ। ਜੇਕਰ ਨੌਜਵਾਨ ਸਹਿਯੋਗ ਦੇਣ ਲਈ ਆਗੇ ਆਉਂਦੇ ਹਨ, ਤਾਂ ਪਿੰਡਾਂ ਵਿੱਚ ਭਾਈਚਾਰੇ ਦੇ ਸੰਬੰਧ ਅੱਧਿਕ ਮਜ਼ਬੂਤ ਹੋ ਸਕਦੇ ਹਨ।

ਪਿੰਡ ਦੇ ਨੌਜਵਾਨਾਂ ਨੂੰ ਸਕਿਲ ਅੱਪ ਟ੍ਰੇਨਿੰਗ ਅਤੇ ਖੇਡਾਂ ਦੀਆਂ ਸਰਗਰਮੀਆਂ ਨੂੰ ਮਜ਼ਬੂਤ ਬਣਾਉਣਾ ਹੈ। ਅੱਜ ਦੀਆਂ ਕੁੜੀਆਂ ਅਤੇ ਮੁੰਡੇ ਸਿਰਫ਼ ਪੜ੍ਹਾਈ ਤੇ ਨੌਕਰੀਆਂ ਵਿਚ ਹੀ ਨਹੀਂ, ਸਗੋਂ ਜ਼ਿੰਦਗੀ ਦੇ ਹਰ ਖੇਤਰ ਵਿੱਚ ਕਮਾਲ ਕਰ ਸਕਦੇ ਹਨ ਜੇਕਰ ਉਨ੍ਹਾਂ ਨੂੰ ਸਹੀ ਮਾਰਗ-ਦਰਸ਼ਨ ਦਿੱਤਾ ਜਾਵੇ। ਪਿੰਡ ਦੀ ਪੰਚਾਇਤ ਦੇ ਵਿੱਚ ਨੌਜਵਾਨ ਕੁੜੀਆਂ ਨੂੰ ਖੇਡਾਂ ਵਿੱਚ ਭਾਗੀਦਾਰੀ ਲਈ ਪਹਲ ਕਰਵਾਉਣੀ ਚਾਹੀਦੀ ਹੈ। ਖੇਡਾਂ ਨਾਲ ਨੌਜਵਾਨ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ, ਸਗੋਂ ਅਨੁਸ਼ਾਸਨ ਅਤੇ ਸਾਥੀਵਾਦ ਨੂੰ ਵੀ ਸਮਝਦੇ ਹਨ। ਜਿਹੜੇ ਨੌਜਵਾਨ ਖੇਡਾਂ ਵਿੱਚ ਸ਼ਮੂਲੀਅਤ ਕਰਦੇ ਹਨ, ਉਹ ਬਹੁਤ ਘੱਟ ਮੌਕਿਆਂ 'ਤੇ ਨਸ਼ਿਆਂ ਵਿੱਚ ਫਸਦੇ ਹਨ।

ਪੰਚਾਇਤਾਂ ਵਿੱਚ ਇੱਕਸੁਰਤਾ ਬਣਾਉਣ ਲਈ ਧਾਰਮਿਕ ਅਤੇ ਰਾਜਨੀਤਿਕ ਸਿੱਖਿਆਵਾਂ ਬਹੁਤ ਮਹੱਤਵਪੂਰਣ ਹਨ।ਜਿਵੇਂ ਕਿ ਸਿੱਖ ਧਰਮ ਵਿੱਚ 'ਪੰਚ ਪਰਮੇਸ਼ਰ' ਦਾ ਜ਼ਿਕਰ ਕੀਤਾ ਗਿਆ ਹੈ, ਜੋ ਕਹਿੰਦਾ ਹੈ ਕਿ ਪੰਜ ਬੰਦੇ ਇਕੱਠੇ ਮਿਲ ਕੇ ਜੋ ਵੀ ਫ਼ੈਸਲਾ ਲੈਂਦੇ ਹਨ, ਉਹ ਪਰਮਾਤਮਾ ਦਾ ਹੁਕਮ ਮੰਨਿਆ ਜਾਂਦਾ ਹੈ। ਇਹ ਗ੍ਰਾਮ ਪੰਚਾਇਤਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ, ਜਿੱਥੇ ਲੋਕਾਂ ਦੇ ਚੁਣੇ ਪ੍ਰਤਿਨਧੀ ਸਮੂਹਿਕ ਤੌਰ 'ਤੇ ਫ਼ੈਸਲੇ ਕਰ ਸਕਣ।ਅੱਜ ਦੇ ਸਮੇਂ ਵਿੱਚ, ਜਦੋਂ ਚੋਣਾਂ ਰਾਜਨੀਤਿਕ ਪੱਖਪਾਤਾਂ ਦਾ ਨਤੀਜਾ ਬਣ ਗਈਆਂ ਹਨ, ਪੰਚਾਇਤਾਂ ਨੂੰ ਸਿਰਫ਼ ਚੋਣਾਂ ਦਾ ਮਾਧਿਅਮ ਨਹੀਂ, ਸਗੋਂ ਸਮਾਜਕ ਸੰਗਠਨਾ ਦਾ ਕੇਂਦਰ ਬਣਾਉਣ ਦੀ ਜ਼ਰੂਰਤ ਹੈ।

# ਪੰਜਾਬ ਸਾਹਿਤ ਅਕਾਦਮੀ ਦੀ ਜਨਰਲ ਕੌਂਸਲ ਦਾ ਗਠਨ

## ਮਾਨਸਾ ਦੇ ਸ਼ਾਇਰ ਗੁਰਪ੍ਰੀਤ ਅਤੇ ਕਵੀ ਤੇ ਵਾਰਤਾਕਾਰ ਜਗਦੀਪ ਸਿੱਧੂ ਨੂੰ ਵੀ ਸਾਹਿਤ ਅਕਾਦਮੀ ਦਾ ਲਿਆ ਮੈਂਬਰ



ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੀ ਜਨਰਲ ਕੌਂਸਲ ਦੀ ਮੀਟਿੰਗ, ਕਲਾ ਭਵਨ ਸੈਕਟਰ 16 ਵਿਖੇ, ਪੰਜਾਬ ਕਲਾ ਪਰਿਸ਼ਦ ਦੇ ਪ੍ਰਧਾਨ ਸਵਰਨਜੀਤ ਸਵੀ, ਆਤਮ ਸਿੰਘ ਰੰਧਾਵਾ ਤੇ ਡਾ। ਰਵੇਲ ਸਿੰਘ ਦੀ ਰਾਹਨੁਮਾਈ ਹੇਠ ਹੋਈ, ਜਿਸ ਵਿਚ ਪੰਜਾਬੀ ਸਾਹਿਤ ਅਕਾਦਮੀ ਦੀ ਜਨਰਲ ਕੌਂਸਲ ਦਾ ਗਠਨ ਕੀਤਾ ਗਿਆ। ਇਸ ਦੌਰਾਨ ਡਾ। ਅਮਰਜੀਤ ਸਿੰਘ, ਜਨਰਲ ਸਕੱਤਰ ਵਜੋਂ ਤੇ ਅਰਵਿੰਦਰ ਸਿੰਘ ਢਿੱਲੋਂ ਦੀ ਉਪ ਪ੍ਰਧਾਨ ਵਜੋਂ ਚੋਣ ਕੀਤੀ ਗਈ। ਇਸ ਤੋਂ ਇਲਾਵਾ ਜਨਰਲ ਕੌਂਸਲ ਤੇ ਕਰਜਕਾਰਨੀ ਦਾ ਨਿਰਮਾਣ ਵੀ ਕੀਤਾ ਗਿਆ। ਜਨਰਲ ਕੌਂਸਲ ਵਿਚ ਜਸਵੰਤ ਸਿੰਘ ਜ਼ਫ਼ਰ ਤੇ ਡਾ. ਗੁਰਮੁਖ ਸਿੰਘ ਨੂੰ ਅਡਵਾਈਜ਼ਰ ਤੇ ਮੈਂਬਰਾਂ ਵਿਚ ਸ਼ਾਇਰ ਗੁਰਪ੍ਰੀਤ,ਕਵੀ, ਵਾਰਤਕਕਾਰ ਜਗਦੀਪ ਸਿੱਧੂ, ਡਾ. ਗੁਰਬੀਰ ਸਿੰਘ ਬਰਾੜ, (ਸੰਪਾਦਕ, ਸੁਰਤਿ), ਡਾ. ਸੰਦੀਪ ਕੌਰ(ਦਿੱਲੀ), ਡ਼ਾ ਦਯਾ ਸਿੰਘ, ਕਹਾਣੀਕਾਰ ਦੀਪ ਦਵਿੰਦਰ, ਅਕਾਲ ਅੰਮ੍ਰਤ ਕੌਰ ਤੇ ਡਾ। ਸਰਬਜੀਤ ਸਿੰਘ ਨੂੰ ਲਿਆ ਗਿਆ।

ਇਸ ਉਪਰੰਤ ਸੰਬੋਧਨ ਕਰਦੇ ਹੋਏ, ਅਕਾਦਮੀ ਦੇ ਪ੍ਰਧਾਨ ਡਾ। ਆਤਮ ਰੰਧਾਵਾ ਨੇ 2024-25 ਵਿਚ ਕਰਵਾਏ ਜਾਣ ਸਮਾਗਮਾਂ ਦੀ ਰੂਪ-ਰੇਖਾ ਸਾਂਝੀ ਕਰਦੇ ਹੋਏ ਕਿਹਾ ਕਿ ਅਕਾਦਮੀ ਆਪਣੇ ਕਾਰਜਾਂ ਨੂੰ ਆਮ ਲੋਕਾਂ, ਪਿੰਡਾਂ ਦੀਆਂ ਸੱਥਾਂ ਤਕ ਲੈ ਕੇ ਜਾਵੇਗੀ। ਉਹਨਾਂ ਅੱਗੇ ਕਿਹਾ ਕਿ ਅਕਾਦਮੀ ਪੁਸਤਕ ਪ੍ਰਕਾਸ਼ਨ, ਕੋਮਾਂਤਰੀ ਮਾਂ ਬੋਲੀ ਨੂੰ ਸਮਰਪਿਤ ਮਿਆਰੀ ਸਮਾਗਮ, ਪੰਜਾਬ ਸਾਹਿਤ ਉਤਸਵ, ਸਰਬ ਭਾਰਤੀ ਕਵੀ ਦਰਬਾਰ, ਸਾਂਝੇ ਪੰਜਾਬ ਵਿਚ ਪੰਜਾਬੀ ਸਮਾਗਮ, ਪ੍ਰਮੁੱਖ ਲੇਖਕਾਂ ਦੀਆਂ ਜਨਮ ਸ਼ਤਾਬਦੀਆਂ ਨੂੰ ਸਮਰਪਿਤ ਸਮਾਗਮ, ਮਹੀਨਾਵਾਰ "ਬਾਰਾਮਹ ਸਿਰਜਣਾ ਸਮਾਗਮ" ਡਿਜ਼ੀਟਲ ਦੌਰ ਵਿਚ ਗੁਰਮੁਖੀ ਤੇ ਸ਼ਾਹਮੁਖੀ ਦੀ ਵਰਤੋਂ, ਚੁਣੌਤੀਆਂ ਤੇ ਸੰਭਾਵਨਾਵਾਂ ਸੰਬੰਧੀ ਵਰਕਸ਼ਾਪਾਂ ਦਾ ਆਯੋਜਨ, ਸਾਹਿਤਕਾਰਾਂ ਤੇ ਵਿਦਵਾਨਾਂ ਨਾਲ ਸਾਹਿਤਕ ਰੁਚੀਆਂ ਵਾਲ਼ੇ ਬਾਲਾਂ/ਵਿਦਿਆਰਥੀਆਂ/ਖੋਜਾਰਥੀਆਂ ਲਈ ਪੰਜ ਵਿਦਿਅਕ ਟੂਰ, ਪੰਜਾਬੀ ਭਾਸ਼ਾ ਦੇ ਕੰਪਿਊਟਰੀਟਰਨ ਤੇ ਏ. ਆਈ. ਦੀਆਂ ਵਰਕਸ਼ਾਪਾਂ ਅਤੇ ਪ੍ਰੋਜੈਕਟ, ਸੈਮੀਨਰਾਂ ਤੇ ਭਾਸ਼ਾਵਾਂ ਦੀਆਂ ਆਡੀਓ-ਵੀਡੀਓ ਵੈਬਸਾਈਟ/ਯੂ-ਟਿਊਬ ਉਪਰ ਅਪਲੋਡ, "ਸੁਰਜੀਤ ਪਾਤਰ ਨਵ-ਸਿਰਜਣਾ ਸੰਗਤ" ਦੇ ਤਹਿਤ ਤਿੰਨ-ਰੋਜ਼ਾ "ਪੰਜਾਬੀ ਯੁਵਾ ਸਾਹਿਤ ਉਤਸਵ", ਪੰਜਾਬ ਭਰ ਵਿਚ ਵੱਖ-ਵੱਖ ਸੰਸਥਾਵਾਂ/ ਯੂਨੀਵਰਸਿਟੀਆਂ, ਕਾਲਜਾਂ ਵੱਲੋਂ ਕਰਵਾਏ ਜਾਂਦੇ "ਸਾਹਿਤ ਉਤਸਵਾਂ ਤੇ ਪੁਸਤਕ ਮੇਲਿਆਂ" ਵਿਚ ਭਾਗੀਦਾਰੀ/ਸਹਿਯੋਗ, ਡਿਜ਼ੀਟਲ ਯੁਗ ਦੇ ਹਾਣਦਾ ਹੋਣ ਲਈ "ਪੰਜਾਬ ਸਾਹਿਤ ਅਕਾਦਮੀ" ਦੀ ਐਪ ਬਣਾਉਣ ਅਤੇ ਵੈਬਸਾਈਟ ਤਿਆਰ/ਅਪਗ੍ਰੇਡ ਕਰਨ ਸੰਬੰਧੀ, ਕਾਰਜ ਕਰਵਾਏ ਜਾਣਗੇ। ਜਨਰਲ ਕੌਂਸਲ ਵਿੱਚੋਂ ਉੱਘੇ ਕਵੀ ਗੁਰਪ੍ਰੀਤ, ਕਵੀ ਤੇ ਵਾਰਤਕਕਾਰ ਜਗਦੀਪ ਸਿੱਧੂ, ਡਾ. ਗੁਰਬੀਰ ਸਿੰਘ ਬਰਾੜ, (ਸੰਪਾਦਕ, ਸੁਰਤਿ), ਡਾ. ਸੰਦੀਪ ਕੌਰ (ਦਿੱਲੀ), ਡ਼ਾ ਗੁਰਮੁਖ ਸਿੰਘ, ਕਹਾਣੀਕਾਰ ਦੀਪ ਦਵਿੰਦਰ ਆਦਿ ਸ਼ਾਮਿਲ ਹੋਏ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਪ੍ਰੀਤ ਪੰਜਾਬੀ ਨੇ ਦਿੱਤਾ "ਇਸ਼ਕ ਮੋਹਬੱਤ"ਫ਼ਿਲਮ ਦਾ ਸੰਗੀਤ



ਪ੍ਰੀਤ ਪੰਜਾਬੀ ਚੋਟੀ ਦੇ ਗੀਤਕਾਰ ਨੇ ਜਿਹਨਾਂ ਦਾ ਗੀਤ" ਵਿਹੜੇ ਵਿੱਚ ਗੁਲਾਬ ਉੱਗਿਆ ਜਿੱਥੇ ਨੱਚਦੀ ਪਸੀਨਾ ਰਹੀ ਡੋਲਦੀ" ਹਿੱਟ ਰਿਹਾ ਸੀ। "ਗੋਰੀ ਗੋਰੀ" ਵੀ ਪ੍ਰੀਤ ਦਾ ਹੀ ਗੀਤ ਸੀ। ਅੱਜ ਕਲ ਓਹ ਪੰਜਾਬੀ ਫ਼ਿਲਮਾਂ ਦੇ ਮਿਊਜ਼ਿਕ ਡਾਇਰੈਕਟਰ ਬਣ ਗਏ ਹਨ ਤੇ "ਇਸ਼ਕ ਮੋਹਬੱਤ" ਦਾ ਸੰਗੀਤ ਦਿੱਤਾ ਹੈ। ਓਹਨਾਂ ਕਿਹਾ ਕਿ ਜਗਤਪੁਰ ਅੰਮ੍ਰਿਤਸਰ ਓਹਨਾਂ ਦਾ ਸੰਗੀਤ ਸਟੂਡੀਓ ਹੈ। ਬਹੁਤ ਸਾਰੇ ਕਲਾਕਾਰਾਂ ਦੇ ਓਹ ਟਰੈਕ ਵੀ ਕਰ ਰਹੇ ਹਨ ਤੇ ਫਿਲਮ ਦਾ ਸੰਗੀਤ ਦੇ ਕਿ ਓਹ ਅੱਗੇ ਵਧੇ ਹਨ ਤੇ ਭਵਿੱਖ ਵਿੱਚ ਬਾਲੀਵੁੱਡ ਲਈ ਸੰਗੀਤ ਦੇਣਾ ਚਾਹੁੰਦੇ ਹਨ ।ਓਹ ਅੱਜ ਕਲ ਕਾਫੀ ਧਾਰਮਿਕ ਟਰੈਕ ਕਰ ਰਹੇ ਹਨ।

### "ਅਰਦਾਸ "ਵੀ ਵਧੀਆ "ਸ਼ਾਹਕੋਟ" ਵੀ ਚੰਗੀ ਪਰ?




ਇਸ ਪਰ ਦਾ ਕੀ ਅਰਥ ਤਾਂ ਪਹਿਲਾਂ ਸਮਝੋ ਕਿ "ਅਰਦਾਸ ਸਰਬੱਤ ਦੇ ਭਲੇ ਦੀ" ਫਿਲਮ ਵਧੀਆ ਸੀ ਪਰ ਜਰੂਰ "ਬੀਬੀ ਰਜਨੀ" ਤੋ ਬਾਅਦ ਮਹੀਨੇ ਦਾ ਅੰਤਰ ਹੁੰਦਾ ਰਲੀਜ਼ ਹੁੰਦੀ ਸੁਪਰ ਕਮਾਈ ਕਰਦੀ। ਇਸ ਤਰਾਂ "ਸ਼ਾਹਕੋਟ" ਬਹੁਤ ਪਿਆਰੀ ਫਿਲਮ ਪਰ ਦਰਸ਼ਕ "ਬੀਬੀ ਰਜਨੀ" "ਅਰਦਾਸ" ਦੇਖ ਕਿ ਆਏ ਇੱਕ ਦਮ ਫਿਰ ਅਗਲੀ ਫਿਲਮ ਲਈ ਜੇਬ ਖਰਚਣੀ ਔਖੀ ਹੈ। ਪੰਜਾਬੀ ਫ਼ਿਲਮਾਂ ਵਿੱਚ ਪੰਦਰਾਂ ਦਿਨ ਦਾ ਰਲੀਜ਼ ਅੰਤਰ ਜਰੂਰੀ ਹੈ ਵਰਨਾ ਕਮਾਈ ਵੰਡੀ ਗਈ ਨੁਕਸਾਨ ਤੇ ਦਰਸ਼ਕ ਵੀ ਅੱਕ ਕਿ ਚੰਗੀ "ਸ਼ੁਕਰਾਨਾ" ਜਿਹੀ ਫਿਲਮ ਛੱਡ ਦਿੰਦੇ ਹਨ। ਆਸ ਹੈ ਕਿ ਨਿਰਮਾਤਾ ਧਿਆਨ ਦੇਣਗੇ।

### ਰਾਜ ਕਾਕੜਾ ਦੇ "ਹੰਸਾਂ ਦੇ ਜੋੜੇ" ਕਵ ਗਰੇਵਾਲ ਤੇ ਨਾਹਲ




ਰਾਜ ਕਾਕੜਾ ਨਾਮ ਉੱਚ ਕੋਟੀ ਦਾ ਗੀਤਕਾਰ ਬਣ ਸ਼ੁਮਾਰ ਹੈ ਪੰਜਾਬੀ ਸੰਗੀਤ ਦੀ ਡਿਕਸ਼ਨਰੀ ਵਿੱਚ ਤੇ ਇਹਨਾਂ ਨੇ ਹੁਣ ਗਾਇਕ ਬਾਜ਼ ਸਿੰਘ ਦੇ ਬਾਅਦ ਕਵ ਗਰੇਵਾਲ ਨੂੰ ਪੇਸ਼ ਕੀਤਾ ਹੈ। ਰਾਜ ਦੇ ਲਿਖੇ ਖ਼ੂਬਸੂਰਤ ਗੀਤ ਨੂੰ ਕਵ ਗਰੇਵਾਲ ਨੇ ਲਾਡੀ ਗਿੱਲ ਦੇ ਸੰਗੀਤ ਵਿੱਚ ਗਾਇਆ ਹੈ। ਸ਼ੁੱਭ ਸੰਧੂ ਨੇ ਇਸ ਦਾ ਵੀਡਿਓ ਤਿਆਰ ਕੀਤਾ ਹੈ। ਰਾਜ ਕਾਕੜਾ ਆਖਦੇ ਨੇ ਕਵ ਗਰੇਵਾਲ ਕੱਲ ਨੂੰ ਓਹਨਾਂ ਫਿਲਮ ਬਣਾਈ ਤਾਂ ਇਸ ਲਈ ਪਲੇ ਬੈਕ ਸਿੰਗਰ ਬਣ ਕੰਮ ਕਰਨਗੇ।ਕਵ ਗਰੇਵਾਲ ਨੇ "ਹੰਸਾਂ ਦੇ ਜੋੜੇ" ਨੂੰ ਰੋਮਾਂਟਿਕ ਗੀਤ ਕਿਹਾ ਹੈ ਜਿਸ ਨੂੰ ਨੌਜਵਾਨ ਕਾਫੀ ਪਸੰਦ ਕਰ ਰਹੇ ਹਨ। ਰਾਜ ਇਸ ਤੋਂ ਪਹਿਲਾਂ ਗਾਇਕ ਬਾਜ਼ ਸਿੰਘ ਨੂੰ ਪੇਸ਼ ਕਰ ਚੁੱਕੇ ਹਨ।

### ਮਿੱਤਰਾਂ ਦਾ ਚਲਿਆ ਟਰੱਕ ਨੀਂ




ਆਪਣੇ ਆਪ ਵਿੱਚ ਫਿਲਮ ਦਾ ਨਾਮ ਬਹੁਤ ਪਿਆਰਾ ਤੇ ਸੌਖਾ ਹੈ। ਗੀਤ ਹੋਣ ਕਾਰਨ ਮੂੰਹ ਚੜ੍ਹਿਆ ਹੈ ਤੇ ਕਾਰਜ ਗਿੱਲ ਨੇ ਦਰਸ਼ਨ ਕੁਮਾਰ ਨਾਲ ਇਸ ਤੇ ਫਿਲਮ ਬਣਾ ਦਿੱਤੀ ਹੈ। ਫਿਰ ਸਰਗਰਮ ਹੈ ਹੀਰੋ ਅਮਰਿੰਦਰ ਗਿੱਲ ਤੇ ਓਹ ਹੀ ਇਸ ਦਾ ਹੀਰੋ ਹੈ। ਨਾਲ ਸੁਨੰਦਾ ਸ਼ਰਮਾ ਹੈ ਤੇ ਸੁਨੰਦਾ ਦੇ ਗੀਤ ਹਿੱਟ ਇਸ ਦੇ ਆਪਣੇ ਬਹੁਤ ਦੀਵਾਨੇ ਹਨ। ਨਾਲ ਸਿਆਣੀ ਗੁਪਤਾ ਵੀ ਹੈ। ਫਿਲਮ ਤਿਆਰ ਹੋ ਗਈ ਜਦ ਪਤਾ ਚਲਿਆ ਜਦ ਰਿਲੀਜ਼ ਦਾ ਪੋਸਟਰ ਆਇਆ। ਕਾਰਜ ਤੇ ਅਮਰਿੰਦਰ ਦੀ ਪਿਛਲੀ ਫਿਲਮ "ਦਾਰੂ ਨਾ ਪੀਂਦਾ ਹੋਏ" ਵੀ ਇੰਜ ਹੀ ਚੁੱਪ ਚਾਪ ਆਈ ਸੀ। ਖੈਰ ਇਹ ਤਾਂ ਕਾਰਜ ਗਿੱਲ ਦੀ ਕੋਈ ਯੋਜਨਾ ਹੋਏਗੀ।

### ਗੁਰਦੀਪ ਬੰਗਾ ਪੰਜਾਬੀ ਸੰਗੀਤ ਲਈ ਪਰਦੇ ਪਿੱਛੇ ਸਰਗਰਮ



ਗੁਰਦੀਪ ਕੌਰ ਬੰਗਾ ਓਹ ਔਰਤ ਹੈ ਜਿਹੜੀ ਪਰਦੇ ਪਿੱਛੇ ਪੰਜਾਬੀ ਸੰਗੀਤ ਨੂੰ ਉਤਸ਼ਾਹਿਤ ਕਰ ਰਹੀ ਹੈ। ਯੂ ਐਸ ਏ ਰਹਿੰਦੀ ਗੁਰਦੀਪ ਕੌਰ ਦੱਸਦੇ ਨੇ ਕਿ ਓਹਨਾਂ ਦੇ ਪਤੀ ਜੱਸੀ ਬੰਗਾ ਪੰਜਾਬੀ ਗੀਤਕਾਰ ਤੇ ਪੇਸ਼ਕਸ਼ ਵਾਲੇ ਇਨਸਾਨ ਹਨ ਤੇ ਓਹਨਾਂ ਦੇ ਗਾਇਕਾਂ ਨਾਲ ਸੰਬੰਧ ਤੇ ਓਹਨਾਂ ਦੇ ਕਨੇਡਾ ਅਮਰੀਕਾ ਬਕਾਇਦਾ ਸ਼ੋ ਆਯੋਜਿਤ ਕਰਦੇ ਹਨ। ਗੁਰਦੀਪ ਕੌਰ ਹਮੇਸ਼ਾ ਆਪਣੇ ਪਤੀ ਦੇ ਸੰਗੀਤ ਸ਼ੋ ਤੇ ਹੋਰ ਫਿਲਮ ਟੀਵੀ ਦੇ ਕੰਮਾਂ ਵਿੱਚ ਓਹਨਾਂ ਦੀ ਭਾਗੀਦਾਰੀ ਦੇ ਕੰਮ ਕਾਰ ਓਹ ਸਭ ਪ੍ਰਬੰਧ ਦੇਖਦੇ ਹਨ। ਗੁਰਦੀਪ ਬੰਗਾ ਆਖਦੇ ਨੇ ਕਿ ਇਥੇ ਅਮਰੀਕਾ ਵਿੱਚ ਵੀ ਓਹ ਸੰਗੀਤ, ਗਾਇਕੀ ਤੇ ਫ਼ਿਲਮਾਂ ਦੇ ਉਤਸ਼ਾਹ ਲਈ ਨਿਰੰਤਰ ਪ੍ਰੋਗਰਾਮਾਂ ਲਈ ਆਪਣੇ ਪਤੀ ਦੀ ਪੂਰੀ ਸਹਾਇਤਾ ਕਰਦੇ ਹਨ।


### ਪੰਮੀ ਯੂ ਕੇ ਵਾਲੀ ਰਣਜੀਤ ਕੌਰ ਦੀ ਪ੍ਰਸੰਸਕ



ਪਰਮਜੀਤ ਪੰਮੀ ਯੂ ਕੇ ਵੱਸਦੀ ਪੰਜਾਬਣ ਗਾਇਕਾ ਹੈ ਤੇ ਅਮਰੀਕਾ ਤੱਕ ਇਸ ਨੇ ਪ੍ਰੋਗਰਾਮ ਕੀਤੇ ਹਨ। ਪਰਮਜੀਤ ਪੰਮੀ ਸੁਰ ਵਾਲੇ ਕਲਾਕਾਰਾਂ ਦੀ ਮੁਰੀਦ ਹੈ ਤੇ ਮੋਹੰਮਦ ਸਦੀਕ ਨਾਲ ਲੰਬਾ ਸਮਾਂ ਗਾਉਣ ਵਾਲੀ ਰਣਜੀਤ ਕੌਰ ਦੀ ਓਹ ਪ੍ਰਸੰਸਕ ਹੈ। ਪੰਮੀ ਨੇ "ਪੰਜਾਬ ਕੁਰੇ" ਤੇ "ਪਿੰਡ ਸ਼ੰਕਰ" ਜਿਹੇ ਗੀਤ ਗਾਏ ਹਨ। ਪੰਮੀ ਸੋਹਣੀ ਹੈ ਸੁਰੀਲੀ ਹੈ ਤੇ ਅੰਦਾਜ਼ ਬਕਮਾਲ ਹੈ।ਪੰਮੀ ਨੇ ਯੂ ਕੇ ਟੂਰ ਤੇ ਰਣਜੀਤ ਕੌਰ ਨੂੰ ਮਿਲਣ ਦਾ ਖ਼ੂਬ ਚਾਅ ਮਨਾਇਆ ਸੀ। ਇਸ ਮਹੀਨੇ ਓਹ ਪੰਜਾਬ ਆ ਰਹੀ ਹੈ ਤੇ ਜੀ ਆਇਆਂ ਨੂੰ ਕਹਿਣਾ ਬਣਦਾ ਹੈ।

# 13 ਸਾਲ ਪਹਿਲੇ ਪਾਕਸਤਾਨੀ ਫ਼ਿਲਮ ਹੀਰੋਇਨ ਨੂੰ ਆਪਣੀ ਫ਼ਿਲਮ ਵਿੱਚ ਲੈਣ ਵਾਲਾ ਪਹਿਲਾ ਨਿਰਦੇਸ਼ਕ ਠਾਕਰ ਤਪੱਸਵੀ

ਅੱਜ ਕਲ ਕੁੱਝ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੇ ਕਲਾਕਾਰ ਸਾਡੀਆਂ ਪੰਜਾਬੀ ਫ਼ਿਲਮਾਂ ਵਿੱਚ ਆ ਰਹੇ ਹਨ ਪਰ ਪਹਿਲੀ ਵਾਰ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੀ ਸੁਪਰ ਸਟਾਰ ਨਾਇਕਾ ਸਨਾ ਖਾਨ ਨੂੰ ਸਾਡੀਆਂ ਪੰਜਾਬੀ ਫ਼ਿਲਮਾਂ ਵਿੱਚ ਲੇਖਕ ਤੇ ਨਿਰਦੇਸ਼ਕ ਠਾਕਰ ਤਪੱਸਵੀ ਨੇ ਲਿਆਂਦਾ ਸੀ। ਠਾਕਰ ਤਪੱਸਵੀ ਨੇ ਕਾਂਗਰਸ ਨੇਤਾ ਤੇ ਅਭਿਨੇਤਾ ਡਾਕਟਰ ਰਾਜ ਕੁਮਾਰ ਵੇਰਕਾ ਵੱਲੋਂ ਦੋਸਤੀ ਹੱਥ ਵਧਾਉਣ ਲਈ ਪੰਜਾਬੀ ਫ਼ਿਲਮ "ਦਿਲ ਪ੍ਰਦੇਸੀ ਹੋ ਗਿਆ" ਬਣਾਈ ਗਈ ਤੇ ਓਹਨਾਂ ਸਨਾ ਖਾਨ ਨੂੰ ਇੰਦਰਜੀਤ ਨਿੱਕੂ ਨਾਲ ਹੀਰੋਇਨ ਲਿਆ। ਠਾਕਰ ਤਪੱਸਵੀ ਦਰਅਸਲ ਅੰਮ੍ਰਿਤਸਰ ਨਾਲ ਸੰਬੰਧਿਤ ਨੇ ਤੇ ਫ਼ਿਲਮ ਗੀਤਕਾਰ ਵੱਜੋਂ





ਓਹ ਮੁੰਬਈ ਗਏ ਸਨ। ਮਿਹਰ ਮਿੱਤਲ ਨਾਲ ਓਹਨਾਂ ਦਾ ਕਾਫੀ ਸੰਬੰਧ ਹੋ ਗਿਆ ਤੇ ਬਤੌਰ ਨਿਰਮਾਤਾ ਠਾਕਰ ਤਪੱਸਵੀ ਨੇ "ਮਾਤਾ ਦਾ ਦਰਬਾਰ " ਫ਼ਿਲਮ ਬਣਾਈ।ਇਸ ਤੋਂ ਬਾਅਦ ਓਹਨਾਂ "ਜੈ ਮਾਤਾ ਸ਼ੇਰਾਂ ਵਾਲੀ " ਹਿੰਦੀ ਫ਼ਿਲਮ ਡਾਇਰੈਕਟ ਕੀਤੀ। ਠਾਕਰ ਤਪੱਸਵੀ ਆਪਣੇ ਅਸੂਲਾਂ ਨਾਲ ਕਦੇ ਸਮਝੌਤਾ ਨਹੀਂ ਕਰਦੇ ਤੇ ਓਹਨਾਂ ਡਾਇਰੈਕਟਰ ਵੱਜੋਂ ਫ਼ਿਲਮ "ਦੁੱਲਾ ਭੱਟੀ" ਛੱਡ ਦਿੱਤੀ। ਠਾਕਰ ਤਪੱਸਵੀ ਨੇ ਫਿਰ ਸਾਊਥ ਦੀ ਨੇਤ੍ਰੀ ਅਭਿਨੇਤਰੀ ਨੂੰ ਮੁੱਖ ਰੱਖ ਕਿ ਪੰਜਾਬੀ ਫਿਲਮ "ਰਾਜਨੀਤੀ " ਡਾਇਰੈਕਟ ਕੀਤੀ। ਇਸ ਵਿੱਚ ਓਹਨਾਂ ਨੇ ਟੀਨਾ ਘਈ ਨੂੰ ਪਰਦੇ ਤੇ ਖ਼ੂਬ ਚਮਕਾਇਆ। ਓਹ ਵਕਤ ਦੀ ਨਬਜ਼ ਨਾਲ ਚਲਣ ਵਾਲੇ ਨਿਰਦੇਸ਼ਕ ਹਨ ਤੇ ਓਹਨਾਂ ਨੇ ਇੱਕ ਹਿੰਦੀ ਫ਼ਿਲਮ ਡਾਕੂ ਰਾਣੀ ਤੇ ਵੀ ਬਣਾਈ। ਠਾਕਰ ਤਪੱਸਵੀ ਨੇ ਫ਼ਿਲਮ ਨਿਰਦੇਸ਼ਕਾਂ ਵਿੱਚ ਆਪਣਾ ਕਾਫੀ ਪ੍ਰਭਾਵ ਬਣਾ ਲਿਆ ਤੇ ਇੰਡੀਅਨ ਫ਼ਿਲਮ ਟੈਲੀਵਿਜ਼ਨ ਡਾਇਰੈਕਟਰ ਐਸੋਸੀਏਸ਼ਨ ਦੇ ਓਹ ਬੋਰਡ ਆਫ ਡਾਇਰੈਕਟਰਜ਼ ਵਿੱਚ ਵੀ ਰਹੇ।ਇਹ ਬਹੁਤ ਵੱਡਾ ਅਹੁਦਾ ਹੈ। ਓਹਨਾਂ ਨੇ ਵਕਤ ਦੇ ਹਿਸਾਬ ਨਾਲ ਦਰਸ਼ਕਾਂ ਦਾ ਮੂਡ ਸਮਝ ਕਿ ਥੋੜ੍ਹੇ ਬਜਟ ਵਿੱਚ ਮਨੋਰੰਜਕ ਫ਼ਿਲਮਾਂ ਦਿੱਤੀਆਂ। "ਕਾਮ ਗ੍ਰੰਥ" ਫ਼ਿਲਮ ਲਈ ਓਹਨਾਂ ਦੀ ਆਲੋਚਣਾ ਵੀ ਹੋਈ ਪਰ ਓਹਨਾਂ ਕਿਹਾ ਕਿ ਕੀ ਸਿਕਸ਼ਾ ਦੇਣ ਵਾਲੀ ਕੋਈ ਵੀ ਖੇਤਰ ਹੋਏ ਓਸ ਲਈ ਫ਼ਿਲਮ ਕਰਨੀ ਗੁਨਾਹ ਹੈ।ਠਾਕਰ ਤਪੱਸਵੀ ਨੇ "ਜੱਟ ਪਿੱਛੇ ਪੈ ਗਿਆ" ਫ਼ਿਲਮ ਵੀ ਨਿਰਦੇਸ਼ਤ ਕੀਤੀ ਤੇ ਚਰਚਿਤ ਹਿੰਦੀ ਫਿਲਮ "ਲੇਡੀ ਡਕੈਤ" ਵੀ ਨਿਰਦੇਸ਼ਤ ਕੀਤੀ। ਓਹਨਾਂ ਦੇ ਬੇਟੇ ਮਨਵੀਰ ਸਿੰਘ ਬਾਲੀਵੁੱਡ ਐਕਟਰ ਹਨ ਤੇ ਤੁਸ਼ਾਰ ਕਪੂਰ ਨਾਲ ਓਹ ਫ਼ਿਲਮ ਕਰ ਚੁੱਕੇ ਹਨ। ਪਾਕਿਸਤਾਨੀ ਨਾਇਕਾ ਸਨਾ ਵਾਲੀ ਫਿਲਮ ਤੇ ਓਹਨਾਂ ਕਿਹਾ ਕਿ ਸਾਡੇ ਨੇਤਾ ਫ਼ਿਲਮ ਰਾਹੀਂ ਦੋਸਤੀ ਦਾ ਹੱਥ ਵਧਾਉਣ ਲਈ ਸਰਗਰਮ ਹੋਏ, ਵੈਸੇ ਵੀ ਕਲਾ ਕਿਸੇ ਸਰਹੱਦ ਦੀ ਮੋਹਤਾਜ਼ ਨਹੀਂ ਹੈ। ਓਹਨਾਂ ਸ਼ਾਨ, ਮੋਆਮਰ ਰਾਣਾ ਨਾਲ ਫ਼ਿਲਮਜ਼ ਪਾਕਸਤਾਨੀ ਕਰਨ ਵਾਲੀ ਸਨਾ ਤੇ ਪਾਕਸਤਾਨੀ ਟੀਵੀ ਦੀ ਅਦਾਕਾਰਾ ਹਯਾ ਸਹਿਗਲ ਨੂੰ ਭਾਰਤੀ ਪੰਜਾਬੀ ਫ਼ਿਲਮ "ਦਿਲ ਪਰਦੇਸੀ ਹੋ ਗਿਆ" ਵਿੱਚ ਲਿਆ। ਠਾਕਰ ਤਪੱਸਵੀ ਆਖਦੇ ਨੇ ਕਿ ਨਾਸਿਰ ਚੁਣੌਤੀ ਤੇ ਇਫ਼ਤਖ਼ਾਰ ਠਾਕਰ ਤੇ ਹੁਣ ਇਧਰ ਕੰਮ ਕਰ ਰਹੇ ਪਾਕਿਸਤਾਨੀ ਕਲਾਕਾਰ ਹਨ ਓਹਨਾਂ ਬਹੁਤ ਸਾਲ ਪਹਿਲੇ ਸਨਾ ਨੂੰ ਹੀਰੋਇਨ ਲਿਆ ਤੇ ਪਾਕਸਤਾਨੀ ਕਲਾਕਾਰਾਂ ਦੀ ਆਮਦ ਇਧਰਲੀਆਂ ਪੰਜਾਬੀ ਫ਼ਿਲਮਾਂ ਵਿੱਚ ਕੀਤੀ। ਅੱਜ ਕਲ ਓਹ ਨਵੀਂ ਫਿਲਮ ਨਿਰਦੇਸ਼ਤ ਕਰਨ ਦੀ ਤਿਆਰੀ ਵਿੱਚ ਹਨ ਤੇ ਖੇਤਰੀ ਭਾਸ਼ਾ ਦੀਆਂ ਫ਼ਿਲਮਜ਼ ਦੇ ਅਧਿਕਾਰ ਵੀ ਲੈਂਦੇ ਹਨ। ਠਾਕਰ ਤਪੱਸਵੀ ਨੇ ਕਿਹਾ ਕਿ ਅੱਜ ਪੰਜਾਬੀ ਫ਼ਿਲਮਜ਼ ਵਕਤ ਨਾਲ ਤੁਰ ਰਹੀਆਂ ਹਨ ਪਰ ਫਿਰ ਵੀ ਸਾਡੇ ਕਲਾਕਾਰਾਂ ਵਿੱਚ ਪ੍ਰੋਫੈਸ਼ਨਲ ਹੋਣ ਦੀ ਘਾਟ ਹੈ। ਪੰਜਾਬੀ ਫ਼ਿਲਮਾਂ ਦੇ ਮਸ਼ਹੂਰ ਗੀਤਕਾਰ ਤੇ ਨਿਰਦੇਸ਼ਕ ਠਾਕਰ ਤਪੱਸਵੀ ਦੀ ਲੰਬੀ ਉਮਰ ਤੇ ਸਿਹਤਯਾਬੀ ਲਈ ਦੁਆ ਤੇ ਆਸ ਕਰਾਂਗੇ ਕਿ ਓਹ ਨਵੇਂ ਚਿਹਰਿਆਂ ਨੂੰ ਉਭਾਰਨ ਵਿੱਚ ਆਪਣਾ ਪੂਰਾ ਸਹਿਯੋਗ ਕਰਨਗੇ। **ਪੇਸ਼ਕਸ਼- ਅੰਮ੍ਰਿਤ ਪਵਾਰ**

# ਯਾਦਗਾਰੀ ਗੇਟਾਂ ਦੀ ਮਨਜ਼ੂਰੀ ਲਏ ਬਿਨਾਂ ਉਸਾਰੀ ’ਤੇ ਰੋਕ, ਬਿਨਾਂ ਮਨਜੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ ’ਤੇ ਰੋਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਰਿੱਟ ਪਟੀਸ਼ਨ (ਸਿਵਲ ਨੰ. 36 ਆਫ਼ 2009) ਵਿਚ ਮਿਤੀ 11।02।2010 ਰਾਹੀਂ ਪਾਸ ਕੀਤੇ ਹੁਕਮ ਦੀ ਰੋਸ਼ਨੀ ’ਚ ਜਲ ਸ੍ਰੋਤ ਮੰਤਰਾਲਾ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ–ਨਿਰਦੇਸ਼ਾਂ ਦੀ ਪਾਲਣਾ ਵਿਚ ਬੋਰਵੈੱਲਾਂ/ਟਿਊਬਵੈੱਲਾਂ ਦੀ ਖੁਦਾਈ/ਮੁਰੰਮਤ ਦੇ ਮੱਦੇਨਜ਼ਰ ਸ਼ਹਿਰੀ ਅਤੇ ਪੇਂਡੂ ਖੇਤਰਾਂ ’ਚ ਕੱਚੀਆਂ ਖੂਹੀਆਂ ਅਤੇ ਟਿਊਬਵੈੱਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਨ੍ਹਾਂ ਬੋਰਵੈਲਾਂ ’ਚ ਗਿਰਨ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਬਿਨਾਂ ਮਨਜੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ ’ਤੇ ਰੋਕ ਲਗਾਉਂਦਿਆਂ, ਇਸ ਲਈ ਸਮਰੱਥ ਅਧਿਕਾਰੀ ਪਾਸੋਂ ਬਾ–ਸ਼ਰਤ ਪ੍ਰਵਾਨਗੀ ਲਾਜ਼ਮੀ ਕਰ ਦਿੱਤੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਤਹਿਤ ਜਾਰੀ ਹੁਕਮ ਅਨੁਸਾਰ ਜ਼ਮੀਨ ਮਾਲਕ ਵਾਸਤੇ ਬੋਰਵੈੱਲ ਪੁੱਟਣ ਤੋਂ ਪਹਿਲਾਂ ਸਬੰਧਤ ਜ਼ਿਲ੍ਹਾ ਕੁਲੈਕਟਰ, ਸਬੰਧਤ ਗ੍ਰਾਂਮ ਪੰਚਾਇਤ, ਨਗਰ ਕੌਂਸਲ, ਜਨ ਸਿਹਤ ਵਿਭਾਗ, ਭੂਮੀ ਰੱਖਿਆ ਵਿਭਾਗ (ਗਰਾਊਂਡ ਵਾਟਰ) ਨੂੰ 15 ਦਿਨ ਪਹਿਲਾਂ ਸੂਚਿਤ ਕਰਨਾ ਜ਼ਰੂਰੀ ਹੋਵੇਗਾ। ਇਸ ਦੇ ਨਾਲ ਹੀ ਬੋਰਵੈੱਲ ਕਰਨ ਵਾਲੀ ਡਰਿਲਿੰਗ ਏਜੰਸੀ ਦੇ ਨਾਂ ਅਤੇ ਰਜਿਸਟ੍ਰੇਸ਼ਨ ਨੰਬਰ ਅਤੇ ਜ਼ਮੀਨ ਮਾਲਕ ਦੇ ਪੂਰੇ ਨਾਮ ਤੇ ਪਤੇ ਵਾਲਾ ਸਾਈਨ ਬੋਰਡ, ਸਬੰਧਤ ਬੋਰ ਕਰਨ ਵਾਲੀ ਥਾਂ ਨੇੜੇ ਹੋਣਾ ਲਾਜ਼ਮੀ ਹੈ। ਬੋਰਵੈੱਲ ਦੇ ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ ਬੋਲਟ ਲਗਾ ਕੇ ਬੰਦ ਕਰਨਾ ਲਾਜ਼ਮੀ ਹੋਵੇਗਾ। ਬੋਰਵੈੱਲ ਦੇ ਆਲੇ–ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫ਼ਾਰਮ ਜੋ ਜ਼ਮੀਨੀ ਪੱਧਰ ਤੋਂ 0।30 ਮੀਟਰ ਨੀਵਾਂ ਅਤੇ 0।30 ਮੀਟਰ ਉੱਚਾ ਹੋਵੇ, ਦੀ ਉਸਾਰੀ ਲਾਜ਼ਮੀ ਹੋਵੇਗੀ।

ਇਸ ਤੋਂ ਇਲਾਵਾ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਉਪਰੰਤ ਜੇਕਰ ਖਾਲੀ ਥਾਂ ਕੋਈ ਹੋਵੇ ਤਾਂ ਉਸ ਨੂੰ ਮਿੱਟੀ ਨਾਲ ਭਰਿਆ ਜਾਵੇ ਅਤੇ ਕੰਮ ਪੂਰਾ ਹੋਣ ਉਪਰੰਤ ਜ਼ਮੀਨੀ ਪੱਧਰ ਨੂੰ ਪਹਿਲਾ ਜਿਹਾ ਕੀਤਾ ਜਾਵੇ। ਖੂਹ ਜਾਂ ਬੋਰਵੈਲ ਨੂੰ ਕਿਸੇ ਵੀ ਹਾਲਤ ’ਚ ਖਾਲੀ ਨਾ ਛੱਡਿਆ ਜਾਵੇ। ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਲਵੇਗਾ ਅਤੇ ਉਨ੍ਹਾਂ ਦੀ ਦੇਖ–ਰੇਖ ਤੋਂ ਬਿਨਾਂ ਕੰਮ ਨਹੀਂ ਕਰਵਾਏਗਾ।

ਪੇਂਡੂ ਇਲਾਕੇ ’ਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ ’ਚ ਜਨ ਸਿਹਤ ਵਿਭਾਗ, ਭੂਮੀ ਰੱਖਿਆ (ਗਰਾਂਊਂਡ ਵਾਟਰ), ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਇੰਜੀਨੀਅਰਾਂ ਵੱਲੋਂ ਆਪਣੇ–ਆਪਣੇ ਅਧਿਕਾਰ ਖੇਤਰ ਦੀ ਇਸ ਸਬੰਧੀ ਬਾਕਾਇਦਾ ਰਿਪੋਰਟ ਵੀ ਤਿਆਰ ਕਰਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਹਰ ਮਹੀਨੇ ਭੇਜੀ ਜਾਵੇਗੀ। ਇਹ ਮਨਾਹੀ ਦੇ ਹੁਕਮ 30 ਨਵੰਬਰ, 2024 ਤੱਕ ਲਾਗੂ ਰਹਿਣਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਔਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਯੂਬਾ ਸਿਟੀ 'ਚ ਅਮਿੱਟ ਪੈੜਾਂ ਛੱਡ ਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਦਾ ਮੇਲਾ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

**ਯੂਬਾ ਸਿਟੀ (ਪ੍ਰੇਮ ਕੁਮਾਰ ਚੁੰਬਰ)–** ਲੰਘੇ ਐਤਵਾਰ 5 ਅਕਤੂਬਰ 2024 ਨੂੰ 'ਦੀ ਗਦਰ ਹੈਰੀਟੇਜ਼ ਫਾਊਂਡੇਸ਼ਨ' ਅਤੇ 'ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜੇਸ਼ਨ' ਯੂਬਾ ਸਿਟੀ ਨੇ ਸੰਯੁਕਤ ਰੂਪ 'ਚ ਭਾਰਤ ਨੂੰ ਆਜ਼ਾਦ ਕਰਾਉਣ ਵਾਲੇ ਮਹਾਨ ਦੇਸ਼ ਭਗਤ ਅਣਖੀਲੇ ਗਦਰੀ ਯੋਧੇ ਜਾਨਿਕਿ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਅਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਸਥਾਨਕ Anderos Karperos School, 1666 Camino DE Flores Yuba City ਵਿਖੇ ਗਦਰੀ ਮੇਲਾ ਕੀਤਾ ਗਿਆ, ਜਿਸ ਵਿਚ ਦੂਰੋਂ-ਨੇੜਿਓਂ ਲੋਕਾਂ ਨੇ ਹਾਜ਼ਰੀਆਂ ਲਗਾ ਕੇ ਦਰਸਾ ਦਿੱਤਾ ਕਿ ਉਹ ਗਦਰੀ ਬਾਬਿਆਂ ਨੂੰ ਕਿੰਨਾ ਪਿਆਰ ਅਤੇ ਯਾਦ ਕਰਦੇ ਹਨ।

ਮੇਲੇ ਦਾ ਸਟੇਜ ਸੰਚਾਲਨ ਨਾਮਵਰ ਸ਼ਖਸੀਅਤ ਬੀਬੀ ਆਸ਼ਾ ਸ਼ਰਮਾ ਨੇ ਬਾਖੂਬੀ ਨਾਲ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ ਪ੍ਰਸਿੱਧ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਸ੍ਰੀ ਰਾਜ ਬਰਾੜ ਨੂੰ ਸੱਦਾ ਦਿੱਤਾ, ਜਿਹਨਾਂ ਦੋ-ਤਿੰਨ ਗੀਤਾਂ ਨਾਲ ਸਾਂਝ ਪਾਈ। ਉਸ ਉਪਰੰਤ ਸ੍ਰੀ ਤਰਲੋਕ ਜੌਹਲ ਦੇ ਪੋਤਰੇ ਅਤੇ ਨਵੀਤ ਜੌਹਲ ਦੇ ਸਪੁੱਤਰ ਇਵਾਨ ਜੌਹਲ ਨੇ ਇਕ ਗੀਤ ਤੇ ਆਈਟਮ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਉਪਰੰਤ ਬੇਟੀ ਸਿਮਰਨਜੀਤ ਕੌਰ ਭਗਾਨੀਆ ਨੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ 'ਤੇ ਗੀਤ ਗਾ ਕੇ ਦਰਸ਼ਕਾਂ ਨੂੰ ਦਰਸਾ ਦਿੱਤਾ ਕਿ ਕੁੜੀਆਂ 'ਚ ਵੀ ਦੇਸ਼-ਕੌਮ ਪ੍ਰਤੀ ਜਜ਼ਬਾ ਭਰਿਆ ਪਿਆ ਹੈ। ਇਸੇ ਤਰ੍ਹਾਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਹੋਰ ਗਦਰੀ ਬਾਬਿਆਂ ਨੂੰ ਸਮਰਪਿਤ ਗੀਤ ਨਾਮਵਰ ਗੀਤਕਾਰ ਅਤੇ ਗਾਇਕ ਸ੍ਰੀ ਜੀਵਨ ਰੱਤੂ ਨੇ ਬਹੁਤ ਸੁਰੀਲੀ ਮਨਮੋਹਕ ਆਵਾਜ਼ 'ਚ ਗੀਤ ਗਾ ਕੇ ਦਰਸ਼ਕਾਂ ਦੀ ਇਕਾਗਰਤਾ ਨੂੰ ਬਣਾਏ ਰੱਖਿਆ। ਮੇਲੇ ਦੇ ਪ੍ਰਬੰਧਕਾਂ ਵੱਲੋਂ ਇਹਨਾਂ ਤਿੰਨਾਂ ਕਲਾਕਾਰਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ, ਜਿਸ ਦੇ ਉਹ ਹੱਕਦਾਰ ਵੀ ਸਨ।

ਇਸ ਉਪਰੰਤ ਭੈਣ ਆਸ਼ਾ ਸ਼ਰਮਾ ਨੇ ਕੁੜੀਆਂ-ਮੁੰਡਿਆਂ ਦੀ ਭੰਗੜਾ ਟੀਮ ਨੂੰ ਸਟੇਜ 'ਤੇ ਸੱਦਾ ਦਿੱਤਾ, ਜਿਸ ਦੀ ਅਗਵਾਈ ਗੈਰੀ ਬਾਸੀ ਨੇ ਬਾਖੂਬੀ ਨਾਲ ਨਿਭਾਈ ਅਤੇ ਰਿੱਕੀ ਨੇ ਪੰਜਾਬੀ ਢੋਲ ਵਜਾ ਕੇ ਕੁੜੀਆਂ-ਮੁੰਡਿਆਂ ਦੀ ਭੰਗੜਾ ਟੀਮ ਦੇ ਡਾਂਸ ਨਾਲ ਤਾਲ ਨਾਲ ਤਾਲ ਮਿਲਾ ਕੇ ਦਰਸ਼ਕਾਂ ਨੂੰ ਵੀ ਝੂੰਮਣ ਲਾ ਦਿੱਤਾ। ਕੁੜੀਆਂ-ਮੁੰਡਿਆਂ ਦੀ ਭੰਗੜਾ ਟੀਮ ਨੇ ਪਿਛਲੇ ਸਾਲ ਵੀ ਪੰਜਾਬੀ ਭੰਗੜੇ ਨਾਲ ਆਪਣੇ ਪੰਜਾਬੀ ਵਿਰਸੇ ਨਾਲ ਸੱਤ ਸਮੁੰਦਰੋਂ ਪਾਰ ਵੀ ਲੋਕਾਂ ਨੂੰ ਜੋੜੀ ਰੱਖਿਆ।

ਇਹਨਾਂ ਸਭਨਾਂ ਕਲਾਕਾਰਾਂ ਲਈ ਸਾਊਂਡ ਦਾ ਪ੍ਰਬੰਧ ਸ੍ਰੀ ਮਨਜੀਤ ਰੱਲ੍ਹ ਨੇ ਕੀਤਾ ਅਤੇ ਮਿਊਜ਼ਿਕ ਸ੍ਰੀ ਨਰਿੰਦਰ ਬੱਗਾ ਤੇ ਉਹਨਾਂ ਦੇ ਸਾਥੀਆਂ ਭੁਪਿੰਦਰ ਭਿੰਦਾ ਅਤੇ ਸਨੀ ਸਿੰਘ ਨੇ ਵਧੀਆ ਸਾਥ ਦਿੱਤਾ। ਮੇਲੇ 'ਚ ਜਿੱਥੇ ਚਾਹ-ਪਾਣੀ ਤੇ ਖਾਣੇ ਦਾ ਵਧੀਆ ਪ੍ਰਬੰਧ ਤਾਜ ਰੈਸਟੋਰੈਂਟ ਇੰਡੀਅਨ ਕੁਜ਼ੀਨ ਵੱਲੋਂ ਕੀਤਾ ਜਾ ਰਿਹਾ ਸੀ, ਉਥੇ ਦਰਸ਼ਕਾਂ ਨੂੰ ਗਦਰੀ ਬਾਬਿਆਂ ਦੀਆਂ ਫੋਟੋਆਂ ਅਤੇ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਬਣੇ ਹੋਏ ਸਨ।

ਗਦਰੀ ਬਾਬਿਆਂ ਦੀ ਇੰਨੀ ਵੱਡੀ ਗਿਣਤੀ 'ਚ ਫੋਟੋਆਂ ਨੂੰ ਇਕੱਠਾ ਕਰਨਾ ਅਤੇ ਉਹਨਾਂ ਦੇ ਨਾਵਾਂ ਨੂੰ ਦਰਸਾਉਣਾ ਕੋਈ ਛੋਟਾ ਕਾਰਜ ਨਹੀਂ ਸੀ ਅਤੇ ਗਦਰੀ ਬਾਬਿਆਂ ਦੇ ਜੀਵਨ ਨੂੰ ਦਰਸਾਉਂਦਿਆਂ ਅਤੇ ਸਮਾਜ ਨੂੰ ਵਧੀਆ ਅਤੇ ਨਰੋਈ ਸੇਧ ਦੇਣ ਵਾਲੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਉਣਾ ਵੀ ਬਹੁਤ ਹੀ ਸਲਾਹਣਯੋਗ ਕਾਰਜ ਸੀ। ਲੋਕਾਂ ਵਿਚ ਗਦਰੀ ਬਾਬਿਆਂ ਦੀ ਤਸਵੀਰਾਂ ਨੂੰ ਦੇਖਣਾ ਅਤੇ ਕਿਤਾਬਾਂ ਨੂੰ ਖਰੀਦਣਾ ਇਕ ਸ਼ੁਭ ਸੰਕੇਤ ਦਿੰਦਾ ਹੈ ਕਿ ਲੋਕ ਅਜਿਹੇ ਮੇਲਿਆਂ 'ਚ ਆਉਣਾ ਪਸੰਦ ਕਰਦੇ ਹਨ।

ਮੇਲੇ ਦੌਰਾਨ ਗਦਰੀ ਬਾਬਾ ਪੂਰਨ ਸਿੰਘ ਜੌਹਲ, ਜੋ ਇਕ ਇੰਜੀਨੀਅਰ ਅਤੇ ਪੱਤਰਕਾਰ ਵੀ ਸੀ ਅਤੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕੀਤਾ, ਮਗਰ ਪਰਿਵਾਰ ਨੂੰ ਇਹ ਖਬਰ ਵੀ ਨਹੀਂ ਸੀ ਕਿ ਉਹ ਜਿੰਦਾ ਵੀ ਹੈ? ਪ੍ਰੰਤੂ ਹੌਲੀ-ਹੌਲੀ ਪਤਾ ਚੱਲਿਆ ਕਿ ਗੁਰਦੁਆਰਾ ਸਾਹਿਬ ਸਟਾਕਟਨ ਅਨੁਸਾਰ ਉਸ ਦਾ ਅਕਾਲ ਚਲਾਣਾ 1962 'ਚ ਹੋ ਗਿਆ ਸੀ ਅਤੇ ਉਹ ਬਹੁਤਾ ਸਮਾਂ ਗਦਰੀ ਪਾਰਟੀ ਦੇ ਜੁਗਾਂਤਰਮ ਆਸ਼ਰਮ ਸਾਨਫਰਾਂਸਿਸਕੋ ਹੀ ਰਹੇ, ਦੀ ਦੋਹਤੀ ਸਰਦਾਰਨੀ ਸੰਤੋਖ ਕੌਰ ਸੁਪਤਨੀ ਸ. ਸੁਰਿੰਦਰ ਸਿੰਘ ਸ਼ੇਰਗਿੱਲ ਨੂੰ ਗਦਰੀ ਬਾਬਾ ਪੂਰਨ ਸਿੰਘ ਦੀ ਤਸਵੀਰ ਨਾਲ ਹੀ ਨਾਮਵਰ ਸ਼ਖਸੀਅਤ ਉਘੇ ਸਮਾਜ ਸੇਵੀ, ਕਿਸਾਨ ਮੋਰਚੇ ਦੌਰਾਨ ਡਾਕਟਰੀ ਸਹਾਇਤਾ ਕਰਨ ਵਾਲੇ ਡਾ. ਸਵੈਮਾਣ ਸਿੰਘ ਦੇ ਪਰਿਵਾਰ ਨੇ ਸਨਮਾਨ ਕੀਤਾ। ਡਾਕਟਰ ਸਵੈਮਾਣ ਸਿੰਘ ਕੁਝ ਰੁਝੇਵਿਆਂ ਕਾਰਨ ਆਪ ਨਹੀਂ ਆ ਸਕੇ ਪਰ ਪਿਛਲੇ ਸਾਲ ਮੇਲੇ ਦੌਰਾਨ ਹਾਜ਼ਰ ਵੀ ਸਨ ਤੇ ਆਪਣੇ ਵਿਚਾਰ ਵੀ ਸਾਂਝੇ ਕੀਤੇ ਸਨ।

ਸਿਆਣੇ ਕਹਿੰਦੇ ਹਨ ਤੇ ਕਹਾਵਤਾਂ ਪੜ੍ਹਦੇ-ਸੁਣਦੇ ਆਏ ਹਾਂ ਕਿ ਮੇਲਾ ਮੇਲੀਆਂ ਦਾ ਤੇ ਪੈਸਾ ਧੇਲੀਆਂ ਦਾ। ਇਹ ਮੇਲਾ ਭਾਵ ਇਕ-ਦੂਸਰੇ ਨੂੰ ਮੇਲ ਕਰਾਉਣ ਵਾਲਾ, ਵਿਚਾਰਾਂ ਦੀ ਸਾਂਝ ਪਾਉਣ ਵਾਲਾ ਸੀ। ਦਰਸ਼ਕਾਂ ਦਾ ਕਹਿਣਾ ਅਤੇ ਮੰਨਣਾ ਸੀ ਕਿ ਅਸਾਂ ਬਹੁਤ ਹਾਸਲ ਕਰਕੇ ਜਾਣ ਵਾਲੇ ਹਾਂ। ਅਜਿਹੀ ਸਾਂਝ ਪਾਉਣ ਵਾਲੇ ਇਤਿਹਾਸ ਦੇ ਪੰਨਿਆਂ ਨੂੰ ਦੁਹਰਾਉਣ ਵਾਲੇ, ਸਮਾਜਿਕ ਗਤੀਵਿਧੀਆਂ ਕਰਨ ਵਾਲੇ ਤੇ ਵਿਦਵਾਨ, ਪ੍ਰੋਫੈਸਰ ਮਨਜੀਤ ਸਿੰਘ ਨੇ ਉਚੇਚੇ ਤੌਰ 'ਤੇ ਵਿਸ਼ੇਸ਼ ਸੱਦੇ 'ਤੇ ਹਾਜ਼ਰ ਹੋ ਕੇ ਗਦਰੀ ਬਾਬਿਆਂ ਦੇ ਜੀਵਨ ਤੇ ਸੰਘਰਸ਼ਮਈ, ਗਦਰ ਅੰਦੋਲਨ ਤੇ ਬਾਖੂਬੀ ਵਿਚਾਰ ਸਾਂਝੇ ਕੀਤੇ ਤੇ ਉਹਨਾਂ ਦਾ ਵੀ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਧੰਨਵਾਦ ਅਤੇ ਸਨਮਾਨ ਕੀਤਾ ਗਿਆ।

ਵਿਸ਼ਵ ਚੇਤਨਾ ਲਈ ਬੜਾ ਜ਼ਰੂਰੀ ਹੈ ਕਿ ਮਨੁੱਖ ਅੰਧ-ਵਿਸ਼ਵਾਸਾਂ, ਕੱਟੜਤਾ, ਜਾਤੀਵਾਦੀ ਵਿਵਸਥਾ ਤੇ ਨਸਲਵਾਦ ਦੀ ਸੰਕੀਰਨਤਾ ਤੋਂ ਬਾਹਰ ਆਵੇ, ਦੂਜੇ ਧਰਮਾਂ ਦੇ ਲੋਕਾਂ ਨਾਲ ਸੰਵਾਦ ਕਰੇ। ਉਹਨਾਂ ਦੇ ਵਿਚਾਰਾਂ ਨੂੰ ਸੁਣੇ ਅਤੇ ਆਪਣੇ ਵਿਚਾਰ ਉਹਨਾਂ ਨਾਲ ਸਾਂਝ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਨਿਸ਼ਚਾ ਪ੍ਰਗਟਾਉਂਦਿਆਂ ਕਿਹਾ ਸੀ ਕਿ:-

*ਜਬ ਲਗੁ ਦੁਨੀਆ ਰਹੀਐ*
*ਨਾਨਕ ਕਿਛੁ ਸੁਣੀਐ ਕਿਛੁ ਕਹੀਐ।।*

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਵਾਦ-ਵਿਵਾਦ ਦਾ ਰਾਹ ਛੱਡ ਕੇ ਸੰਵਾਦ ਦਾ ਰਾਹ ਅਪਣਾਇਆ, ਸਾਂਝੀਵਾਲਤਾ ਦਾ ਸੰਕਲਪ ਪ੍ਰਗਟਾਇਆ। ਉਹ ਪੰਡਤਾਂ, ਜੋਗੀਆਂ, ਸੂਫੀਆਂ ਅਤੇ ਸੰਤਾਂ ਆਦਿ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਮਿਲੇ, ਉਹਨਾਂ ਨਾਲ ਵਿਚਾਰ-ਵਟਾਂਦਰਾ ਕੀਤਾ ਤੇ ਸੱਚ ਦਾ ਮਾਰਗ ਦਿਖਾਇਆ। ਇਸੇ ਤਰ੍ਹਾਂ ਦੀ ਸੋਚ ਨੂੰ ਦਰਸਾਉਂਦਾ ਨਾਟਕ ਡਾ. ਸਾਹਿਬ ਸਿੰਘ ਨੇ ਖੇਡਿਆ। ਨਾਟਕ ਦਾ ਨਾਂ ਸੀ ''ਧੰਨ ਲਿਖਾਰੀ ਨਾਨਕਾ''।

ਡਾ. ਸਾਹਿਬ ਸਿੰਘ ਇਸ ਨਟਕ ਦੇ ਖੁਦ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਹਨ। 'ਧੰਨ ਲਿਖਾਰੀ ਨਾਨਕਾ' ਨਾਟਕ ਬਹੁਤ ਹੀ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ। ਦਰਸ਼ਕਾਂ ਲਈ ਇਹ ਬੜਾ ਅਦਭੁਤ ਨਜ਼ਾਰਾ ਸੀ ਕਿ ਡਾ. ਸਾਹਿਬ ਸਿੰਘ ਨੇ ਇਕੱਲਿਆਂ ਹੀ ਇੰਨੀ ਦਿਆਨਤਦਾਰੀ ਨਾਲ ਨਿਭਾਇਆ ਕਿ ਦਰਸ਼ਕ ਪੂਰਾ ਸਮਾਂ ਇਕਾਗਰਤਾ ਨਾਲ ਸੁਣਦੇ/ਦੇਖਦੇ ਰਹੇ।

ਰਿਪੋਰਟ ਲੰਬੀ ਹੋ ਰਹੀ ਹੈ, ਜੇਕਰ ਇਸਨੂੰ ਹੋਰ ਵਿਸਥਾਰ ਨਾਲ ਲਿਖਣ ਲੱਗਿਆ ਤਾਂ ਸਮਾਂ ਲੱਗੇਗਾ। ਦੇਸ਼ ਦੁਆਬਾ ਦੇ ਸਤਿਕਾਰਯੋਗ ਪਾਠਕ ਸਾਹਿਬਾਨ ਨੂੰ ਮੇਰੀ ਸਨਿਮਰ ਬੇਨਤੀ ਹੈ ਕਿ ਸਾਡੇ ਯੂਟਿਊਬ ਚੈਨਲ ਦੇਸ਼ ਦੁਆਰਾ ਟੀ.ਵੀ. ਨੂੰ ਦੇਖਣਾ। ਅਸੀਂ ਜਲਦ ਹੀ ਉਸ ਉਪਰ ਕੁਝ ਅੰਸ਼ ਪੇਸ਼ ਕਰਨ ਜਾ ਰਹੇ ਹਾਂ, ਜਿਵੇਂ ਕਿ ਡਾ. ਸਾਹਿਬ ਸਿੰਘ ਨੇ ਪਹਿਲੇ 18 ਮਿੰਟ ਅਤੇ ਹੋਰ ਕਲਿਪ ਦਿਖਾਉਣ ਲਈ ਫੋਨ ਤੇ ਕਹਿ ਦਿੱਤਾ ਹੈ ਅਤੇ ਕੁਝ ਹਿੱਸਾ ਅਸੀਂ ਲਾਈਵ ਕਰਦੇ ਵਕਤ ਦੇਸ਼ ਦੁਆਬਾ ਜੋ ਸਾਡਾ ਫੇਸਬੁੱਕ ਅਕਾਊਂਟ ਹੈ, ਉਪਰ ਦਿਖਾਇਆ ਜਾ ਚੁੱਕਾ ਹੈ। ਉਮੀਦ ਹੈ ਆਪ ਪਸੰਦ ਕਰੋਗੇ।

ਇਸ ਤੋਂ ਇਲਾਵਾ ਮੇਲੇ ਦੀ ਸ਼ੁਰੂ 'ਚ ਸ੍ਰੀ ਅਮਰੀਕ ਖੰਡਾਲੀਆ ਨੇ ਕਾਫੀ ਜਾਣਕਾਰੀ ਸਾਂਝੀ ਕੀਤੀ ਸੀ ਕਿ 'ਦੀ ਗਦਰ ਹੈਰੀਟੇਜ਼ ਫਾਊਂਡੇਸ਼ਨ' ਦਾ ਪਹਿਲਾ ਨਾਂ ਪੰਜਾਬੀ ਪਿਉਪਲਜ਼ ਕਲਚਰਲ ਆਰਗੇਨਾਈਜੇਸ਼ਨ ਸੀ ਤੇ ਇਸ ਨਾਂ ਥੱਲੇ ਸਭ ਤੋਂ ਪਹਿਲਾ ਪ੍ਰੋਗਰਾਮ ਜੂਨ 1985 ਵਿਚ ਵੈਟਰਨ ਮੈਮੋਰੀਅਲ ਹਾਲ ਬਰਕਲੇ (ਕੈਲੇਫੋਰਨੀਆ) 'ਚ ਕੀਤੀ ਅਤੇ ਪ੍ਰਸਿੱਧ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੇ ਸੁਝਾਅ ਨਾਲ ਅਸੀਂ ਆਪਣੀ ਸੰਸਥਾ ਦਾ ਨਾਂ 'ਦੀ ਗਦਰ ਹੈਰੀਟੇਜ਼ ਫਾਊਂਡੇਸ਼ਨ' ਰੱਖ ਲਿਆ ਅਤੇ ਭਾਅ ਜੀ ਗੁਰਸ਼ਰਨ ਸਿੰਘ ਨੇ ਇਹ ਸਲਾਹ ਦਿੱਤੀ ਕਿ ਕੈਲੇਫੋਰਨੀਆ ਦੇ ਨਾਲ ਨਾਲ ਅਮਰੀਕਾ ਦੇ ਬਾਕੀ ਰਾਜਾਂ 'ਚ ਵੀ ਪ੍ਰੋਗਰਾਮ ਕਰਨੇ ਹਨ ਕਿਉਂਕਿ ਭਾਰਤ ਨੂੰ ਆਜ਼ਾਦ ਕਰਾਉਣ ਲਈ ਗਦਰੀ ਬਾਬਿਆਂ ਨੇ ਇਸੇ ਧਰਤੀ ਤੋਂ ਹੀ ਆਜ਼ਾਦੀ ਦਾ ਬਿਗਲ ਵਜਾਇਆ ਸੀ। ਸ੍ਰੀ ਖਡਾਲੀਆ ਨੇ ਇਹ ਵੀ ਕਿਹਾ ਕਿ ਗਦਰੀ ਬਾਬੇ ਵੱਖ-ਵੱਖ ਧਰਮਾਂ, ਵਰਗਾਂ, ਪ੍ਰਾਂਤਾਂ ਦੇ ਹੋਣ ਦੇ ਬਾਵਜੂਦ ਉਹਨਾਂ 'ਚ ਇਕ ਭਰਾਤਰੀ ਭਾਵ ਬਹੁਤ ਗਹਿਰਾ ਸੀ। ਇਸ ਗੱਲ ਦਾ ਜ਼ਿਕਰ ਪ੍ਰੋਫੈਸਰ ਜ਼ਰਗਨਜਮਾਇਰ ਮਾਰਕ ਨੂੰ ਇੰਟਰਵਿਊ ਦਿੰਦਿਆਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਵੀ ਕੀਤਾ ਸੀ ਕਿ ਗਦਰੀ ਬਾਬਿਆਂ 'ਚ ਕੋਈ ਜਾਤ-ਪਾਤ ਨਹੀਂ ਸੀ।

ਗਦਰੀ ਬਾਬਿਆਂ ਦੀ ਦਿਲੀ ਚਾਹਤ ਸੀ ਮੁਲਕ ਨੂੰ ਆਜ਼ਾਦ ਕਰਵਾ ਕੇ ਜਾਤ-ਪਾਤ ਤੋਂ ਵੀ ਮੁਕਤ ਕਰਨਾ ਹੈ ਤਾਂ ਕਿ ਲੋਕਾਂ ਵਿਚ ਭਰਾਤਰੀ ਭਾਵ ਹੋਵੇ ਤੇ ਅਮਨ ਅਮਾਨ ਦਾ ਜੀਵਨ ਜੀਅ ਸਕਣ। ਸ੍ਰੀ ਖਡਾਲੀਆ ਨੇ ਵਿਸ਼ੇਸ਼ ਤੌਰ ਤੇ ਬਾਬਾ ਸੋਹਣ ਸਿੰਘ ਭਕਨਾ, ਬਾਬਾ ਮੌਲਵੀ ਬਰਕਤਉਲਾ ਖਾਨ, ਲਾਲ ਹਰਦਿਆਲ ਜੀ, ਕਰਤਾਰ ਸਿੰਘ ਸਰਾਭਾ ਅਤੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਵਿਸ਼ੇਸ਼ ਜ਼ਿਕਰ ਕੀਤਾ ਕਿ ਉਹ ਬੜੇ ਨਿਧੜਕ ਯੋਧੇ ਗਦਰੀ ਬਾਬੇ ਸਨ।

ਅਖੀਰ ਸ੍ਰੀ ਅਮਰੀਕ ਖਡਾਲੀਆ ਨੇ ਸਾਰੇ ਸਪਾਂਸਰ ਸਾਹਿਬਾਨ, ਦਰਸ਼ਕਾਂ, ਕਲਾਕਾਰਾਂ, ਬੁਲਾਰਿਆਂ, ਨਾਟਕਕਾਰ, ਸਾਊਂਡ, ਮਿਊਜ਼ਿਕ ਤੇ ਮੀਡੀਏ ਦਾ ਧੰਨਵਾਦ ਕੀਤਾ, ਜਿਹਨਾਂ ਦੇ ਸੰਪੂਰਨ ਸਹਿਯੋਗ ਨਾਲ ਪੂਰਾ ਸਮਾਗਮ ਨਿਰਵਿਘਨ ਤੇ ਸ਼ਾਂਤਮਈ ਮਾਹੌਲ ਵਿਚ ਸਮਾਪਤ ਹੋਇਆ।

# ਯੂਬਾ ਸਿਟੀ 'ਚ ਅਮਿੱਟ ਪੈੜਾਂ ਛੱਡ ਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਦਾ ਮੇਲਾ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'








# ਯੂਬਾ ਸਿਟੀ 'ਚ ਅਮਿੱਟ ਪੈੜਾਂ ਛੱਡ ਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਦਾ ਮੇਲਾ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'












# ਯੂਬਾ ਸਿਟੀ 'ਚ ਅਮਿੱਟ ਪੈੜਾਂ ਛੱਡ ਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਦਾ ਮੇਲਾ








ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

# ਯੂਬਾ ਸਿਟੀ 'ਚ ਅਮਿੱਟ ਪੈੜਾਂ ਛੱਡ ਗਿਆ ਗਦਰੀ ਬਾਬਿਆਂ ਦੀ ਯਾਦ ਵਿਚ ਗਦਰੀ ਬਾਬਿਆਂ ਦਾ ਮੇਲਾ







ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'














NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

Raja SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS

ਪੰਜਾਬੀ ਫ਼ੈਸ਼ਨ ਦਾ
ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

